# EDUCATION DEPARTMENT
## PUNJAB.

# FOURTH PUNJABI READER.
## ਪੰਜਾਬੀ ਦੀ ਚੌਥੀ ਪੋਥੀ

RAI SAHIB M. GULAB SINGH & SONS.
Mufid-i-Am Press
LAHORE.

11th Edition. 1916. Price 0-4-0.

1860

# ਸੂਚੀ ਪੱਤ੍ਰ

# ਪੰਜਾਬੀ ਦੀ ਚੌਥੀ ਪੋਥੀ ਦਾ

## ਜਨੌਰਾਂ ਦਾ ਵਰਣਨ


| ਨੰਬਰ ਮਜ਼ਮੂਨ | ਨੰਬਰ ਸਫ਼ੇ ਤੋਂ ਸਫ਼ੇ ਤਕ |
|---|---|
| ੧ ਬੱਕਰੀ | ੧–੫ |
| ੨ ਸ਼ੀਂਹ | ੫–੨੦ |
| ੩ ਲ਼ੱਕੜ ਬੱਗਾ ਯਾ ਚਰਖ਼ | ੨੦–੨੨ |
| ੪ ਰਿੱਛ | ੨੩–੨੮ |
| ੫ ਗਾਹਲੜ | ੨੮–੩੨ |
| ੬ ਚਕਚੂੰਧਰ | ੩੨–੩੫ |
| ੭ ਕੰਗਰੂ | ੩੬–੩੯ |
| ੮ ਸੀਲ ਅਰਥਾਤ ਜਲਚਰ ਵੱਛਾ | ੪੦–੪੬ |


## ਪੰਖੇਰੂਆਂ ਦਾ ਬ੍ਰਿਤਾਂਤ


| | |
|---|---|
| ੯ ਉੱਲੂ | ੪੬–੫੨ |
| ੧੦ ਕਾਲਕਲਿੱਚੀ | ੫੩–੫੬ |


| ਨੰਬਰ ਮਜ਼ਮੂਨ | | | ਨੰਬਰ ਸਫ਼ੇ ਤੋਂ ਸਫ਼ੇ ਤਕ |
|---|---|---|---|
| ੧੧ ਗਰੜ ਪੰਖ | .... | ... | ੫੭–੬੧ |
| ੧੨ ਬਿਜੜਾ | .... | .... | ੬੧–੬੭ |
| ੧੩ ਸ਼ਕਰਖ਼ੋਰਾ ਯਾ ਫੁਲ ਸੁੰਘਣੀ | .... | | ੬੭–੭੦ |
| ੧੪ ਕਠਫੋੜਾ | .... | .... | ੭੧–੭੫ |
| ੧੫ ਬਟੇਰਾ | .... | .... | ੭੫–੭੯ |
| ੧੬ ਹਵਾਸਿਲ | .... | .... | ੭੯–੮੨ |
| ੧੭ ਕੂੰਜ | .... | .... | ੮੩–੮੬ |
| ੧੮ ਸ਼ੁਤਰਮੁਰਗ | .... | .... | ੮੬–੯੨ |


## ਕੀੜਿਆਂ ਦਾ ਵਰਣਨ


| | | | |
|---|---|---|---|
| ੧੯ ਪੱਟ ਦੇ ਕੀੜੇ | .... | .... | ੯੩ ੧੦੧ |
| ੨੦ ਮਧੁਮੱਖੀ | .... | .... | ੧੦੧–੧੧੩ |
| ੨੧ ਸੇਉਂਕ | .... | .... | ੧੧੩–੧੧੯ |
| ੨੨ ਲਾਖ ਦਾ ਕੀੜਾ | .... | .... | ੧੧੯–੧੨੪ |
| ੨੩ ਮਗਰ ਮੱਛ | .... | .... | ੧੨੪–੧੩੨ |
| ੨੪ ਮੋਤੀ | .... | .... | ੧੩੨–੧੪੧ |

# ਬਿਰਛਾਂ ਦਾ ਵਰਣਨ


| ਨੰਬਰ ਮਜ਼ਮੂਨ | ਨਬਰ ਸਫ਼ੇ ਤੋਂ ਸਫ਼ ਤਕ |
|---|---|
| ੨੫ ਨਰੰਗੀ .... .... | ੧੪੧–੧੪੭ |
| ੨੬ ਪੋਸਤ .... .... | ੧੪੯–੧੫੪ |
| ੨੭ ਗੁਲਾਬ .... .... | ੧੫੫–੧੬੨ |
| ੨੮ ਚੰਨਣ ਦਾ ਬਿਰਛ .... .... | ੧੬੨–੧੬੭ |
| ੨੯ ਦੇਉਦਾਰ ਯਾ ਦਿਆਰ ਦਾ ਬਿਰਛ | ੧੬੭–੧੭੭ |
| ੩੦ ਵੰਝ .... .... | ੧੭੭–੧੮੪ |
| ੩੧ ਚੰਦ੍ਰਮਾਂ .... .... | ੧੮੪–੧੯੦ |



ਬੱਕਰੀ

# ਪੰਜਾਬੀ ਦੀ ਚੌਥੀ ਪੋਥੀ

—o—

# ਜਨੌਰਾਂ ਦਾ ਵਰਣਨ ॥

## ਬੱਕਰੀ

ਗਾਈਂ ਦੀ ਵਾਰਤਾ ਤੁਸੀਂ ਪੜ੍ਹ ਚੁੱਕੇ ਹੋ, ਉੱਸੇ ਦੀ ਭਰ੍ਹਾਂ ਬੱਕਰੀ ਦੇ ਉਦਰ ਵਿਖੇ ਬੀ ਚਾਰ ਰੱਖਨੇ ਹਨ, ਤੁਹਾਨੂੰ ਚੇਤੇ ਹੈ ? ਉਗਾਲੀ ਬੀ ਓਂਵੇਂ ਕਰਦੀ ਹੈ, ਖੁਰ ਬੀ ਵਿਚਕਾਰੋਂ ਪਾਟੇ ਹੁੰਦੇ ਹਨ। ਇਸ,ਦੇ ਸਿੰਗ ਪੋਲੇ ਹੁੰਦੇ ਹਨ, ਗਾਈਂ, ਮਹੀਂ, ਭੇਡ, ਹਰਨ ਦੇ ਸਿੰਗ ਬੀ ਅਜੇਹੇ ਹੀ ਹਨ। ਇਨ੍ਹਾਂ ਸਭਨਾਂ ਦੇ ਹੇਠਲੇ ਜਬਾੜ੍ਹੇ ਵਿੱਚ ਛੇ ਦੰਦ ਦੋ ਸੂਏ ਅਤੇ ਬਾਰਾਂ ਦਾੜ੍ਹਾਂ ਹੁੰਦੀਆਂ ਹਨ, ਛੇ ਇੱਕ ਪਾਸੇ, ਛੇ ਦੂਜੇ ਪਾਸੇ, ਉੱਪਰਲੇ ਜਬਾੜ੍ਹੇ ਵਿਖੇ ਨਿਰੀਆਂ ਬਾਰਾਂ ਦਾੜ੍ਹਾਂ ਹੀ ਹਨ, ਸਾਮ੍ਹਨੇ ਦੇ ਦੰਦ ਅਤੇ ਸੂਏ ਨਹੀਂ ਹੁੰਦੇ, ਪਰ ਮੋਟੇ ਅਤੇ ਨਿੱਗਰ ਮਸੂੜ੍ਹੇ ਹੁੰਦੇ ਹਨ, ਨਹੀਂ ਤਾਂ ਖਾਣ ਦੇ ਵੇਲੇ ਹਠਲੇ ਦੰਦ ਵੱਜਕੇ ਉਨ੍ਹਾਂ ਪੁਰ ਘਾਉ ਕਰਦੇ ॥

ਸਾਧਾਰਨ ਬੱਕਰੀਆਂ ਦੇ ਅੱਯੜਾਂ ਦੇ ਅੱਯੜ ਨਗਰ ਅਤੇ ਪਿੰਡਾਂ ਵਿਖੇ ਫਿਰਦੇ ਫ਼ਿਸਦੇ ਹਨ, ਉਨ੍ਹਾਂ ਤੇ ਤੁਹਾਡੇ

ਵੱਡੇ ਵੱਡੇ ਕੰਮ ਨਿਕਲਦੇ ਹਨ, ਕੇਹਾ ਮਿੱਠਾ ਦੁੱਧ ਦਿੰਦੀਆਂ ਹਨ ! ਬਹੁਤ ਲੋਕ ਉਨ੍ਹਾਂ ਦਾ ਮਾਸ ਖਾਂਦੇ ਹਨ, ਛੋਟੀ ਬੱਕਰੀ ਦਾ ਮਾਸ ਰਤੀ ਨਿੱਗਰ ਅਤੇ ਕੁਰਾੜਾ ਹੁੰਦਾ ਹੈ, ਬੱਚੇ ਦਾ ਮਾਸ ਇਸ ਦੇਸ ਵਿਖੇ ਲੋਕ ਵੱਡੀ ਚਾਹ ਨਾਲ ਖਾਂਦੇ ਹਨ, ਜਦ ਉਸ ਵਿਖੇ ਚੰਗੇ ਚੰਗੇ ਮਸਾਲੇ ਪਾਕੇ ਕੋਰਮਾ ਯਾ ਪੁਲਾਉ ਰਿੰਨ੍ਹਦੇ ਹਨ, ਤਾਂ ਬੜਾ ਸੁਆਦ ਹੁੰਦਾ ਹੈ॥

ਬਕਰੀ ਹਰ ਸੂਏ ਇੱਕ ਯਾ ਦੋ ਬੱਚੇ ਦਿੰਦੀ ਹੈ । ਦੁੱਧ ਆਪਣੇ ਚਿੱਤ ਤੇ ਬਾਹਲਾ ਦਿੰਦੀ ਹੈ । ਉਹ ਸੁਭਾਉ ਦੀ ਅਜੇਹੀ ਤਕੜੀ ਹੈ, ਕਿ ਸੀਤ ਯਾ ਤਾਉ ਨੂੰ ਰਤੀ ਨਹੀਂ ਮੰਨਦੀ, ਭਾਵੇਂ ਕੇਹਾ ਹੀ ਭਾਰਾ ਤਾਉ ਪਏ, ਅਤੇ ਕੇਹਾ ਹੀ ਬਾਹਲਾ ਕੱਕਰ ਪਏ, ਉਸਨੂੰ ਸਭ ਇੱਕ ਜੇਹਾ ਹੈ। ਟਸ-ਤਿਆਂ ਦੇ ਕੰਢੇ ਅਤੇ ਪੱਧਰ ਵਿਖੇ ਇਧਰੋਂ ਉਧਰੋਂ ਚਰ ਚੁਗਕੇ ਢਿੱਡ ਭਰ ਲੈਂਦੀ ਹੈ, ਕੋਈ ਹੋਰ ਜਨੌਰ ਹੋਏ ਤਾਂ ਭੁੱਖਾ ਮਰ ਜਾਏ । ਇਹ ਵੱਡੀ ਚੁਸਤ ਅਤੇ ਉੱਦਮਣ ਹੈ, ਪਰਬਤਾਂ ਪੁਰ, ਜਿੱਥੇ ਮਨੁੱਖ ਨਹੀਂ ਚੜ੍ਹ ਸਕਦਾ ਉੱਥੇ ਇਹ ਜਾ ਚੜ੍ਹਦੀ ਹੈ, ਜਿਸ ਉਚਾਈ ਪੁਰ ਚੜ੍ਹਕੇ ਸਿਰ ਭੌਂਦਲ ਜਾਏ, ਉੱਥੇ ਬੇਡਰ ਟਪੋਸੀਆਂ ਮਾਰਦੀ ਫਿਰਦੀ ਹੈ, ਕਦੇ ਇੱਕ ਤ੍ਰਿੱਖਦੇ ਵਿੰਗੇ ਢੇ ਪੁਰ ਖਲੋਤੀ ਦਿਸਦੀ ਹੈ, ਕਿ ਉਸਦੀਆਂ ਕੂਲੀਆਂ ਕੂਲੀਆਂ ਨਿੱਕੀਆਂ ਨਿੱਕੀਆਂ...

ਕੂਮਲੀਆਂ ਚੁਣ ਚੁਣ ਕੇ ਖਾਏ। ਹਰੀਆਂ ਹਰੀਆਂ ਕੂਮ-
ਲੀਆਂ ਇਹਨੂੰ ਬਹੁਤ ਭਾਉਂਦੀਆਂ ਹਨ, ਇੱਸੇ ਲਈ
ਨਵਿਆਂ ਬੂਟਿਆਂ ਲਈ ਇੱਕ ਬਲਾ ਹੈ, ਪਰ ਜੇ ਨਾ
ਮਿਲਣ, ਤਾਂ ਕੁਛ ਧਿਆਨ ਬੀ ਨਹੀਂ, ਜੋ ਵੇਂਹਦੀ ਹੈ,
ਖਾ ਲੈਂਦੀ ਹੈ। ਚਾਰੇ ਦਾ ਤੋੜਾ ਹੋਵੇ, ਤਾਂ ਅੱਕ ਅਤੇ ਉਸ
ਕੋਲੋਂ ਬੀ ਨਿਵਿੱਟ ਥੋਹਰ ਦੀਆਂ ਕੌੜੀਆਂ ਪੱਤੀਆਂ ਖਾਕੇ
ਨਿਰਬਾਹ ਕਰਦੀ ਹੈ ॥

ਸਾਧਾਰਣ ਬੱਕਰੀਆਂ ਦੇ ਵਾਲ ਮੋਟੇ ਅਤੇ ਖੌਹਰੇ
ਹੁੰਦੇ ਹਨ, ਯਾ ਤਾਂ ਉਨ੍ਹਾਂ ਦੇ ਰੱਸੇ ਵੱਟਦੇ ਹਨ, ਯਾ ਪਲਾਨ
ਜ਼ੀਨ ਵਿਖੇ ਭਰਤੀ ਪਾਉਂਦੇ ਹਨ ॥

ਤਿੱਬਤ, ਲਦਾਖ਼ ਅਤੇ ਕਸ਼ਮੀਰ ਦਿਆਂ ਉੱਤਰੀ
ਪਹਾੜਾਂ ਵਿਖੇ ਇਕ ਪ੍ਰਕਾਰ ਦੀਆਂ ਬੱਕਰੀਆਂ ਹੁੰਦੀਆਂ
ਹਨ, ਉਨ੍ਹਾਂ ਦਿਆਂ ਕੂਲਿਆਂ ਕੂਲਿਆਂ ਲੂਆਂ ਨੂੰ ਜੋ ਖੱਲ
ਨਾਲ ਮਿਲੇ ਹੋਏ ਹੁੰਦੇ ਹਨ, ਵੰਭ ਕਹਿੰਦੇ ਹਨ, ਇਹ
ਅਤਿ ਸੁੰਦਰ, ਬਰੀਕ ਅਤੇ ਭੜਕਦਾਰ ਹੁੰਦੇ ਹਨ, ਕਸ਼-
ਮੀਰੀ ਸ਼ਾਲ, ਦੁਸ਼ਾਲੇ ਜੋ ਸਾਰੇ ਜਗਤ ਵਿਖੇ ਪ੍ਰਸਿੱਧ ਹਨ,
ਅਤੇ ਕਸ਼ਮੀਰੀ ਪਸ਼ਮੀਨਾ ਇਨ੍ਹਾਂ ਹੀ ਤੇ ਬਣਦਾ ਹੈ, ਕਹਿੰਦੇ
ਹੈਨ, ਕਿ ਘੱਟੋ ਘੱਟ ਦਸਾਂ ਬੱਕਰੀਆਂ ਦੀ ਵੰਭ ਨਾਲ ਡੂਢ
ਗਜ ਵਰਗ ਸ਼ਾਲ ਉਣੀ ਜਾਂਦੀ ਹੈ। ਲੰਮੇ ਅਤੇ ਮੋਟੇ ਵਾਲ

ਜੋ ਉੱਪਰ ਹੁੰਦੇ ਹਨ.ਓਹ ਢੇਭ ਕੋਲੋਂ ਘੱਟ ਕੰਮ ਆਉਂਦ ਹਨ। ਏਹ ਬੱਕਰੀਆਂ ਜਿਨ੍ਹਾਂ ਉੱਚਿਆਂ ੨ ਪਰਬਤਾਂ ਪੁਰ ਰਹਿੰਦੀਆਂ ਹਨ, ਉੱਥੇ ਪਾਲਾ ਢੇਰ ਪੈਂਦਾ ਹੈ, ਇਹ ਢੰਭ ਦੀ ਕੂਲੀ ਤਹ ਵੱਡਿਆਂ ਵਾਲਾਂ ਦੇ ਹੇਠਾਂ ਇਸ ਲਈ ਖੱਲ ਦੇ ਨਾਲ ਲੱਗੀ ਹੋਈ ਪਰਮੇਸੁਰ ਨੇ ਉਤਪੰਨ ਕੀਤੀ ਹੈ ਕਿ ਇਨ੍ਹਾਂ ਨੂੰ ਪਾਲਾ ਨ ਅਕਾਏ ॥

ਇੱਕ ਪ੍ਰਕਾਰ ਦੀਆਂ ਜਾਂਗਲੀ ਬੱਕਰੀਆਂ ਹਿਮਾ-ਲਯ ਦਿਆਂ ਉੱਚਿਆਂ ਉੱਚਿਆਂ ਪਰਬਤਾਂ ਪੁਰ ਰਹਿੰਦੀਆਂ ਹਨ ਜਿੱਥੇ ਮਨੁੱਖ ਦੀ ਪਹੁੰਚ ਔਖੀ ਹੈ, ਓਹੀ ਸ਼ਿਕਾਰੀ ਉਨ੍ਹਾਂ ਦਾ ਸ਼ਿਕਾਰ ਕਰਦੇ ਹਨ, ਜੋ ਵੱਡੇ ਪਰਾਕ੍ਰਮੀ ਹੁੰਦੇ ਹਨ, ਅਤੇ ਜਿਨ੍ਹਾਂ ਨੂੰ ਉੱਚਿਆਂ ਉੱਚਿਆਂ ਪਰਬਤਾਂ ਪੁਰ ਚੜ੍ਹਨ ਦੀ ਚੰਗੀ ਜਾਚ ਹੁੰਦੀ ਹੈ। ਓਹ ਸਾਧਾਰਣ ਬੱਕਰੀਆਂ ਕੋਲੋਂ ਵੱਡੀਆਂ ਹੁੰਦੀਆਂ ਹਨ, ਉਨ੍ਹਾਂ ਦੇ ਸਿੰਗ ਸੋਹਣੇ ਲੰਮੇ ਅਤੇ ਵਿੰਗੇ ਹੁੰਦੇ ਹਨ। ਉੱਥੇ ਦੇ ਲੋਕ ਇਨ੍ਹਾਂ ਸਿੰਗਾਂ ਨੂੰ ਮੰਦਰਾਂ ਦੀਆਂ ਕੰਧਾਂ ਪੁਰ ਲਾ ਦਿੰਦੇ ਹਨ, ਅਤੇ ਸ਼ਿਕਾਰੀ ਬੀ ਉਨ੍ਹਾਂ ਨੂੰ ਘਰਾਂ ਵਿਖੇ ਸਜਾ ਕੇ ਆਪਣੇ ਕਰਤਬ ਦਾ ਗੁਣ ਦਿਖਾਉਂ-ਦੇ ਹਨ। ਪੰਜਾਬ ਦਿਆਂ ਪਹਾੜਾਂ ਵਿਖੇ ਜਿੱਥੋਂ ਸਤਲੁਜ ਨਿਕਲਦਾ ਹੈ, ਇਸ ਬੱਕਰੀ ਨੂੰ ਖੇਲ ਕਹਿੰਦੇ ਹਨ ਅਤੇ ਕਸ਼ਮੀਰ ਵਿਖੇ ਸਕੀਨ॥



ਸ਼ੀਂਹ

S.M.; MAYO-SCHOOL OF ART, LAHORE.

ਇਸ ਦੀ ਉੱਨ ਦੀਆਂ ਜੁਰਾਬਾਂ, ਦਸਤਾਨੇ ਅਤੇ ਇਕ ਪ੍ਰਕਾਰ ਦਾ ਮਹੀਨ ਅਤੇ ਸੋਹਣਾ ਪਸ਼ਮੀਨਾ ਬਣਦਾ ਹੈ। ਪਰਬਤਾਂ ਵਿਖੇ ਇਸ ਦਿਆਂ ਉੱਪਰਲਿਆਂ ਉੱਪਰ-ਲਿਆਂ ਵਾਲਾਂ ਦੇ ਰੱਸੇ ਵੱਟਦੇ ਅਤੇ ਤੰਬੂਆਂ ਲਈ ਮੋਟੇ ਕੰਬਲ ਬਣਾਉਂਦੇ ਹਨ॥

ਪੱਛਮੀ ਹਿਮਾਲਯ ਅਤੇ ਅਫ਼ਗਾਨਿਸਤਾਨ ਦਿਆਂ ਪਹਾੜਾਂ ਵਿਖੇ ਇਕ ਬੱਕਰਾ ਮਾਰਖੰਡ ਨਾਉਂ ਤੇ ਪ੍ਰਸਿੱਧ ਹੈ। ਉਸਦਾ ਡੀਲ ਡੌਲ ਅਤਿ ਵੱਡਾ ਹੁੰਦਾ ਹੈ, ਚਾਰ ਫੁੱਟ ਦੇ ਲਗ ਭਗ ਉੱਚਾ ਹੁੰਦਾ ਹੈ, ਜਾਣੋਂ ਚਗਾ ਭਲਾ ਟੱਟੂ ਹੈ। ਉਸਦਿਆਂ ਸਿੰਗਾਂ ਉੱਤੇ ਇਕ ਰੂਪ ਵਸਦਾ ਹੈ, ਓਹ ਚਾਰ ਚਾਰ ਫੁੱਟ ਤਕ ਲੰਮੇ ਹੁੰਦੇ ਹਨ॥

---

## ਸ਼ੀਂਹ

ਇਹ ਵੱਡਾ ਸੋਹਣਾ, ਛੈਲਾ ਅਤੇ ਬਲਵਾਨ ਜੀਵ ਹੈ। ਤੁਸੀ ਤੀਜੀ ਪੋਥੀ ਵਿਖੇ ਪੜ੍ਹ ਚੁੱਕੇ ਹੋ, ਕਿ ਇਸ ਦੀਆਂ ਕਈ ਗੱਲਾਂ ਬਿੱਲੀ, ਚਿਤ੍ਰੇ ਯਾ ਬਘੇਲੇ ਨਾਲ ਰਲ-ਦੀਆਂ ਮਿਲਦੀਆਂ ਹਨ, ਅਰਥਾਤ ਇਸਦੇ ਨਹੁੰ ਬੀ ਇਨ੍ਹਾਂ ਜੰਤੂਆਂ ਵਾਕਰ ਪੰਜੇ ਦੇ ਅੰਦਰ ਲੁਕੇ ਰਹਿੰਦੇ ਹਨ, ਜਦ

ਚਾਹੁੰਦਾ ਹੈ,ਨਿਕਲ ਆਉਂਦੇ ਹਨ,ਜੀਭ ਭੀ ਖੋਹਰੀ ਹੁੰਦੀ ਹੈ, ਕਿ ਜੋ ਮਾਸ ਹੱਡੀਆਂ ਨਾਲ ਚੰਬੜਿਆ ਹੋਏ, ਉਸ ਨਾਲ ਘਰੇੜ ਲੈਂਦਾ ਹੈ,ਇਨ੍ਹਾਂ ਹੀ ਵਾਕਰ ਪੱਬਾਂ ਦੇ ਭਾਰ ਟੁਰਦਾ ਹੈ, ਅੰਗੁਲੀਆਂ ਦੇ ਹੇਠਲੀ ਵੱਲ ਕੂਲਾ ਕੂਲਾ ਮਾਸ ਬੀ ਹੈ, ਕਿ ਤੁਰੇ ਤਾਂ ਪੈਛੜ ਨਾ ਮਲੂਮ ਹੋਏ, ਉਨ੍ਹਾਂ ਹੀ ਦੀਆਂ ਅੱਖਾਂ ਵਾਙ ਅੱਖਾਂ ਹਨ, ਜੋ ਦਿਨ ਰਾਤ ਬਰਾਬਰ ਵੇਖਦੀਆਂ ਹਨ, ਉਹੋ ਜੇਹੇ ਕੰਨ ਹਨ, ਕਿ ਰਤੀ ਬੀ ਬਿੜਕ ਹੋਇ ਤਾਂ ਤੁਰਤ ਸੁਣ ਲੈਂਦੇ ਹਨ। ਸ਼ੀਂਹ ਭਾਵੇਂ ਬਿੱਲੀ ਵਾਕਰ ਰੁੱਖ ਪੁਰ ਚੜ੍ਹ ਨਹੀਂ ਸਕਦਾ, ਪਰ ਬਹੁਤ ਚੁਸਤ ਹੈ, ਲਮੀਆਂ ਲੰਮੀਆਂ ਛਾਲਾਂ ਮਾਰਦਾ ਹੈ, ਇਸ ਦੀ ਹਰ ਚਾਲ ਵਿਖੇ ਸੁਹੱਪਣ ਅਤੇ ਛੈਲਾਪਨ ਵੇਖਿਆ ਜਾਂਦਾ ਹੈ। ਰੰਗ ਗੂੜ੍ਹਾ ਪੀਲ਼ਾ ਹੁੰਦਾ ਹੈ, ਪਰ ਭੜਕਦਾਰ, ਉਸ ਉੱਤੇ ਕਾਲੀਆਂ ਧਾਰੀਆਂ ਹੁੰਦੀਆਂ ਹਨ। ਪੇਟ,ਛਾਤੀ ਅਤੇ ਗਰਦਨ ਦੀ ਲੂਈਂ ਬੱਗੀ, ਸਿਰ ਦਿਆਂ ਦੋਹਾਂ ਪਾਸਿਆਂ ਦੇ ਲੰਮੇ ੨ ਵਾਲ ਵੀ ਉਹੋ ਜੇਹੇ ਹੁੰਦੇ ਹਨ। ਪੂਰੇ ਡੀਲ ਦਾ ਸ਼ੀਂਹ ਸਿਰ ਤੋਂ ਲੈ ਪੂਛਦੀ ਨੋਕ ਤੀਕ ਬਾਹਲਾ ਤਾਂ ਨੌਂ ਯਾ ਸਾਢੇ ਨੌਂ ਫੁੱਟ ਹੁੰਦਾ ਹੈ,ਕਈ ਦੱਸ ਫੁੱਟ ਬੀ, ਕਦੇ ਕਦੇ ਯਾਰਾਂ ਬਾਰਾਂ ਫੁੱਟ ਤਕ ਬੀ ਵੇਖਣ ਵਿੱਚ ਆਇਆ ਹੈ॥

ਸ਼ੀਂਹ ਹਿੰਦੁਸਤਾਨ ਦਿਆਂ ਜੰਗਲਾਂ, ਬਣਾਂ ਅਤੇ ਛੋਟਿਆਂ ਛੋਟਿਆਂ ਪਹਾੜਾਂ ਵਿਖੇ ਹੁੰਦੇ ਹਨ, ਅਤੇ ਬਾਹਲੇ ਸੰਘਣੀਆਂ ਝਾੜੀਆਂ ਵਿਖੇ ਰਹਿੰਦੇ ਹਨ, ਯਾ ਲੰਮੇ ਲੰਮੇ ਘਾ ਵਿਖੇ, ਯਾ ਨਦੀ ਦੇ ਕੰਢੇ ਝਾੜੀਆਂ, ਬੂਟਿਆਂ ਵਿਖੇ, ਕਈ ਵਾਰ ਪੁਰਾਣਿਆਂ ਮੰਦਰਾਂ ਪੁਰ, ਯਾ ਖੋਲਿਆਂ ਦੀਆਂ ਕੰਧਾਂ ਪੁਰ ਤ੍ਰੈ ਚਾਰ ਇਕੱਠੇ ਪਏ ਹੋਏ ਵਿਖਾਲੀ ਦਿੰਦੇ ਹਨ, ਐਉਂ ਤਾਂ ਏਸ਼ੀਆ ਦਿਆਂ ਹੋਰਨਾਂ ਦੇਸਾਂ ਵਿਖੇ ਬੀ ਸ਼ੀਂਹ ਹੁੰਦੇ ਹਨ, ਪਰ ਹਿੰਦੁਸਤਾਨ ਵਿਖੇ ਸਭਨਾਂ ਥਾਵਾਂ ਤੋਂ ਵਧੀਕ ਹਨ ॥

ਸ਼ੀਂਹਣੀ ਇੱਕ ਸੂਏ ਵਿਖੇ ਦੋ ਤੇ ਚਾਰ ਤਕ ਬੱਚੇ ਦਿੰਦੀ ਹੈ, ਅਤੇ ਜੰਗਲਾਂ ਵਿਖੇ ਬਾਹਲੀ ਅਜੇਹੀ ਥਾਂ ਜਣਦੀ ਹੈ, ਜਿੱਥੇ ਝਾੜੀਆਂ ਦਾ ਝੱਲ ਸੰਘਣਾ ਹੋਏ। ਬੱਚੇ ਜਦ ਤਕ ਆਪ ਸ਼ਿਕਾਰ ਨਹੀਂ ਕਰ ਸਕਦੇ, ਮਾਂ ਦੇ ਨਾਲ ਰਹਿੰਦੇ ਹਨ। ਇਹ ਬੱਚਿਆਂ ਨਾਲ ਬਹੁਤ ਹਿਤ ਕਰਦੀ ਹੈ, ਇਸਦਾ ਬੱਚਾ ਕੋਈ ਚਾ ਲੈਜਾਏ, ਤਾਂ ਤ੍ਰੈ ਚਾਰ ਰਾਤਾਂ ਲਗਾਤਾਰ ਉੱਥੇ ਹੀ ਇਧਰ ਉਧਰ ਪਈ ਰਹਿੰਦੀ ਹੈ, ਅਤੇ ਕ੍ਰੋਧ ਨਾਲ ਅੜਾਉਂਦੀ ਰਹਿੰਦੀ ਹੈ ॥

ਇਕ ਸਾਹਿਬ ਦਿਆਂ ਚਾਕਰਾਂ ਨੂੰ ਝੱਲ ਵਿਖੇ ਸ਼ੀਂਹ ਦੇ ਚਾਰ ਬੱਚੇ ਮਿਲ ਗਏ, ਓਹ ਉਨ੍ਹਾਂ ਵਿੱਚੋਂ ਦੋ ਲੈ

ਆਏ, ਅਤੇ ਆਪਣੇ ਸਾਈਂ ਦੀ ਭੇਟ ਕੀਤੇ। ਸਾਈਂ ਨੇ ਘੁੜਸਾਲ ਵਿਖੇ ਭੇਜ ਦਿੱਤੇ, ਉੱਥੇ ਬੱਚੇ ਕਈਆਂ ਰਾਤਾਂ ਤੋੜੀ ਚੀਕਦੇ ਰਹੇ। ਓੜਕ ਮਾਂ ਨੂੰ ਪਤਾ ਲਗ ਗਿਆ, ਓਹ ਅਜੇਹੇ ਕ੍ਰੋਧ ਨਾਲ ਭਰੀ ਹੋਈ ਆਈ, ਜਾਣੋ ਸਾਰੇ ਘੁੜਸਾਲ ਦਾ ਨਾਸ ਕਰ ਦੇਵੇਗੀ। ਸਾਈਂ ਦਾ ਜੀ ਬੀ ਨਾ ਕੀਤਾ,ਕਿ ਬੱਚਿਆਂ ਵਾਲੀ ਨੂੰ ਗੋਲ਼ੀ ਮਾਰੇ, ਪਰ ਉਸ ਦੇ ਮਾਰੇ ਬਿਨਾਂ ਬੱਚਿਆਂ ਨੂੰ ਬੀ ਰੱਖ ਨਹੀਂ ਸਕਦਾ ਸਾ, ਓੜਕ ਬੱਚਿਆਂ ਨੂੰ ਛੱਡ ਦਿੱਤਾ॥

ਸ਼ੀਂਹ ਚੌਖੁਰਾਂ ਦੇ ਸ਼ਿਕਾਰ ਦੀ ਚਾਹ ਵਾਲਾ ਹੁੰਦਾ ਹੈ, ਪਰ ਜੰਗਲੀ ਸੂਰਾਂ, ਬਾਰਾਂ ਸਿੰਗਿਆਂ, ਮਿਰਗਾਂ ਅਤੇ ਹੋਰਨਾਂ ਜੰਗਲੀ ਜੰਤੂਆਂ ਨੂੰ ਬੀ ਮਾਰ ਲੈਂਦਾ ਹੈ। ਪੱਠਾ ਸ਼ੀਂਹ ਵੱਡਾ ਡਾਢਾ ਹੁੰਦਾ ਹੈ, ਅਤੇ ਕਿਸੇ ਕਿਸੇ ਵੇਲੇ ਚਾਰ ਚਾਰ ਪੰਜ ਪੰਜ ਗਾਈਆਂ ਨੂੰ ਇੱਕੋ ਵਾਰ ਮਾਰ ਸਿੱਟਦਾ ਹੈ, ਪਰ ਬੁੱਢਾ ਸ਼ੀਂਹ ਬਹੁਤ ਆਪਣੀ ਭੁੱਖ ਜਿੰਨਾ ਸ਼ਿਕਾਰ ਕਰ ਲੈਂਦਾ ਹੈ। ਅਸਲ ਵਿੱਚ ਸ਼ੀਂਹ ਡਰਾਕਲ ਜੰਤੂ ਹੈ। ਜਦ ਕੋਈ ਉਸਦਾ ਸਾਮ੍ਹਣਾ ਕਰਦਾ ਹੈ, ਤਾਂ ਟਲ਼ ਜਾਂਦਾ ਹੈ, ਹਾਂ,ਜਾਂ ਫੱਟਿਆ ਯਾ ਛੇੜਿਆ ਹੋਇਆ ਹੁੰਦਾ ਹੈ, ਤਦ ਹਟਦਾ ਬੀ ਨਹੀਂ। ਬਹੁਤਾ ਦਿਨ ਭਰ ਤਾਂ ਲੁਕਿਆ ਰਹਿੰਦਾ ਹੈ,ਰਾਤ ਨੂੰ ਸ਼ਿਕਾਰ ਦੀ ਘਾਤ ਵਿੱਚ ਬਹਿੰਦਾ ਹੈ,

ਅਤੇ ਜਦ ਕੋਈ ਜੰਤੂ ਕਿਸੇ ਨਦੀ ਯਾ ਤਾਲ ਪੁਰ ਪਾਣੀ ਪੀਣ ਜਾਂਦਾ ਹੈ, ਤਾਂ ਇਕ ਛਲਾਂਗ ਮਾਰਦਾ ਹੈ, ਅਤੇ ਅਣਭੋਲ ਹੀ ਆ ਦੱਬਦਾ ਹੈ। ਕਦੇ ਅਜੇਹਾ ਬੀ ਹੁੰਦਾ ਹੈ ਕਿ ਸ਼ੀਂਹ ਜੰਗਲੀ ਸੂਰ ਪੁਰ ਪਿਆ, ਅਤੇ ਉਸ ਨੂੰ ਆਪਣਿਆਂ ਲੰਮਿਆਂ ਲੰਮਿਆਂ ਤ੍ਰਿੱਖਿਆਂ ਦੰਦਾਂ ਨਾਲ ਜੋ ਬਾਹਰ ਨਿਕਲੇ ਹੋਏ ਹੁੰਦੇ ਹਨ, ਉਸਨੂੰ ਚੀਰ ਸਿੱਟਿਆ ਹੈ। ਸ਼ੀਂਹ ਜਦ ਚੌਖੁਰਾਂ ਦੇ ਵੱਗ ਪੁਰ ਪੈਂਦਾ ਹੈ, ਤਾਂ ਕਿਸੇ ਵੇਲੇ ਓਹ। ਇਸ ਦੇ ਵੱਸ ਵਿੱਚ ਨਹੀਂ ਆਉਂਦੇ, ਸਗੋਂ ਸਾਮ੍ਹਣਾ ਕਰਕੇ ਮਾਰ ਹਟਾਉਂਦੇ ਹਨ। ਪੋਥੀਆਂ ਵਿਖੇ ਲਿਖਿਆ ਹੈ, ਕਿ ਇਕਵਾਰ ਮਹੀਆਂ ਦਾ ਵੱਗ ਚਰ ਰਿਹਾ ਸਾ, ਅਤੇ ਇਕ ਪਾਲੀਆਂ ਦਾ ਮੁੰਡਾ ਉਨ੍ਹਾਂ ਦੇ ਨਾਲ ਸਾ, ਸ਼ੀਂਹ ਨੇ ਮੁੰਡੇ ਨੂੰ ਆ ਫੜਿਆ, ਸਾਰੀਆਂ ਮਹੀਆਂ ਸ਼ੀਂਹ ਪੁਰ ਟੁੱਟ ਪਈਆਂ ਅਤੇ ਮੁੰਡੇ ਨੂੰ ਛੁਡਾ ਲਿਆ। ਇਕਵਾਰ ਕਿਸੇ ਸ਼ੀਂਹ ਨੇ ਬਹੁਤਿਆਂ ਦਿਨਾਂ ਤਕ ਕੁਝ ਨਹੀਂ ਖਾਧਾ ਸਾ, ਬਹੁਤ ਲਿੱਸਾ ਹੋ ਗਿਆ ਸਾ, ਇੱਕ ਸ਼ਿਕਾਰੀ ਨੇ ਉਸ ਦਾ ਸ਼ਿਕਾਰ ਕੀਤਾ, ਦੇਖੇ ਤਾਂ ਇੱਕ ਸੇਹ ਦਾ ਤੱਕੁਲਾ ਉਸਦੇ ਸੰਘ ਵਿਖੇ ਚੁੱਭਿਆ ਹੋਇਆ ਹੈ, ਕਿਤੇ ਸੇਹ ਨੂੰ ਫੜਿਆ ਹੋਇਗਾ, ਤੱਕੁਲਾ ਸੰਘ ਵਿਖੇ ਚੁੱਭ ਗਿਆ, ਇੱਸੇ ਲਈ ਉਸ ਕੋਲੋਂ ਕੁਝ ਨਿਗਲਿਆ ਨਹੀਂ ਜਾਂਦਾ ਸਾ।

ਸ਼ੀਂਹ ਨੂੰ ਬਹੁਤਾ ਆਪਣੇ ਮਾਰੇ ਹੋਏ ਸ਼ਿਕਾਰ ਦਾ ਮਾਸ ਭਾਉਂਦਾ ਹੈ,ਪਰ ਕਿਸੇ ਵੇਲੇ ਮੁਰਦਾਰ ਬੀ ਖਾ ਲੈਂਦਾ ਹੈ। ਇੱਕਵਾਰ ਦੀ ਗੱਲ ਹੈ,ਕਿ ਕਿਸੇ ਸਾਹਿਬ ਨੇ ਇੱਕ ਸ਼ੀਂਹਣੀ ਨੂੰ ਗੋਲੀ ਮਾਰੀ ਅਤੇ ਜਾਤਾ ਕਿ ਉਹ ਮਰਗਈ, ਆਪ ਤੰਬੂ ਵਿਖੇ ਚਲਿਆ ਆਇਆ, ਅਤੇ ਉਸਦੀ ਲੋਥ ਲਿਆਉਣ ਲਈ ਇਕ ਹਾਥੀ ਘੱਲਿਆ, ਮਨੁੱਖ ਮੁੜ ਕੇ ਗਏ ਅਤੇ ਬੋਲੇ, ਓਹ ਤਾਂ ਅਜੇ ਜੀਉਂਦੀ ਹੈ, ਦੂਜੇ ਦਿਨ ਸਾਹਿਬ ਆਪ ਗਿਆ, ਡਿੱਠਾ ਜੋ ਇਕ ਸ਼ੀਂਹ ਉਸ ਨੂੰ ਘਸੀਟ ਕੇ ਖੱਡ ਵਿਖੇ ਲੈ ਗਿਆ ਅਤੇ ਅੱਧੀਕੁ ਨੂੰ ਖਾ ਲਿਆ,ਸਾਹਿਬ ਨੇ ਉਸ ਸ਼ੀਂਹ ਨੂੰ ਬੀ ਮਾਰ ਸਿੱਟਿਆ॥

ਸ਼ੀਂਹ ਬਹੁਤਾ ਮਨੁੱਖ ਪਰ ਨਹੀਂ ਪੈਂਦਾ, ਹਾਂ ਜਦ ਮੂੰਹ ਨੂੰ ਲਹੂ ਲਗ ਜਾਂਦਾ ਹੈ, ਤਾਂ ਸਦਾ ਉੱਸੇ ਦੀ ਭਾਲ ਵਿੱਚ ਰਹਿੰਦਾ ਹੈ, ਦੱਖਣ ਵਿਖੇ ਕਈ ਥਾਂ ਅਜੇਹਾ ਬੀ ਹੋਇਆ ਹੈ, ਕਿ ਪਿੰਡਾਂ ਦੇ ਲੋਕ ਚਾਨਣੀਆਂ ਦੇ ਹੇਠ ਸੁੱਤੇ ਪਏ ਸੇ, ਸ਼ੀਂਹ ਆਇਆ ਅਤੇ ਇਕ ਅੱਧੇ ਨੂੰ ਚੁਕ ਕੇ ਲੈ ਗਿਆ, ਇਹ ਬੀ ਹੁੰਦਾ ਹੈ, ਕਿ ਸ਼ੀਂਹ ਬੁੱਢਾ ਹੋ ਜਾਂਦਾ ਹੈ, ਦੰਦ ਖੁੰਡੇ ਹੋ ਜਾਂਦੇ ਹਨ, ਬਲ ਜਾਂਦਾ ਰਹਿੰਦਾ ਹੈ, ਤਾਂ ਮਨੁੱਖ ਦਾ ਹੀ ਸ਼ਿਕਾਰ ਕਰਦਾ ਹੈ, ਕਿਉਂਕਿ ਜੰਤੂਆਂ ਕੋਲੋਂ ਮਨੁੱਖ ਸੌਖਾ ਫੜਿਆ ਜਾਂਦਾ ਹੈ॥

ਤੁਸੀਂ ਏਹ ਤਾਂ ਜਾਣਦੇ ਹੀ ਹੋ ਕਿ ਜਿਨ੍ਹਾਂ ਮੌਤ ਦਿਆਂ ਮਾਰਿਆਂ ਨੂੰ ਸ਼ੀਂਹ ਪਕੜ ਕੇ ਲੈ ਗਿਆ ਹੈ, ਉਨ੍ਹਾਂ ਵਿੱਚੋਂ ਕਿਤੇ ਹੀ ਕੋਈ ਬਚਿਆ ਹੋਊ, ਕਿ ਜਿਸ ਕੋਲੋਂ ਬਰਤਾਂਤ ਪੁੱਛਿਆ ਜਾਂਦਾ, ਪਰ ਅਜੇਹਾ ਬੀ ਹੋਇਆ ਹੈ, ਕਿ ਕਈ ਭਾਗਾਂ ਵਾਲੇ ਇਸ ਨਿਰਦੇਈ ਦੇ ਪੰਜੇ ਵਿੱਚੋ ਬਚ ਨਿਕਲੇ ਹਨ,ਪਰ ਡਾਢੀ ਤਦ੍ਹਾਂ ਨਾਲ। ਇੱਕ ਲੜਾਈ ਦੇ ਸਮਯ ਛੇ ਸੌ ਸਿਪਾਹੀ ਚਲੇ ਜਾਂਦੇ ਸਨ, ਰਾਤ ਨੂੰ ਰਤੀ ਅਵੇਰ ਕਰਕੇ ਟਿਕਾਣੇ ਸਿਰ ੍ਰਜੇ, ਤੰਬੂਆਂ ੇ ਲਾਗੇ ਇਕ ਵੱਡਾ ਭਾਰਾ ਸੰਘਣਾ ਬਣ ਸਾ, ਸੈਨਾਪਤਿ ਥੱਕਿਆ ਹਾਰਿਆ ਸਾ, ਚਾਹੁੰਦਾ ਸਾ, ਕਿ ਦੋ ਚਾਰ ਘੰਟੇ ਠੌਂਕਾ ਲੈ ਲਵਾਂ, ਪਰ ਅਜੇ ਲੇਟਿਆ ਹੀ ਸਾ, ਕਿ ਬੰਦੂਕ ਦਾ ਖੜਕਾਰ ਆਇਆ,ਅੱਬੜਵਾਹਿਆ ਉੱਠਿਆਅਤੇ ਤੰਬੂ ਦੇ ਬੂਹੇ ਪੁਰ ਆਗਿਆ, ਪਾਹਰੂ ਕੋਲੋਂ ਖਲੋਤਾ ਪੁੱਛ ਰਿਹਾ ਸਾ,ਕਿ ਇਹ ਖੜਾਕਾ ਕਿੱਧਰੋਂ ਆਇਆ ਹੈ,ਅੰਨੇ ਨੂੰ ਇੱਕ ਵੱਡਾ ਸਾਰਾ ਸ਼ੀਂਹ ਇਕ ਸਿਪਾਹੀ ਨੂੰ ਮੂੰਹ ਵਿੱਚ ਲਈ ਛਾਲਾਂ ਮਾਰਦਾ ਮੋਹਰਿਓਂ ਨਿਕਲ ਗਇਆ। ਪਾਹਰੂ ਨੇ ਝੱਟ ਗੋਲੀ ਮਾਰੀ, ਸ਼ੀਂਹਨੇ ਇਕ ਲੰਮੀ ਜੇਹੀ ਛੂਟ ਕੀਤੀ ਅਤੇ ਨਿਕਲ ਗਿਆ। ਸੈਨਾਪਤਿ, ਪਾਹਰੂ, ਅਤੇ ਕੁਝ ਹੋਰ ਸਿਪਾਹੀ ਜੋ ਆ ਪੁੱਜੇ ਸਨ, ਸਾ੍ਰੇ ਉਸਦੇ

ਮਗਰ ਨੱਠੇ, ਅਤੇ ਜਿੱਥੇ ਜਿੱਥੇ ਭੂੰਈਂ ਪੁਰ ਰੱਤ ਪਈ ਸੀ, ਉਸ ਖੁਰੇ ਪੁਰ ਕਈ ਸੌ *ਕਹੂੰ ਤਕ ਗਏ, ਪਰ ਕਿਸੇ ਨੂੰ ਵਿਚਾਰੇ ਸਿਪਾਹੀ ਦੀ ਆਸ ਨਾ ਰਹੀ। ਐਂਨੇ ਨੂੰ ਅਜੇਹੇ ਬਲ ਨਾਲ ਉਹ ਸ਼ੀਂਹ ਗੱਜਿਆ, ਕਿ ਉਸਦੇ ਸ਼ਬਦ ਨਾਲ ਆਸ ਪਾਸ ਦੇ ਪਰਬਤ ਗੂੰਜ ਉੱਠੇ, ਓਵੇਂ ਉਨ੍ਹਾਂ ਹੀ ਝਾੜੀਆਂ ਵਿੱਚੋਂ ਕੋਈ ਪੰਜਾਹਾਂ ਕਦਮਾਂ ਦੀ ਵਿੱਥ ਪੁਰੋਂ ਇਕ ਲਲਕਾਰ ਦਾ ਸ਼ਬਦ ਆਇਆ, ਵਧਕੇ ਦੇਖਣ, ਤਾਂ ਮੀਆਂ ਸਿਪਾਹੀ ਲੰਗੜਾਉਂਦਾ ਚਲਿਆ ਆਉਂਦਾ ਹੈ। ਬਿਰਤਾਂਤ ਪੁੱਛਿਆ, ਤਾਂ ਮਲੂਮ ਹੋਇਆ, ਕਿ ਉਹ ਵਿਚਾਰਾ ਬਿੜਕ ਦਿਆਂ ਸਿਪਾਹੀਆਂ ਲਈ ਰੋਟੀ ਲੈਕੇ ਗਿਆ ਸਾ, ਮੁੜਿਆ ਆਉਂਦਾ ਸਾ, ਕਿ ਝਾੜੀਆਂ ਵਿਖੇ ਕੁਝ ਸਰਸਰਾਹਟ ਮਲੂਮ ਹੋਈ, ਅਜੇ ਮੁੜਕੇ ਦੇਖਣਾ ਹੀ ਨਾ ਮਿਲਿਆ, ਕਿ ਸ਼ੀਂਹ ਨੇ ਅਜੇਹੇ ਬਲ ਨਾਲ ਆ ਦੱਬਿਆ ਕਿ ਬੇ ਸੁਰਤ ਹੋਗਿਆ। ਕਈਆਂ ਪਲਾਂ ਤਕ ਆਪਣੇ ਸਰੀਰ ਦੀ ਕੋਈ ਸੁੱਧ ਨਾ ਰਹੀ, ਪਰ ਜਾਂ ਗੋਲੀ ਦਾ ਖੜਾਕ ਕੰਨ ਵਿੱਚ ਪਿਆ, ਅਤੇ ਪੱਟ ਵਿਖੇ ਪੀੜ ਹੋਣ ਲੱਗੀ, ਤਾਂ ਸੁਰਤ ਆਈ, ਡਿੱਠਾ ਸ਼ੀਂਹ ਦੇ ਮੂੰਹ ਵਿਖੇ ਹਾਂ। ਕਿਸੇ

---

* ਕਦਮ।

ਨੇ ਸ਼ੀਂਹ ਨੂੰ ਗੋਲੀ ਮਾਰੀ ਸੀ, ਉਹ ਉਸਨੂੰ ਲੱਗੀਸੀ,ਪਰ ਸੁਖ ਐਂਨੀ ਸੀ, ਕਿ ਸ਼ੀਂਹ ਨੇ ਅਜੇ ਤਕ ਉਸ ਉੱਤੇ ਕੋਈ ਘਾਉ ਨਾ ਕੀਤਾ ਸਾ, ਨਿਰੇ ਕੱਪੜੇ ਅਤੇ ਤੋਸ਼ਦਾਨ ਹੀ ਉਸਦੇ ਮੂੰਹ ਵਿਖੇ ਆਇਆ ਸਾ। ਗੱਲ ਕੀ ਸਿਪਾਹੀ ਨੇ ਕਿਵੇਂ ਨਾਂ ਕਿਵੇਂ ਆਪਣੀ ਸੰਗੀਨ ਕੱਢੀ ਅਤੇ ਸ਼ੀਂਹ ਦੇ ਸਰੀਰ ਵਿਖੇ ਖੋਭ ਦਿੱਤੀ। ਸ਼ੀਂਹ ਨੇ ਇਕ ਵੱਲ ਨੂੰ ਛਲਾਂਗ ਮਾਰੀ, ਸਿਪਾਹੀ ਉਸਦੇ ਮੂੰਹੋਂ ਛੁੱਟ ਗਿਆ, ਪਰ ਨਿਰਦਈ ਨੇ ਆਕੇ ਫੇਰ ਝੱਟ ਪਕੜ ਲਿਆ। ਵਿਚਾਰੇ ਸਿਪਾਹੀ ਦਾ ਇਹ ਹਾਲ ਹੋਗਿਆ,ਕਿ ਉਸਨੂੰ ਸਾਹਲੈਣਾ ਬੀ ਔਖਾ ਹੋ ਗਿਆ। ਪਰ ਹਣ ਵਾਰ ਕਰਨ ਦਾ ਅਜੇਹਾ ਸਮਯ ਸਾ, ਕਿ ਚਾਹੇ ਤਾਂ ਅਜੇਹੇ ਦ੍ਹਾਂ ਘਾ ਕਰੇ ਕਿ ਜਿਸਤੇ ਸ਼ੀਂਹ ਦਾ ਕੰਮ ਪੂਰਾ ਹੋ ਜਾਏ। ਉਸਨੇ ਮੋਢੇ ਦੇ ਮਗਰ ਵੱਡੇ ਬਲ ਨਾਲ ਕਈ ਸੱਟਾਂ ਮਾਰੀਆਂ, ਕਿ ਜਿਨ੍ਹਾਂ ਤੋਂ ਅਜੇਹਾ ਡੂੰਘਾ ਘਾਉ ਹੋਇਆ, ਕਿ ਸ਼ੀਂਹ ਭੌਂਦਲ ਕੇ ਡਿੱਗਿਆ, ਅਤੇ ਭੂੰਈਂ ਪੁਰ ਪਿਆ ਤੜਫਣ ਲੱਗਾ। ਘਾਇਲ ਹੋਇਆ ੨ ਸਿਪਾਹੀ ਸਮਝਿਆ ਕਿ ਹੁਣ ਮੈਂ ਇਸ ਨਿਰਦਈ ਦੇ ਪੰਜੇ ਤੇ ਛੁੱਟਿਆ, ਧਰਤੀ ਪੁਰੋਂ ਉੱਠਦਾ ਹੀ ਸਾ, ਕਿ ਸ਼ੀਂਹ ਭਯਾਨਕ ਚੀਕ ਮਾਰਕੇ ਉੱਠਿਆ, ਅਤੇ ਝਪਟ ਕੇ ਆਪਣੇ ਸ਼ਿਕਾਰ ਨੂੰ ਫੜਨਾ

ਚਾਹਿਆ ਪਰ ਆਪੇ ਵੱਖੀ ਦੇ ਭਾਰ ਡਿੱਗਿਆ, ਅਤੇ ਘੁਮੇਟਣੀ ਖਾ ਕੇ ਸਿਪਾਹੀ ਦਿਆਂ ਪੈਰਾਂ ਦੇ ਅੱਗੇ ਆ ਪਿਆ, ਉਸਨੇ ਝੱਟ ਸੰਗੀਨ ਉਸਦੇ ਕਲੇਜੇ ਵਿੱਚ ਖੋਭੀ॥

ਹਿੰਦੁਸਤਾਨ ਅਤੇ ਏਸ਼ੀਆ ਦਿਆਂ ਹੋਰਨਾਂ ਦੇਸਾਂ ਵਿਖੇ ਬੀ ਸ਼ੀਂਹ ਦੇ ਫੜਨ ਦੇ ਅਨੇਕ ਰਾਹ ਹਨ। ਕਈ ਵਾਰ ਇਕ ਵੱਡਾ ਟੋਆ ਪੱਟਦੇ ਹਨ,ਅਤੇ ਉੱਪਰੋਂ ਐਉਂ ਕੱਜ ਦਿੰਦੇ ਹਨ,ਕਿ ਨਿਰੀ ਪੁਰੀ ਭੁੰਞੀਂ ਹੀ ਜਾਪਦੀ ਹੈ। ਕਿਸੇ ਵੇਲੇ ਜੰਗਲ ਵਿਖੇ ਇਸਦੇ ਰਾਹ ਪੁਰ ਵਿਹੁ ਨਾਲ ਬੁੱਝੇ ਹੋਏ ਤੀਰ ਇਸ ਪ੍ਰਕਾਰ ਲਾ ਦਿੰਦੇ ਹਨ, ਕਿ ਜਾਂ ਸ਼ੀਂਹ ਉਨ੍ਹਾਂ ਉੱਪਰੋਂ ਲੰਘਦਾ ਹੈ, ਤਾਂ ਓਹ ਆ ਲਗਦੇ ਹਨ। ਕਦੇ ਕਦੇ ਭਾਰੇ ਭਾਰੇ ਲੱਕੜ ਦੇ *ਤੋੜੇ ਇਸ ਤਰ੍ਹਾਂ ਧਰ ਦਿੰਦੇ ਹਨ, ਕਿ ਵਤੀ ਸ਼ੀਂਹਦੇ ਪੈਰਨਾਲ ਵੱਸਾ ਢਬੀਵੇ, ਤਾਂ ਝੱਟ ਸ਼ਤੀਰ ਸ਼ੀਂਹਦੇ ਉੱਪਰ ਆ ਪੈਂਦਾ ਹੈ। ਮਦਰਾਸ ਹਾਤੇ ਦੀ ਇਕ ਥਾਂ ਇਹ ਉਪਾਇ ਕਰਦੇ ਹਨ, ਕਿ ਬਹੁਤ ਸਾਰੇ ਆਦਮੀ ਇਕੱਠੇ ਹੋਕੇ ਸ਼ੀਂਹ ਨੂੰ ਘੇਰ ਲਿਆਉਦੇ ਹਨ, ਅਤੇ ਹੱਕਦ ਹੱਕਦੇ ਇਕ ਜਾਲ ਵਿਖੇ ਫਾਹ ਲੈਂਦੇਹਨ, ਫੇਰ ਬਰਛੀਆਂ ਨਾਲ ਉਸਦਾ ਕੰਮ ਪੂਰਾ

---

* ਸ਼ਤੀਰ।

ਕਰ ਦਿੰਦੇ ਹਨ। ਕ਼ਿਸੇ ਥਾਂ ਅਜੇਹਾ ਬੀ ਕਰਦੇ ਹਨ, ਕਿ ਜਿਸ ਜਨੌਰ ਨੂੰ ਸ਼ੇਰ ਮਾਰਕੇ ਖਾਂਦਾ ਹੈ, ਅਤੇ ਬਾਕੀ ਫੇਰ ਖਾਨ ਲਈ ਛੱਡ ਜਾਂਦਾ ਹੈ, ਉਸ ਵਿਖੇ ਮਹੁਰਾ ਰਲਾ ਜਾਂਦੇ ਹਨ, ਜਾਂ ਸ਼ੀਂਹ ਫੇਰ ਆਕੇ ਖਾਂਦਾ ਹੈ ਤਾਂ ਬਿਖ ਚੜ੍ਹ ਕੇ ਮਰ ਜਾਂਦਾ ਹ। ਕਦੇ ਅਜੇਹਾ ਕਰਦੇ ਹਨ, ਕਿ ਜਿੱਥੇ ਸ਼ੀਂਹ ਕਿਸੇ ਗਾਈਂ ਬੈਲ ਨੂੰ ਓਵੇਂ ਮਾਰਕੇ ਸਿੱਟ ਜਾਂਦਾ ਹੈ, ਸ਼ਿਕਾਰੀ ਓਥੇ ਕਿਸੇ ਰੁੱਖ ਯਾ ਮਨ੍ਹੇ ਪੁਰ ਬੈਠ ਜਾਂਦੇ ਹਨ, ਕਦੇ ਆਪੇ ਜੀਉਂਦਾ ਬੈਲ ਲਿਆਕੇ ਬੰਨ੍ਹ ਦਿੰਦੇ ਹਨ, ਜਦ ਸ਼ੀਂਹ ਆਉਂਦਾ ਹੈ, ਤਾਂ ਗੋਲੀ ਨਾਲ ਮਾਰ ਲੈਂਦੇ ਹਨ॥

ਚੀਨੀ ਲੋਕ ਇਕ ਅਚਰਜ ਕਲ ਨਾਲ ਸ਼ੀਂਹ ਨੂੰ ਫੜਦੇ ਹਨ। ਜਿੱਥੇ ਸ਼ੀਂਹ ਨੂੰ ਆਉਂਦਾ ਵੇਖਦੇ ਹਨ, ਉੱਥੇ ਇਕ ਸੰਦੂਕ ਅੰਦਰ ਵੱਡਾ ਸਾਰਾ ਸ਼ੀਸ਼ਾ ਲਾਕੇ ਰੱਖ ਦਿੰਦੇ ਹਨ, ਸ਼ੀਂਹ ਉਸ ਵਿਖੇ ਆਪਣੀ *ਨੁਹਾਰ ਵੇਖਕੇ ਸੰਦੂਕ ਦੇ ਕੋਲ ਆਉਂਦਾ ਹੈ, ਅਤੇ ਅੰਦਰ ਜਾਕੇ ਝੱਟ ਫਸ ਜਾਂਦਾ ਹੈ॥

---

*ਸੂਰਤ।

ਮਲਾਕਾ ਇਕ ਦੇਸ ਹੈ, ਉੱਥੇ ਦੇ ਲੋਕ ਇੱਕ ਹੋਰ ਹੀ ਉਪਾਇ ਕਰਦੇ ਹਨ, ਕਾਂਪੇ ਦੀ ਤਰ੍ਹਾਂ ਇਕ ਚੰਬੜਨ ਵਾਲੀ ਵਸਤ ਲੈਕੇ ਉਸਵਿਖੇ ਮਹੁਰਾ ਰਲਾਉਂਦੇ ਹਨ, ਮੁੜ ਉਸ ਨੂੰ ਚੌੜਿਆਂ ਚੌੜਿਆਂ ਪੱਤਿਆਂ ਪੁਰ ਮਲਦੇ ਹਨ, ਅਤੇ ਸ਼ੀਂਹ ਦੇ ਰਾਹ ਵਿਖੇ ਵਿਛਾ ਦਿੰਦੇ ਹਨ। ਜਦ ਉਹ ਓਧਰ ਨੂੰ ਆਉਂਦਾ ਹੈ, ਅਤੇ ਪੱਤਿਆਂ ਉੱਪਰ ਪੈਰ ਰੱਖਦਾ ਹੈ ਤਾਂ ਇਕ ਅੱਧਾ ਪੱਤਾ ਉਸ ਦੇ ਪੰਜੇ ਨਾਲ ਚੰਬੜ ਜਾਂਦਾ ਹੈ, ਉਹ ਉਸਨੂੰ ਦੂਜੇਪੰਜੇ ਨਾਲ ਲਾਹੁਣਾ ਚਾਹੁੰਦਾ ਹੈ, ਤਾਂ ਹੋਰ ਪੱਤੇ ਪੰਜਿਆਂ ਨਾਲ ਚੰਬੜ ਜਾਂਦੇ ਹਨ। ਸ਼ੀਂਹ ਔਖਾ ਹੋ ਕੇ ਪੰਜਿਆਂ ਨੂੰ ਮੂੰਹ ਨਾਲ ਮਲਦਾ ਹੈ, ਉਸ ਨਾਲ ਮੂੰਹ ਉੱਤੇ ਬੀ, ਪੱਤੇ ਲੱਗ ਜਾਂਦੇ ਹਨ। ਖਿੱਝਕੇ ਧਰਤੀਪੁਰ ਲੋਟਣ ਲਗਦਾ ਹੈ, ਫੇਰ ਤਾਂ ਸਾਰੇ ਸਰੀਰ ਪੁਰ ਪੱਤੇ ਚੰਬੜ ਜਾਂਦੇ ਹਨ, ਅਤੇ ਜਾਂ ਸਰੀਰ ਨੂੰ ਖੁਰਕਦਾ, ਅਤੇ ਰਗੜਦਾ ਹੈ, ਤਾਂ ਓਹ ਬਿਖ ਭਾਰਆ ਕਾਂਪਾ ਕੁਝ ਅੱਖਾਂ ਵਿਖੇ ਪੈ ਜਾਂਦਾ ਹੈ, ਤਾਂ ਸ਼ੀਂਹ ਅੰਨ੍ਹਾਂ ਹੋ ਜਾਂਦਾ ਹੈ, ਓੜਕ ਨੂੰ ਪੀੜ ਨਾਲ ਦੁਖੀ ਹੋਕੇ ਅੜਾਉਂਦਾ ਹੈ, ਸ਼ਿਕਾਰੀ ਬੀ ਆਸ ਪਾਸ ਤਾੜਦੇ ਰਹਿੰਦੇ ਹਨ, ਖੜਕਾ ਸੁਣਦੇ ਸਾਰ ਪਹੁੰਚਦੇ ਹਨ, ਅਤੇ ਵਿਚਾਰੇ ਦਾ ਕੰਮ ਪੂਰਾ ਕਰ ਦਿੰਦੇ ਹਨ॥

ਹਿੰਦੁਸਤਾਨ ਦਿਆਂ ਉੱਤਰੀ ਪਰਗਣਿਆਂ ਵਿਖੇ ਉੱਥੋਂ ਦੇ ਸਰਦਾਰ ਅਤੇ ਅੰਗ੍ਰੇਜ਼ੀ ਅਫ਼ਸਰ ਹਾੱਥੀਆਂ ਪੁਰ ਚੜ੍ਹਕੇ ਸ਼ਾਂਹ ਦਾ ਸ਼ਿਕਾਰ ਕਰਦੇ ਹਨ, ਅਤੇ ਦੱਖਣੀ ਜ਼ਿਲਿਆਂ ਅਰ ਗੱਭਲੇ ਹਿੰਦ ਵਿਖੇ ਬਹੁਤੇ ਪੈਰੀਂ ਚੱਲ ਕੇ ਗੋਲੀ ਨਾਲ ਮਾਰਦੇ ਹਨ, ਪਰ ਇਹ ਵੱਡਾ ਜਿੰਦ ਹੀਲਣ ਦਾ ਕੰਮ ਹੈ। ਹਾਥੀਆਂ ਪੁਰ ਸ਼ਿਕਾਰ ਕਰਨ ਦਾ ਇਹ ਰਾਹ ਹੈ, ਕਿ ਉਨ੍ਹਾਂ ਦੀ ਕਤਾਰ ਬੰਨ੍ਹਕੇ ਜੰਗਲਾਂ ਵਿਖੇ ਵਧੇ ਚਲੇ ਜਾਂਦੇ ਹਨ, ਜਿੱਥੇ ਸ਼ੀਂਹ ਦਿਸਦਾ ਹੈ,ਝਟ ਗੋਲੀ ਮਾਰਦੇ ਹਨ।ਜਦ ਸ਼ੀਂਹ ਘਾਇਲ ਹੋ ਜਾਂਦਾ ਹੈ, ਤਾਂ ਵੱਡਾ ਖਿੱਝਕੇ ਲਪਕਦਾ ਹੈ। ਕਦੇ ਅਜੇਹਾ ਭਬਕ ਕੇ ਆਉਂਦਾ ਹੈ, ਕਿ ਹਾਥੀ ਆਪਣੇ ਸਵਾਰ ਨੂੰ ਲੈ ਕੇ ਪਿਛਲੀ ਪੈਰੀਂ ਦੌੜ ਜਾਂਦਾ ਹੈ, ਪਰ ਜੋ ਹਾੱਥੀ ਸ਼ਿਕਾਰ ਕਰਨ ਗਿੱਝੇ ਹੋਏ ਹੁੰਦੇ ਹਨ, ਓਹ ਜੰਮੇ ਰਹਿੰਦੇ ਹਨ। ਕਈਹਾਥੀਆਪਸ਼ੀਂਹਉੱਤੇ ਲਪਕਦੇ ਹਨ, ਅਤੇ ਚਾਹੁੰਦੇ ਹਨ, ਕਿ ਗੋਡੇ ਨਾਲ ਦੱਬਕ ਮਲ ਸਿੱਟੀਏ, ਪਰ ਇਸ ਵਿਖੇ ਹੌਦੇ ਪੁਰ ਚੜ੍ਹੇ ਹੋਏ ਬੜੇ ਜਿੱਚ ਹੁੰਦੇ ਹਨ, ਕਦੇ ਉਨ੍ਹਾਂ ਦੀਆਂ ਜਾਨਾਂ ਧੋਖੇ ਵਿੱਚ ਬੀ ਪੈ ਜਾਂਦੀਆਂ ਹਨ। ਇੱਕ ਵਾਰ ਹਾੱਥੀ ਨੇ ਅਜੇਹਾ ਹੀ ਉੱਦਮ ਕੀਤਾ, ਸਾਹਿਬ ਜੋ ਹੌਦੇ ਵਿਖੇ ਚੜ੍ਹੇ ਹੋਏ ਸਨ

ਮੂਹਰੇ ਆ ਪਏ, ਅਤੇ ਅਚਾਣਕ ਉਨ੍ਹਾਂ ਦਾ ਪੈਰ ਸਿੱਧਾ ਸ਼ੀਂਹ ਦੇ ਮੁਖ ਵਿਖ ਗਿਆ। ਸਾਹਿਬ ਨੇ ਚੰਗੀ ਫੁਰਤੀ ਕੀਤੀ, ਕਿ ਜੁੱਤੀ ਤਾਂ ਸ਼ੀਂਹ ਦੇ ਮੂੰਹ ਵਿਖੇ ਹੀ ਛੱਡੀ ਅਰ ਖਿੱਚ ਖੱਚਕੇ ਪੈਰ ਕੱਢ ਲਿਆ, ਪਰ ਜਦ ਤਕ ਜੀਉਂਦੇ ਰਹੇ ਲੰਗੜੇ ਹੋ ਗਏ।

ਸ਼ੀਂਹ ਨੂੰ ਬੱਚਾ ਜਿਹਾ ਲੈ ਕੇ ਪਾਲੀਏ, ਤਾਂ ਗਿਝ ਜਾਂਦਾ ਹੈ, ਪਰ ਫੇਰ ਬੀ ਡਰ ਹੀ ਰਹਿੰਦਾ ਹੈ। ਇਸ ਪ੍ਰਕਾਰ ਦਾ ਇੱਕ ਸ਼ੀਂਹ ਲਾਹੌਰ ਦੇ ਚਿੜੀਘਰ ਵਿਖੇ ਸਾ, ਬਿੱਲੀ ਦੇ ਬਲੂੰਗੜੇ ਦੀ ਤਰ੍ਹਾਂ ਖੇਡਦਾ ਰਹਿੰਦਾ ਸਾ, ਅਜੇਹਾ ਗਿੱਝਿਆ ਹੋਇਆ ਸਾ, ਕਿ ਲੋਕ ਉਸਦੇ ਸਿਰ ਉੱਤੇ ਹੱਥ ਫੇਰਦੇ ਹੁੰਦੇ ਸਨ, ਅਤੇ ਉਹ ਕੁਝ ਨਹੀਂ ਕਹਿੰਦਾ ਸਾ। ਇੱਕ ਵਾਰ ਪਿੰਜਰੇ ਵਿੱਚੋਂ ਨਿਕਲ ਗਿਆ ਜਮਾਦਾਰ ਜੋ ਰਾਖਾ ਸਾ ਮਗਰ ਲੱਗਾ, ਉਸ ਦੇ ਕੋਲ ਆਇਆ, ਅਤੇ ਹੱਥ ਜੋੜਕੇ ਬੋਲਿਆ, ਕਿ ਬੱਬਾ! ਤੇਰੇ ਪਿੱਛੇ ਟੁੱਕਰ ਖਾਂਦਾ ਸਾਂ, ਤੂੰ ਨਾ ਆਇਆ, ਤਾਂ ਰੋਟੀ ਗਈ, ਕਿਸੇ ਦਾ ਜਾਨ ਕੀਤਾ, ਤਾਂ ਜਾਨ ਪੁਰ ਬੀ ਬਲਾ ਆਈ, ਆ ਜਾ! ਆ ਜਾ! ਇਹ ਕਹਿਕੇ ਆਪਣੀ ਪੱਗ ਉਸਦੇ ਗਲ ਵਿੱਚ ਪਾਈ, ਅਤੇ ਚਿੜੀਘਰ ਵਿਖੇ ਉਸਨੂੰ ਲੈਗਿਆ। ਭਾਵੇਂ ਸ਼ੀਂਹ ਇਨ੍ਹਾਂ ਗੱਲਾਂ ਨੂੰ ਨਹੀਂ

ਸਮਝਿਆ,ਪਰ ਐਨਾਂ ਤਾਂ ਜਰੂਰ ਜਾਣਿਆ ਹੋਇਗਾ, ਕਿ ਇਹ ਉਹੋ ਜਣਾ ਹੈ, ਜੋ ਮੈਨੂੰ ਨਿੱਤ ਖਾਣ ਨੂੰ ਦਿੰਦਾ ਸਾ ਅਤੇ ਮੇਰੇ ਨਾਲ ਪਿਆਰ ਕਰਦਾ ਹੁੰਦਾ ਹੈ। ਇੱਕ ਦਿਨ ਇੱਕ ਮੁੰਡਾ ਉੱਸੇ ਸ਼ੀਂਹ ਦੇ ਪਿੰਜਰੇ ਵਿਖੇ ਹੱਥ ਪਾਈ ਖਲੋਤਾ ਸਾ, ਸ਼ੀਂਹ ਨੇ ਇੱਕ ਮੂੰਹ ਮਾਰਿਆ, ਅਤੇ ੱਥ ਵੱਢਕੇ ਖਾ ਗਿਆ, ਵੱਡੀ ਗੱਲ ਇਹ ਹੈ, ਕਿ ਮੁੰਡਾ ਜਾਨੋ ਬਚ ਗਿਆ, ਫੇਰ ਬੀ ਕਦੇ ਕਦੇ ਆਉਂਦਾ ਹੁੰਦਾ ਸਾ,ਕਿ ਜਿਸ ਮਿੱਤ੍ਰ ਨੇ ਬਾਂਹ ਪੁਰ ਨਿਸ਼ਾਨੀ ਲਾਈ ਹੈ, ਉਸ ਨੂੰ ਮਿਲ ਆਵਾਂ॥

ਸ਼ੀਂਹ ਦੀਆਂ ਕਈਆਂ ਵਸਤਾਂ ਵੱਲੋਂ ਇੱਥੇ ਦਿਆਂ ਲੋਕਾਂ ਨੂੰ ਕਈ ਭਰਮ ਹਨ, ਜਿਹਾਕਿ ਸਮਝਦੇ ਹਨ, ਕਿ ਸ਼ੀਂਹ ਦੀ ਮੁੱਛ ਦਾ ਵਾਲ ਮਨੁੱਖ ਨੂੰ ਖੁਵਾਈਏ, ਤਾਂ ਓਹ ਉਸ ਦੇ ਢਿੱਡ ਵਿੱਚ ਜਾ ਕੇ ਅਜੇਹਾ ਚੁੱਭ ਜਾਂਦਾ ਹੈ, ਕਿ ਮਨੁੱਖ ਮਰ ਹੀ ਜਾਂਦਾ ਹੈ। ਹਿੰਦੁਸਤਾਨ ਦਿਆਂ ਕਈਆਂ ਥਾਂਵਾਂ ਵਿਖੇ ਲੋਕਾਂ ਦੀ ਇਹ ਬੀ ਵਿਚਾਰ ਹੈ,ਕਿ ਜੋ ਕੋਈ ਸ਼ੀਂਹ ਦੀਆਂ ਮੁੱਛਾਂ ਆਪਣੇ ਪਾਸ ਰੱਖਦਾ ਹੈ, ਉਸ ਵਿਖੇ ਅਚਰਜ ਬਲ ਹੋ ਜਾਂਦਾ। ਕਈਆਂ ਨੂੰ ਇਹ ਨਿਸਚਾ ਹੈ,ਕਿ ਜੇ ਸ਼ੀਂਹ ਦੀਆਂ ਨਹੁੰਦਰਾਂ ਬੱਚਿਆਂ ਦੇ ਗਲ ਪਾ ਦਈਏ, ਤਾਂ ਨਜ਼ਰ ਟਪਾਰ ਨਹੀਂ ਹੁੰਦੀ,


ਚਰਖ਼

ਸ਼ੀਂਹ ਦੀ ਨਹੁੰਦਰ ਸੋਨੇ ਰੁੱਪੇ ਵਿਖੇ ਮੜ੍ਹ ਕੇ ਤਵੀਤ ਬਣਾਉਂਦੇ ਹਨ,ਅਤੇ ਗਹਿਣੇ ਵਾਕਰ ਪਹਿਨਦੇ ਹਨ॥

---

## ਲੱਕੜ ਬੱਗਾ ਯਾ ਚਰਖ਼

ਇਹ ਜੰਤੂ ਬੀ ਪੰਜਿਆਂ ਦੇ ਭਾਰ ਟੁਰਦਾਹੈ, ਅਤੇ ਇਸ ਗੱਲ ਵਿਖੇ ਬਿੱਲੀ, ਸ਼ੀਂਹ, ਚਿੱਤ੍ਰੇ ਨਾਲ ਅਤੇ ਕੁੱਤੇ ਗਿੱਦੜ, ਬਘਿਆੜ ਨਾਲ ਬੀ ਮਿਲਦਾ ਹੈ। ਬਿੱਲੀਆਂ ਕੁੱਤਿਆਂ ਆਦਿਕ ਦਿਆਂ ਅਗਲਿਆਂਪੰਜਿਆਂਵਿਖੇਪੰਜ ਅੰਗੁਲੀਆਂ ਹੁੰਦੀਆਂ ਹਨ, ਪਿਛਲਿਆਂ ਵਿਖੇ ਚਾਰ। ਇਸਦਿਆਂ ਚੌਹਾਂ ਪੰਜਿਆਂ ਵਿਖੇ ਚਾਰ ਚਾਰ ਅੰਗੁ-ਲੀਆਂ ਹਨ, ਅਰ ਬਿੱਲਾ, ਸ਼ੀਂਹ ਆਦਿਕਾਂ ਵਾਕਰ ਨੌਹਾਂ ਨੂੰ ਪੰਜੇ ਦੇ ਅੰਦਰ ਸਮੇਟ ਨਹੀਂ ਸੱਕਦਾ। ਭਾਵੇਂ ਉਚਾਈ ਵਿਖੇ ਵੱਡੇ ਕੁੱਤੇ ਕੋਲੋਂ ਕੁਝ ਅਜੇਹਾ ਉੱਚਾ ਨਹੀਂ ਹੁੰਦਾ, ਪਰ ਛਾਤੀ ਅਤੇ ਗਰਦਨ ਦੇ ਪੱਠੇ ਬਹੁਤ ਹੀ ਪੱਕੇ ਹੁੰਦੇ ਹਨ। ਨਿੱਗਰ ਹੱਡੀਆਂ ਨੂੰ ਐਉਂ ਚੱਬਦਾ ਹੈ, ਕਿ ਵੇਖ ਕੇ ਅਚਰਜ ਆਉਂਦਾ ਹੈ, ਬਲਦ ਦੀ ਲੱਤ ਦੀ ਹੱਡੀ ਨੂੰ ਅਜੇਹਾ ਸੁਖਾਲਾ ਚੱਬ ਜਾਂਦਾਹੈ, ਕਿ ਮਲੂਮ ਹੀ ਨਹੀਂ ਹੁੰਦਾ। ਗਰਦਨ ਦੀਆਂ ਹੱਡੀਆਂ ਪੁਰ ਵੱਡਾ

ਭਾਰ ਪੈਂਦਾ ਹੈ, ਉਨ੍ਹਾਂ ਦੇ ਜੋੜ ਐਉਂ ਜੁੜੇ ਹੁੰਦੇ ਹਨ, ਕਿ ਗਰਦਨ ਸਦਾ ਆਕੜੀ ਰਹਿੰਦੀ ਹੈ। ਇੱਸੇ ਕਾਰਣ ਲੋਕ ਜਾਣਦੇ ਹਨ,ਕਿ ਉਸ ਵਿਖੇ ਇੱਕੋ ਹੱਡੀ ਹੈ। ਪਿਛਲੀਆਂ ਲੱਤਾਂ ਵਿੰਗੀਆਂ ਹੁੰਦੀਆਂ ਹਨ। ਸਿਰ ਅਤੇ ਮੋਢਿਆਂ ਕੋਲੋਂ ਪਿਛਲਾ ਧੜ ਐਨਾਂ ਛੋਟਾ ਹੁੰਦਾ ਹੈ, ਕਿ ਬੇਡੌਲਪੁਣਾ ਵੇਖਕੇ ਅਚਰਜ ਆਉਂਦਾ ਹੈ, ਇੱਸੇ ਕਾਰਣ ਟੁਰਨ ਵਿਖੇ ਬੀ ਲਟਕਾਉਂਦਾ ਤੁਰਦਾ ਹੈ। ਜੀਭ ਖੋਹਰੀ ਹੁੰਦੀ ਹੈ, ਕੰਨ ਲੰਮੇ ਅਤੇ ਨੋਕਾਂ ਵਾਲੇ, ਪੂਛ ਨਿੱਕੀ ਜੇਹੀ, ਰੰਗ ਘਸਮੈਲਾ ਪੀਲਾ ਜਿਹਾ, ਉਸ ਪੁਰ ਪੀਲੀ ਭਾਹ ਵਾਲੀਆਂ ਕਾਲੀਆਂ ਧਾਰੀਆਂ ਹੁੰਦੀਆਂ ਹਨ। ਉਸ ਦੀ ਬੋਲੀ ਮੋਟੀ ਅਤੇ ਭੈੜੀ ਹੈ, ਕਦੇ ਕਦੇ ਤਾਂ ਐਉਂ ਬੋਲਦਾ ਹੈ, ਕਿ ਜਿਉਂ ਕੋਈ ਚੀਕਾਂ ਮਾਰਕੇ ਹੱਸਦਾ ਹੈ॥

ਇਹ ਜੰਤੂ ਨਾਲਿਆਂ ਅਤੇ ਛੋਟਿਆਂ ਛੋਟਿਆਂ ਪਰਬਤਾਂ ਦੀਆਂ ਘਾਟੀਆਂ, ਖੱਡਾਂ ਯਾ ਖੁਆਨਿਆਂ ਵਿਖੇ ਰਹਿੰਦਾ ਹੈ। ਭਾਵੇਂ ਦੇਹ ਦਾ ਤਕੜਾ ਹੁੰਦਾ ਹੈ, ਪਰ ਡਰਾਕਲ ਹੁੰਦਾ ਹੈ। ਦਿਨ ਨੂੰ ਆਪਣੇ ਘੁਰੇ ਵਿੱਚ ਸੁੱਤਾ ਰਹਿੰਦਾ ਹੈ, ਰਾਤ ਨੂੰ ਸ਼ਿਕਾਰ ਦੀ ਭਾਲ ਵਿਖ ਨਿਕਲਦਾ ਹੈ। ਸੜੇ ਹੋਏ ਮੁਰਦਾਰ ਖਾਕੇ ਆਪਣਾ ਝੱਟ ਟਪਾਉਂਦਾ ਹੈ, ਧਰਤੀ ਪੁੱਟਕੇ ਕੱਚੀਆਂ ਕਬਰਾਂ ਵਿੱਚੋਂ ਮੁਰਦੇ ਨੂੰ

ਕੱਢ ਲੈਂਦਾ ਹੈ। ਇਹ ਜੰਤੂ ਭਾਵੇਂ ਕੁਚੀਲ ਅਤੇ ਮੈਲਾ ਹੈ ਪਰ ਇਸ ਤੋਂ ਵੱਡੇ ੨ ਗੁਣ ਹੁੰਦੇ ਹਨ, ਕਿਉਂਕਿ ਜੇ ਮੁਰਦਾਰਾਂ ਨੂੰ ਨਾ ਖਾਂਦਾ, ਤਾਂ ਉਨ੍ਹਾਂ ਦੀ ਦੁਰਗੰਧਿ ਨਾਲ ਪੌਣ ਗੰਦੀ ਹੋ ਜਾਂਦੀ॥

ਜਾਂ ਕਿਸੇ ਰੋਗੀ ਯਾ ਘਾਇਲ ਜਨੌਰ ਨੂੰ ਜੰਗਲ ਵਿਖੇ ਵੇਂਹਦਾ ਹੈ, ਤਾਂ ਕੋਹਾਂ ਤਕ ਉਸ ਦੇ ਮਗਰ ਲੱਗਾ ਫਿਰਦਾ ਹੈ, ਅਤੇ ਵੱਡੀ ਧੀਰਜ ਨਾਲ ਤੱਕਦਾ ਰਹਿੰਦਾ ਹੈ, ਕਿ ਉਹ ਕਦ ਢੇਰੀ ਹੋਏ, ਅਤੇ ਮੈਂ ਚੱਟ ਕਰ ਜਾਵਾਂ। ਜਦ ਕਿਸੇ ਪ੍ਰਕਾਰ ਦਾ ਬੀ ਮਾਸ ਹੱਥ ਨਹੀਂ ਲਗਦਾ, ਤਾਂ ਬੂਟਿਆਂ ਦੀਆਂ ਜੜ੍ਹਾਂ ਅਤੇ ਤਾੜ ਦੀਆਂ ਕੂੰਬਲੀਆਂ ਨਾਲ ਹੀ ਝੱਟ ਟਪਾ ਲੈਂਦਾ ਹੈ, ਜਾਂ ਕੁਝ ਬੀ ਨਹੀਂ ਮਿਲਦਾ, ਤਾਂ ਸੁਦਾਈ ਹੋਕੇ ਵੱਡਾ ਡਰਾਉਣਾ ਹੋ ਜਾਂਦਾ ਹੈ,ਵਸਤੀਆਂ ਦੇ ਏਧਰ ਓਧਰ ਭੁੱਲੀਆਂ ਰੁੱਲੀਆਂ ਭੇਡਾਂ ਢੂੰਢਦਾ ਫਿਰਦਾ ਹੈ, ਕੁੱਤਾ ਮਿਲਦਾ ਹੈ, ਤਾਂ ਉੱਸੇ ਨੂੰ ਪਾੜ ਖਾਂਦਾ ਹੈ। ਤ੍ਰੀਮਤਾਂ ਅਤੇ ਬਾਲ਼ਾਂ ਪੁਰ ਬੀ ਵਾਰ ਕਰ ਬਹਿੰਦਾ ਹੈ। ਇਸ ਦਾ ਬੱਚਾ ਹੱਥ ਲਗ ਜਾਂਦਾ ਹੈ, ਤਾਂ ਸੌਖਾ ਗਿੱਝ ਜਾਂਦਾ ਹੈ, ਅਤੇ ਪਾਲਣ ਵਾਲੇ ਨਾਲ ਬਹੁਤ ਪਿਆਰ ਕੀਤਾ ਕਰਦਾ ਹੈ॥

———

ਰਿੱਛ



MAYO SCHOOL OF ART, LAHORE.

# ਰਿੱਛ

ਇਹ ਵੱਡਾ ਕੁਸੋਹਣਾ ਜੰਤੂ ਹੈ, ਲੰਮੇ ਲੰਮੇਂ ਵਾਲ,ਗੁਛਿਆਂ ਦੇ ਗੁੱਛੇ ਸਿਰ ਤੇ ਪੈਰਾਂ ਤਕ ਛਾਏ ਹੋਏ, ਨਿੱਕੇ ਨਿੱਕੇ ਕੰਨ, ਲੰਮੀ ਥੂਥੀ, ਛੋਟੀ ਜੇਹੀ ਪੂਛ, ਲੰਮੇ ਅਤੇ ਤਕੜੇ ਨਹੁੰ ਪੁੱਟਣ ਦੇ ਕੰਮ ਦੇ। ਇਹ ਉੱਚੀਆਂ ਥਾਵਾਂ ਪੁਰ ਚੜ੍ਹਨ ਵਿੱਚ ਬੜਾ ਡਾਢਾ ਹੈ। ਬਹੁਤ ਅਜੇ-ਹੀਆਂ ਜਾਤਾਂ ਹਨ, ਕਿ ਜਿਨ੍ਹਾਂ ਦੀਆਂ ਤਲੀਆਂ ਪੁਰ ਵਾਲ ਨਹੀਂ ਹੁੰਦੇ, ਰਿੱਛ ਮਨੁੱਖਾਂ ਵਾਕਰ ਧਰਤੀ ਪੁਰ ਪੈਰ ਚੁੱਕਕੇ ਤੁਰਦੇ ਹਨ। ਪੈਰਾਂ ਦਾ ਚਿੰਨ੍ਹ ਬੀ ਉਹੋ ਜੇਹਾ ਹੁੰਦਾ ਹੈ। ਇਨ੍ਹਾਂ ਵਿਖੇ ਅਤੇ ਅੰਗੁਲੀਆਂ ਦੇ ਭਾਰ ਟੁਰਨ ਵਾਲਿਆਂ ਬਿੱਲੀਆਂ,ਕੁੱਤਿਆਂ, ਲੱਕੜਬੱਗਿਆਂ ਆਦਿਕਾਂ ਵਿਖੇ ਵੱਡਾ ਭੇਦ ਹੈ। ਰਿੱਛ ਦੀ ਤਲੀ ਚੌੜੀ ਅਤੇ ਪੱਧਰੀ ਹੁੰਦੀ ਹੈ, ਇਸੇ ਲਈ ਪਿਛਲੀਆਂ ਲੱਤਾਂ ਦੇ ਭਾਰ ਚੰਗੀ ਤਰ੍ਹਾਂ ਖਲੋ ਜਾਂਦਾ ਹੈ, ਵਧੇਰੇ ਜਦ ਕੋਈ ਵੈਰੀ ਆ ਪੈਂਦਾ ਹੈ, ਤਾਂ ਸਿੱਧਾ ਹੋਕੇ ਅੜ ਜਾਂਦਾ ਹੈ, ਅਤੇ ਖੜਾ ਲੜਦਾ ਹੈ, ਵੈਰੀ ਨੂੰ ਹੱਥਾਂ ਨਾਲ ਫੜਦਾ ਹੈ, ਅਤੇ ਚੌੜੀ ਛਾਤੀ ਨਾਲ ਲਾ ਕੇ ਅਜੇਹਾ ਘੁੱਟਦਾ ਹੈ, ਕਿ ਉਹ ਵਿਚਾਰਾ ਸਾਹ ਘੁੱਟਕੇ ਮਰ ਜਾਂਦਾ ਹੈ। ਭਾਵੇਂ ਰਿੱਛਾਂ ਨੂੰ ਮਾਸ-

ਅਹਾਰੀਆਂ ਵਿਖੇ ਗਿਣਦੇ ਹਨ, ਪਰ ਇਸਦੀਆਂ ਬਹੁਤੀਆਂ ਜਾਤਾਂ ਏਹ ਵਸਤਾਂ ਵਧੀਕ ਖਾਂਦੀਆਂ ਹਨ, ਜੜ੍ਹ, ਦਾਣੇ, ਫਲ, ਕੀੜੇ ਅਤੇ ਮਾਖਿਓਂ । ਰਿੱਛ ਦਿਨ ਨੂੰ ਪਰਬਤਾਂ ਦੀਆਂ ਕੰਦਰਾਂ, ਬਿਰਛਾਂ ਦਿਆਂ ਪੁਲਾੜਾਂ ਅਤੇ ਮਲ੍ਹਿਆਂ ਵਿਖੇ ਲੁਕੇ ਰਹਿੰਦੇ ਹਨ, ਰਾਤ ਨੂੰ ਖੱਜੇ ਦੀ ਭਾਲ ਵਿੱਚ ਨਿਕਲਦੇ ਹਨ । ਇਨ੍ਹਾਂ ਵਿਖੇ ਇਹ ਅਚਰਜ ਸੁਭਾਉ ਹੈ ਕਿ ਜਦ ਵੇਲ੍ਹੇ ਬਹਿੰਦੇ ਹਨ, ਵਧੇਰੇ ਖਾਣ ਤੇ ਮਗਰੋਂ, ਤਾਂ ਅਪਣੇ ਪੰਜੇ ਚੁੰਘਦੇ ਰਹਿੰਦੇ ਹਨ, ਇਸ ਵੇਲੇ ਗੁਰ ਗੁਰ ਗੁਰ ਗੁਰ ਕਰਦੇ ਹਨ, ਇਹ ਅਵਾਜ਼ ਪਰਬਤ ਦੀਆਂ ਕੰਦਰਾਂ ਅਤੇ ਦਰਾੜਾਂ ਵਿੱਚੋਂ ਨਿਕਲਦੀ ਹੋਈ ਦੂਰ ਦੂਰ ਤਕ ਸੁਣਾਈ ਦਿੰਦੀ ਹੈ ॥

ਰਿੱਛ ਕਈਆਂ ਪ੍ਰਕਾਰਾਂ ਦੇ ਹਨ, . ਪਰ ਭਾਰਤ-ਵਰਖ ਵਿਖੇ ਤ੍ਰੈ ਪ੍ਰਕਾਰ ਦੇ ਪ੍ਰਸਿੱਧ ਹਨ, ਹਿਮਾਲਯ ਗਿਰ ਦਾ ਭੂਰਾ ਅਤੇ ਕਾਲਾ ਰਿੱਛ, ਇਕ ਹੋਰ ਪ੍ਰਕਾਰ ਦਾ ਕਾਲਾ ਰਿੱਛ ਜੋ ਰੋਹਣੀਂ ਥਾਈਂ ਮਿਲਦਾ ਹੈ । ਇਨ੍ਹਾਂ ਵਿੱਚੋਂ ਕੋਈ ਹੋਏ, ਜੇ ਬੱਚੇ ਜੇਹੇ ਨੂੰ ਫੜ ਲਈਏ ਤਾਂ ਸੌਖਾ ਗਿੱਝ ਜਾਂਦਾ ਹੈ, ਲੋਕ ਇਨ੍ਹਾਂ ਨੂੰ ਬਾਹਲਾ ਸਿਖਾਉਂਦੇ ਹਨ, ਨਚਾਉਂਦੇ ਹਨ, ਬਹੁਤ ਸਾਰੇ ਕਰਤਬ ਸਿਖਲਾਉਂਦੇ ਹਨ, ਅਤੇ ਬਜਾਰਾਂ ਵਿਚ ਲਈ ਰੋਟੀਆਂ ਕਮਾਉਂਦੇ ਫਿਰਦੇ ਹਨ ॥

ਹਿਮਾਲਯ ਦਾ ਭੂਰਾ ਰਿੱਛ ਇਨ੍ਹਾਂ ਤਿੰਨਾਂ ਵਿੱਚੋਂ ਵੱਡਾ ਹੁੰਦਾ ਹੈ, ਉੱਚਿਆਂ ਉੱਚਿਆਂ ਪਰਬਤਾਂ ਪੁਰ ਬਰਫ਼ ਦੇ ਦੁਆਲੇ ਰਹਿੰਦਾ ਹੈ। ਘਾ ਅਤੇ ਬੂਟਿਆਂ ਦੀਆਂ ਜੜ੍ਹਾਂ ਇਸ ਦਾ ਬਹੁਤ ਖ਼ਾਜਾ ਹੈ। ਜਾਂ ਫਲਾਂ ਦਾ ਸਮਯ ਆ ਜਾਂਦਾ ਹੈ, ਤਾਂ ਫਲ ਖਾਨ ਲਈ ਜੰਗਲਾਂ ਬਿਖੇ ਉਤਰ ਆਉਂਦਾ ਹ, ਸੇਉ, ਖਰੋਟ ਅਤੇ ਬਹੁਤ ਫਲ ਵੱਸੋ ਦੇ ਆਸ ਪਾਸ ਤੇ ਭੀ ਲੈ ਭੱਜਦਾ ਹੈ। ਕੀੜੇ ਬੀ ਇਸਨੂੰ ਭਾਉਂਦੇ ਹਨ, ਅਤ ਉਨ੍ਹਾਂ ਦੀ ਹੀ ਢੂੰਡ ਵਿੱਚ ਪੱਥਰਾਂ ਨੂੰ ਉਲਟਾ ਪੁਲਟਾ ਕਰਦਾ ਹੈ। ਪਾਲੇ ਦੇ ਆਰੰਭ ਵਿਖੇ ਵੱਡਾ ਮੋਟਾ ਡਾਢਾ ਹੋ ਕੇ ਕਿਸੇ ਖੁਆਨ੍ਹੇ ਵਿਖੇ ਜਾ ਬਹਿੰਦਾ ਹੈ, ਸਾਰਾ ਸਿਆਲ ਉੱਥੇ ਹੀ ਪਿਆ ਊਂਘਦਾ ਰਹਿੰਦਾ ਹੈ, ਖਾਨ ਪੀਣ ਦੀ ਬੀ ਕੁਝ ਚਾਹ ਨਹੀਂ ਰੱਖਦਾ, ਨਿਕਲਦੇ ਸਿਆਲ਼ ਇਹ ਬੀ ਨਿਕਲ ਆਉਂਦਾ ਹੈ, ਅਤੇ ਫੇਰ ਖਾਨ ਪੀਣ ਲੱਗ ਪੈਂਦਾ ਹੈ ॥

ਹਿਮਾਲਯ ਦਾ ਕਾਲਾ ਰਿੱਛ, ਭੂਰੇ ਰਿੱਛ ਕੋਲੋਂ ਬਹੁਤ ਛੋਟਾ ਹੁੰਦਾ ਹੈ। ਉਨ੍ਹਾਲ ਵਿਖੇ ਪਰਬਤਾਂ ਪੁਰ ਉੱਚੀਆਂ ਉੱਚੀਆਂ ਥਾਵਾਂ ਵਿਖੇ ਰਹਿੰਦਾ ਹੈ, ਅਤੇ ਬਹੁਤਾ ਬਰਫ਼ ਦੇ ਆਸ ਪਾਸ ਫਿਰਦਾ ਦਿਸਦਾ ਹੈ, ਪਰ ਸਿਆਲ ਵਿਖੇ ਜਿਉਂ ਜਿਉਂ ਬਰਫ਼ ਝਿਕ ਵਿਖੇ ਪੈਣ ਲਗਦੀ ਹੈ, ਇਹ

ਬੀ ਹਠਲੀਆਂ ਘਾਟੀਆਂ ਵਿੱਚ ਉਤਰ ਆਉਂਦਾ ਹੈ, ਅਨੇਕ ਪ੍ਰਕਾਰ ਦੀਆਂ ਜੜ੍ਹਾਂ, ਅਨਾਜ ਅਤੇ ਫਲ ਖਾਕੇ ਨਿਰਬਾਹ ਕਰਦਾ ਹੈ, ਫਲ ਤੋੜਨ ਲਈ ਰੁੱਖਾਂ ਪੁਰ ਬੀ ਚੜ੍ਹ ਜਾਂਦਾ ਹੈ। ਇਸਨੂੰ ਮਖੀਰ ਬਹੁਤ ਭਾਉਂਦਾ ਹੈ, ਪਹਾੜੀਏ ਲੋਕ ਜੋ ਮਧੁਮੱਖੀਆਂ ਪਾਲਦੇ ਹਨ, ਅਤੇ ਮਖੀਰਾਂ ਦੇ ਬਚਾਉ ਲਈ ਆਪਣੀਆਂ ਝੁੱਗੀਆਂ ਦੀਆਂ ਕੰਧਾਂ ਵਿਖ ਘਰ ਬਣਾ ਦਿੰਦੇ ਹਨ, ਇਹ ਕਦੇ ਉਨ੍ਹਾਂ ਵਿੱਚੋਂ ਮਾਖਿਓਂ ਕੱਢ ਲੈਂਦਾ ਹੈ,ਕਿਸੇ ਵੇਲੇ ਭੇਡ ਬੱਕਰੀ ਨੂੰ ਬੀ ਮਾਰ ਸਿੱਟਦਾ ਹੈ, ਪਰ ਬਾਹਲਾ ਮਾਸ ਨਹੀਂ ਖਾਂਦਾ ਇਸ ਦੀਆਂ ਅੱਖਾਂ ਵਿਖੇ ਜੋਤ ਘੱਟ ਹੁੰਦੀ ਹੈ, ਹਾਂ ਸੁੰਘਣ ਦੀ ਸ਼ਕਤਿ ਤ੍ਰਿੱਖੀ ਹੁੰਦੀ ਹੈ, ਵਾਉ ਦੇ ਵੇਗ ਦੀ ਵੱਲੋਂ ਕੋਈ ਇਸ ਦੀ ਵੱਲ ਨੂੰ ਜਾਂਦਾ ਹੋਏ, ਤਾਂ ਕੰਨ ਖੜੇ ਕਰ ਲੈਂਦਾ ਹੈ, ਜੇ ਇਸ ਪੁਰ ਹੱਲਾ ਕਰੋ ਤਾਂ ਵੱਡੇ ਬਲ ਨਾਲ ਸਾਮ੍ਹਣਾ ਕਰਦਾ ਹੈ। ਬ_ਤਾ ਮਨੁੱਖ ਦੇ ਸਿਰ ਪੁਰ ਪੰਜਾ ਮਾਰਦਾ ਹੈ,ਖੋਪਰੀ ਦੀ ਖੱਲ ਵਾਲਾਂ ਸਣੇ ਉਡਾ ਲੈ ਜਾਂਦਾ ਹੈ, ਅਤੇ ਰੂਪ ਅਜੇਹਾ ਵਿਗਾੜ ਦਿੰਦਾ ਹੈ, ਕਿ ਦੇਖਣ ਤੇ ਡਰ ਆਉਂਦਾ ਹ ॥

ਦੂਜੀ ਪ੍ਰਕਾਰ ਦੇ ਕਾਲੇ ਰਿੱਛ ਅਜੇਹੀ ਥਾਂ ਬਹੁਤ ਹੀ ਹੁੰਦੇ ਹਨ, ਕਿ ਜਿੱਥੇ ਪਹਾੜੀਆਂ, ਪਥਰੀਲੀਆਂ

ਘਾਟੀਆਂ ਅਤੇ ਕੰਦਰਾਂ ਵਿਚ ਹੁੰਦੀਆਂ ਹਨ। ਅਜੇਹਿਆਂ ਰਿੱਛਾਂ ਕੋਲੋਂ ਜਾਨ ਦਾ ਡਰ ਬਹੁਤ ਹੁੰਦਾ ਹੈ ॥ ਏਹ ਵਿੰਧਯਾਚਲ ਦੀਆਂ ਧਾਰਾਂ ਵਿਖੇ ਬਹੁਤ ਹੁੰਦੇ ਹਨ, ਲੱਕੜੀਆਂ ਵੱਢਣ ਵਾਲਿਆਂ ਪੁਰ ਬਹੁਤ ਆ ਪੈਂਦੇ ਹਨ, ਅਤੇ ਜਾਂ ਕੋਈ ਇਨ੍ਹਾਂ ਦਾ ਪਿੱਛਾ ਕਰਦਾ ਹੈ, ਤਾਂ ਰਿੱਛਣੀ ਆਪਣੇ ਬੱਚੇ ਨੂੰ ਪਿੱਠ ਪੁਰ ਸਿੱਟ ਲੈਂਦੀ ਹੈ ਅਤੇ ਬਚਾ ਕੇ ਲੈ ਜਾਂਦੀ ਹੈ। ਏਹ ਕੀੜੀਆਂ, ਸੇਉਂਕ, ਨਿੱਕੇ ਨਿੱਕ ਕੀੜੇ, ਮਖੀਰ, ਖਜੂਰਾਂ ਅਤੇ ਹੋਰ ਫਲ ਖਾ ਕੇ ਨਿਰਬਾਹ ਕਰਦੇ ਹਨ। ਕਦੇ ਪੰਛੀਆਂ ਦਿਆਂ ਆਲ੍ਹਣਿਆਂ ਨੂੰ ਉਜਾੜਦੇ ਹਨ, ਅਤੇ ਉਨ੍ਹਾਂ ਦੇ ਆਂਡੇ ਖਾ ਜਾਂਦੇ ਹਨ। ਇਨ੍ਹਾਂ ਵਿਖੇ ਸਾਹ ਖਿੱਚਣ ਦਾ ਵੱਡਾ ਬਲ ਹੁੰਦਾ ਹੈ, ਜਿੱਥੇ ਸੇਉਂਕ ਦੇ ਘਰ ਹੁੰਦੇ ਹਨ, ਇਹ ਹੱਥਾਂ ਦਿਆਂ ਪੰਜਿਆਂ ਨਾਲ ਮਿੱਟੀ ਖਰੋਚਦੇ ਹਨ, ਫੂਕ ਮਾਰਕੇ ਉਡਾ ਦਿੰਦੇ ਹਨ ਅਤੇ ਬੂਥਾ ਨੂੰ ਹੁੱਡ ਪੁਰ ਰੱਖਕੇ ਅਜੇਹਾ ਸਾਹ ਉੱਪਰ ਨੂੰ ਖਿੱਚਦੇ ਹਨ ਕਿ ਸੇਉਂਕ ਨੂੰ ਬੱਚਿਆਂ ਸਣੇ ਦੂਰੋਂ ਚੜ੍ਹਾ ਜਾਂਦੇ ਹਨ ॥

ਬੱਗਾ ਰਿੱਛ ਸਾਰਿਆਂ ਰਿੱਛਾਂ ਕੋਲੋਂ ਵੱਡਾ ਹੁੰਦਾ ਹੈ, ਉੱਤਰੀ ਸਾਗਰ ਦਿਆਂ ਕੰਢਿਆਂ ਪੁਰ ਜੋ ਇੱਥੋਂ ਬਹੁਤ ਦੂਰ ਹੈ, ਬਰਫ਼ ਪਈ ਰਹਿੰਦੀ ਹੈ, ਅਤੇ ਸਮੁੰਦਰ ਵਿਖੇ



ਗਾਹਲੜ

ਬੀ ਬਰਫ਼ ਦੇ ਪਰਬਤਾਂਦੇ ਪਰਬਤ ਪਏਰਹਿੰਦੇਹਨ, ਕੋਹਾਂ ਤੀਕ: ਪਾਣੀ ਜੰਮਿਆਂ ਰਹਿੰਦਾ ਹ, ਉੱਥੇ ਅਜੇਹੇ ਰਿੱਛ ਰਹਿੰਦੇ ਹਨ। ਇਨ੍ਹਾਂ ਦੀਆਂ ਤਲੀਆਂ ਪੁਰ ਮੋਟੇ ਮੋਟੇ ਵਾਲ ਹੁੰਦੇ ਹਨ, ਇਸ ਕਾਰਨ ਤਿਲਕਣੀ ਬਰਫ਼ ਪੁਰ ਚੰਗੀਤਰ੍ਹਾਂ ਦੌੜ ਸਕਦੇ ਹਨ, ਪਾਣੀਵਿਖੇ ਤੁਰਦੇਬੀ ਹਨ, ਅਤੇ ਟੁੱਬੀ ਬੀ ਮਾਰ ਜਾਂਦੇ ਹਨ। ਕਦੇ ਕਦੇ ਸਹੇ ਨੂੰ ਪਕੜ ਲੈਂਦੇ ਹਨ, ਅਤੇ ਪੰਛੀਆਂ ਦੇ ਨਿੱਕੇ ਨਿੱਕੇ ਬੱਚੇ ਕੱਢਕੇ ਖਾ ਜਾਂਦੇ ਹਨ, ਪਰ ਇਨ੍ਹਾਂ ਦਾ ਖਾਜਾ ਬਹੁਤ ਮੱਛੀਆਂ ਯਾ ਦਰਿਆਈ ਵੱਛਾ ਹੈ। ਇਹ ਬੀ ਇਕ ਅਚ-ਰਜ ਜੰਤੂ ਹੈ, ਇਸਦਾ ਬ੍ਰਿਤਾਂਤ ਬੀ ਅੱਗੇ ਆਉਂਦਾ ਹੈ॥

---

## ਗਾਹਲੜ੍ਹੀ

ਇਹਅਚਰਜ ਚੁਸਤ ਅਤੇਚੰਚਲ ਹੁੰਦਾਹੈ,ਹਿਦੁ-ਸਤਾਨ ਵਿਖੇ ਕਈ ਪ੍ਰਕਾਰ ਦੇ ਹੁੰਦੇ ਹਨ, ਹਰ ਪ੍ਰਕਾਰ ਦੇ ਗਾਹਲੜ ਦਾ ਬਿੱਤ ਅਤੇ ਰੰਗ ਵੱਖੋ ਵੱਖਰਾ ਹੁੰਦਾ ਹੈ ਪਰ ਘਸਮੈਲੇਰੰਗ ਦਾ ਨਿੱਕਾ ਗਾਹਲੜ ਬਹੁਤੀ ਥਾਈਂ ਵੇਖਣ ਵਿੱਚ ਆਉਂਦਾ ਹੈ। ਉਸਦੀ ਪਿੱਠ ਪੁਰ ਕਾਲੀਆਂ:

ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਸਦੀ ਚੁਸਤੀ ਅਤੇ ਫੁਰਤੀਲਾਪਣ ਵੇਖਕੇ ਮਨ ਪਰਸੰਨ ਹੁੰਦਾ ਹੈ। ਉਹ ਬੜਾ ਚੰਚਲ ਅਤੇ ਚਪਲ ਹੈ, ਅਤਿ ਹੀ ਨਿਡਰ ਅਤੇ ਵੇਸਲਾ। ਵੇਖਦਾ ਹੈ, ਕਿ ਕੁੱਤਾ ਛਾਹ ਵੱਟੀ ਆਉਂਦਾ ਹੈ, ਤੇ ਅਣਜਾਣ ਬਣ ਜਾਂਦਾ ਹੈ, ਜਦ ਸਿਰ ਉੱਪਰ ਹੀ ਆ ਪਹੁੰਚਦਾ ਹੈ, ਤਾਂ ਚੀਂ ਚੀਂ ਕਰਕੇ ਭੱਜਦਾ ਹੈ, ਏਧਰ ਓਧਰ ਕਿਸੇ ਰੁੱਖ ਪੁਰ ਦੌੜ ਕੇ ਚੜ੍ਹ ਜਾਂਦਾ ਹੈ, ਅਤੇ ਅਵੱਸ਼ ਮੁੜ ਮੁੜ ਵੈਰੀ ਵੱਲ ਤੱਕਦਾ ਜਾਂਦਾ ਹੈ, ਜਾਣੋਂ ਖਿਝਾਉਣ ਲਈ ਮੂੰਹ ਚੜ੍ਹਾਉਂਦਾ ਹੈ॥

ਜਾਂ ਕਿਸੇ ਬਿਰਛ ਦੀ ਡਾਲ ਪੁਰ ਪੈਰਾਂ ਦੇ ਭਾਰ ਬਹਿੰਦਾ ਹੈ, ਅਤੇ ਨਿਕਿਆਂ ਨਿਕਿਆਂ ਪੰਜਿਆਂ ਵਿਖੇ ਕੋਈ ਨਿੱਗਰ ਫਲ ਫੜਿਆ ਹੁੰਦਾ ਹੈ, ਤਾਂ ਵੇਖੋ! ਲੰਮਿਆਂ ਲੰਮਿਆਂ ਤ੍ਰਿੱਖਿਆਂ ਦੰਦਾਂ ਨਾਲ ਉਸਦੇ ਕਰੜੇ ਛਿੱਲੜ ਨੂੰ ਕਿੱਕੁਰ ਕੁਤਰਦਾ ਹੈ । ਇਸ ਦੇ ਕੁਤਰੇ ਹੋਏ ਫਲ ਯਾ ਕਿਸੇ ਦਾਣੇ ਨੂੰ ਚਾਓ, ਦੇਖੋ ਜਿਨ੍ਹਾਂ ਦੰਦੀਆਂ ਨਾਲ ਕੁਤ-ਰਿਆ ਹੈ, ਕੇਹੇ ਉਨ੍ਹਾਂ ਦੇ ਚਿੰਨ੍ਹ ਪਰਤੀਤ ਹੁੰਦੇ ਹਨ । ਤੁਹਾਨੂੰ ਸਹੇ ਦਾ ਬ੍ਰਿਤਾਂਤ ਚੇਤੇ ਹੈ ? ਇਹ ਬੀ ਸਹੇ, ਚੂਹੇ ਅਤੇ ਚੂਹੀ ਵਾਕਰ ਕੁਤਰਨ ਵਾਲਿਆਂ ਜੰਤੂਆਂ ਵਿਚੋਂ ਹੈ। ਕੇਹੀਆਂ ਹੀ ਨਿਗਰ ਵਸਤਾਂ ਹੋਣ ਪਰ ਅਜੇਹੀਆਂ

ਬਹੁਤ ਘੱਟ ਹੋਣਗੀਆਂ ਕਿ ਜਿਨ੍ਹਾਂ ਵਿਖੇ ਇਸ ਦੇ ਛੈਣੀ ਜੇਹੇ ਤ੍ਰਿੱਖੇ ਦੰਦ ਖੁੱਭ ਨਾ ਜਾਨ॥

ਤੁਸੀਂ ਜਰੂਰ ਕਹੋਗੇ,ਕਿ ਜਦ ਗਾਹਲੜ ਹੋਰਨਾਂ ਕੁਤਰਨ ਵਾਲਿਆਂ ਜਨੌਰਾਂ ਵਾਕਰ ਸਦਾ ਦੰਦ ਚਲਾਈ ਜਾਂਦਾ ਹੈ ਅਤੇ ਸਭਨਾਂ ਤਰ੍ਹਾਂ ਦੀਆਂ ਨਿੱਗਰ ਵਸਤਾਂ ਨੂੰ ਕੁਤਰਦਾ ਰਹਿੰਦਾ ਹੈ ਤਾਂ ਓਹ ਘਸਕੇ ਖੁੰਡੇ ਕਿਉਂ ਨਹੀਂ ਹੋ ਜਾਂਦੇ ? ਤ੍ਰਖਾਣ ਆਪਣੀ ਛੈਣੀ ਨੂੰ, ਮੋਚੀ ਆਪਣ ਰੰਬੀ ਨੂੰ ਤ੍ਰਿੱਖੀ ਕਰਦਾ ਹੈ, ਅਤੇ ਜੋ ਤ੍ਰਿੱਖੀ ਧਾਰ ਵਾਲਾ ਸੰਦ ਹੈ, ਘਸਦਾ ਘਸਦਾ ਖੁੰਡਾ ਹੋ ਜਾਂਦਾ ਹੈ, ਗਾਹਲੜ ਤਾਂ ਆਪਣਿਆਂ ਦੰਦਾਂ ਨੂੰ ਕਦੇ ਤ੍ਰਿੱਖੇ ਨਹੀਂ ਕਰਦਾ। ਹਾਂ, ਉਹ ਨਹੀਂ ਕਰਦਾ, ਪਰਮੇਸੁਰ ਨੇ ਉਸਦੇ ਦੰਦ ਅਚਰਜ ਚਤੁਰਾਈ ਨਾਲ ਬਣਾਏ ਹਨ, ਉਨ੍ਹਾਂ ਦਾ ਬਾਹਰਲਾ ਪਾਸਾ ਬਹੁਤ ਨਿੱਗਰ ਹੈ, ਇਸ ਲਈ ਘੱਟ ਘਸਦਾ ਹੈ, ਅੰਦਰਲਾ ਪਾਸਾ ਨਰਮ ਹੈ, ਉਹ ਜਿਉਂ ਜਿਉਂ ਘਸਦਾ ਹੈ, ਦੰਦ ਵਿੰਗੇ ਹੁੰਦੇ ਜਾਂਦੇ ਹਨ,ਅਤੇ ਸਾਮ੍ਹਣੀ ਧਾਰ ਤ੍ਰਿੱਖੀ ਰਹਿੰਦੀ ਹੈ। ਜਦ ਤੁਸੀਂ ਹਿੰਦੁਸਤਾਨੀ ਲਿੱਖਣ ਬਣਾਉਂਦੇ ਹੋ, ਤਾਂ ਵੇਖੋ, ਇਕ ਵੱਲੋਂ ਛਿੱਲਦੇ ਜਾਂਦੇ ਹੋ, ਦੂਜਾ ਪਾਸਾ ਤ੍ਰਿੱਖਾ ਅਤੇ ਪਤਲਾ ਹੁੰਦਾ ਜਾਂਦਾ ਹੈ। ਫੇਰ ਤੁਸੀ ਕਹੋਗੇ ਕਿ ਜਦ ਘਸਦੇ ਹਨ ਤਾਂ ਨਾਲ ਨਾਲ ਛੋਟੇ ਹੁੰਦੇ

ਜਾਂਦੇ ਹੋਣਗੇ। ਹਾਂ ਇਹੋ ਹੁੰਦਾ ਹੈ, ਪਰ ਕੁਤਰਣ ਵਾਲੇ ਜੰਤੂ ਜਦ ਤੀਕਰ ਜੀਉਂਦੇ ਹਨ, ਤਦ ਤੀਕ ਉਨ੍ਹਾਂ ਦੇ ਦੰਦ ਵਧਦੇ ਰਹਿੰਦੇ ਹਨ, ਹੋਰਨਾਂ ਜੰਤੂਆਂ ਦੇ ਦੰਦ ਜੋ ਨਿਕਲਦੇ ਹੁੰਦੇ ਹਨ, ਇੱਕੋ ਵਾਰ ਨਿਕਲ ਚੁੱਕਦੇ ਹਨ॥

ਗਾਹਲੜ ਬਾਹਲਾ ਬਿਰਛਾਂ ਹੀ ਵਿਖ ਰਹਿੰਦਾ ਹੈ ਘਾ, ਉਂਨ, ਤੂੰ, ਲੋਗੜ ਆਦਿਕਾਂ ਦਾ ਆਹਲਣਾ ਬਣਾ ਲੈਂਦਾ ਹੈ। ਬਹੁਤਾ ਰੁੱਖ ਦੇ ਪੋਲ ਵਿੱਚ, ਕਦੇ ਛੱਜਿਆਂ ਵਿਖੇ, ਯਾ ਛੱਪਰ ਵਿਖੇ, ਯਾ ਛੱਤ ਦੀਆਂ ਕੜੀਆਂ ਵਿਖੇ ਘਰ ਬਣਾਉਂਦਾ ਹੈ। ਕਲੀਆਂ, ਗਿਰੀਆਂ, ਫਲ ਖਾ ਕੇ ਨਿਰਬਾਹ ਕਰਦਾ ਹੈ, ਬਾਹਲੇ ਰੋਟੀ ਦੇ ਟੁਕੜੇ ਅਨਾਜ ਦੇ ਦਾਣੇ ਲੈਣ ਲਈ ਘਰਾਂ ਦੇ ਅੰਦਰ ਬੀ ਆ ਜਾਂਦੇ ਹਨ। ਖੁਰਾਕ ਦੀ ਭਾਲ ਵਿਖੇ ਭੋਂ ਪੁਰ ਉਤਰ ਆਉਂਦਾ ਹੈ, ਇਸ ਵੇਲੇ ਕਦੇ ਕਦੇ ਸ਼ਿਕਾਰੀ ਪੰਛੀ ਝਪੱਟਾ ਮਾਰਕੇ ਇਸਨੂੰ ਲੈ ਜਾਂਦੇ ਹਨ। ਇਸ ਦਿਆਂ ਬੱਚਿਆਂ ਨੂੰ ਨਿੱਕੇ ਨਿੱਕੇ ਮੁੰਡੇ ਫੜਕੇ ਚੰਗੀ ਤਰ੍ਹਾਂ ਗਿਝਾ ਲੈਂਦੇ ਹਨ, ਦੁੱਧ ਪਿਲਾਉਂਦੇ ਹਨ, ਪੇੜੇ ਖੁਆਉਂਦੇ ਹਨ, ਸੁਨਹਿਰੀ ਰੁਪਹਿਰੀ ਤੋਈ ਅਤੇ ਬੁਣਤ ਦ ਪਟੇ ਸੀਉਂਕੇ ਗਲ ਵਿਖੇ ਪਾਉਂਦੇ ਹਨ, ਰੇਸ਼ਮੀ, ਤਿੱਲੇਦਾਰ ਡੋਰ ਉਸ ਨਾਲ ਬੰਨ੍ਹਦੇ ਹਨ, ਅਤੇ ਹੱਥਾਂ ਉੱਤੇ ਨਚਾਉਂਦੇ ਹਨ, ਇਸ ਲਾਡਲੇ



ਚਕਚੂੰਦਰ

G.M.; MAYO SCHOOL OF ART, LAHORE.

ਨੂੰ ਅਣੋਖੀ ਖੇਡ ਅਤੇ ਨਵਾਂ ਤਮਾਸ਼ਾ ਜਾਣਦੇ ਹਨ। ਇੱਥੇ ਦੇ ਚਿੱਤ੍ਰਕਾਰ ਇਸਦੀ ਪੂਛ ਦਿਆਂ ਵਾਲਾਂ ਦੀ ਲਿੱਖਣ ਬਣਾਉਂਦੇ ਹਨ, ਸੋਹਣੀਆਂ ਸੋਹਣੀਆਂ ਮੂਰਤਾਂ ਲਿਖਦੇ ਹਨ,ਏਹ ਲੋਕ ਇਸਦੀ ਪੂਛਦੇ ਕਾਰਣ ਖੱਟ ਖਾਂਦੇਹਨ॥

——

## ਚਕਚੂੰਦਰ

ਰਤੀ ਸੁਣਨਾਂ ! ਇਹ ਚਿਲ ਚਿਲ ਚਿਲ ਚਿਲ ਦੀ ਕਹੀ ਅਵਾਜ ਆਉਂਦੀ ਹੈ, ਅਲਮਾਰੀ ਦੇ ਪਿੱਛੇ ਜਰੂਰ ਕੋਈ ਜਨੌਰ ਹੋਇਗਾ: ਰਤੀ ਸੋਟੀ ਨਾਲ ਖੜਕਾ ਦੇਓ ਕਿ ਦੌੜ ਜਾਏ। ਦੇਖੋ ! ਦੇਖੋ ! ਔਹ ਨੱਠਾ ਜਾਂਦਾਹੈ, ਓਹੋ ਕੇਹੀ ਸੜੀ ਹੋਈ ਦੁਰਗੰਧ ਆਈ ਹੈ, ਇਹ ਚਕ-ਚੂੰਧਰ ਹੈ। ਬਿੱਲੀ ਨੂੰ ਨਾ ਬੁਲਾਓ, ਉਹ ਇਹਦਾ ਸ਼ਿਕਾਰ ਨਹੀਂ ਕਰੇਗੀ। ਚੂਹੀਆਂ ਚਾਹੀਆਂ ਨੂੰ ਬਿੱਲੀ ਮਾਰ ਲੈਂਦੀ ਹੈ ਪਰ ਇਸਦੀ ਦੁਰਗੰਧਿ ਤੇ ਉਸਨੂੰ ਬੀ ਘੇਰਨੀ ਆਉਂਦੀ ਹੈ, ਇਸ ਦੁਰਗੰਧਿ ਦੇ ਕਾਰਣ ਇਹ ਬਿਚਾਰਾ ਡਰਾਕਲ ਜਨੌਰ ਬਚ ਰਹਿੰਦਾ ਹੈ। ਕਦੇ ਤੁਸਾਂ ਇਸਨੂੰ ਧਯਾਨ ਨਾਲ ਡਿੱਠਾ ਹੋਇਗਾ ਤਾਂ ਮਲੂਮ ਕੀਤਾ ਹੋਇਗਾ ਕਿ ਇਸਦੀ ਥੂਥੀ ਕੇਹੀ ਲੰਮੀ ਅਤੇ ਗੋਲ ਮੋਲ ਹੈ,

ਇਹੋ ਬੂਥੀ ਓਵੇਂ ਕਹਿ ਦਿੰਦੀ ਹੈ ਕਿ ਇਹ ਚੂਹਾ ਨਹੀਂ। ਇਸਦੇ ਅਗਲੇ ਦੰਦ ਬੀ ਕੁਤਰਣ ਵਾਲਿਆਂ ਜਨੌਰਾਂ ਦਿਆਂ ਦੰਦਾਂ ਵਰਗੇ ਨਹੀਂ ਹੁੰਦੇ। ਇਸ ਦੀਆਂ ਦਾੜ੍ਹਾਂ ਪੁਰ ਨਿਕੇ ਨਿਕੇ ਤ੍ਰਿੱਖੇ ਕੇਡੇ ਉੱਠੇ ਹੋਏ ਹੁੰਦੇ ਹਨ, ਏਹ ਜਨੌਰ ਜੋ ਕੁਝ ਖਾਂਦੇ ਹਨ ਪੀਹਕੇ ਚੱਬਦੇ ਹਨ, ਇਸਲਈ ਇਨ੍ਹਾਂ ਨੂੰ ਪਰਮੇਸੁਰ ਨੇ ਚੌੜੀਆਂ ਅਤੇ ਪੱਧਰੀਆਂ ਦਾੜ੍ਹਾਂ ਦਿੱਤੀਆਂ ਹਨ। ਇਸ ਗੱਲੋਂ ਤੁਸੀਂ ਓਵੇਂ ਕਹ ਦੇਓਗੇ ਕਿ ਚਕਚੂੰਧਰ ਕੁਤਰਣ ਵਾਲਿਆਂ ਜਨੌਰਾਂ ਦੀ ਤਰ੍ਹਾਂ ਨਾ ਤਾਂ ਕਰੜੀ ਵਸਤੂ ਨੂੰ ਮੋਹਰਲਿਆਂ ਦੰਦਾਂ ਨਾਲ ਕੁਤਰ ਸਕਦੀ ਹੋਇਗੀ, ਨਾਂ ਦਾੜ੍ਹਾਂ ਨਾਲ ਪੀਹ ਸਕਦੀ ਹੋਇਗੀ ਅਤੇ ਉਸਦਾ ਖਾਜਾ ਬੀ ਹੋਰ ਹੀ ਪ੍ਰਕਾਰ ਦਾ ਹੋਇਗਾ। ਸੱਚ ਮੁੱਚ ਤੁਹਾਡੀ ਇਹ ਸੋਚ ਠੀਕ ਹੋਇਗੀ। ਤੁਹਾਨੂੰ ਚੇਤੇ ਹੈ, ਤੀਜੀ ਪੁਸਤਕ ਵਿਖੇ ਪੜ੍ਹਿਆ ਸਾ ਕਿ ਚਕਚੂੰਧਰ ਜੰਗਲੀ ਚੂਹੇ ਦੀ ਤਰ੍ਹਾਂ ਕੀੜੇ ਖਾਣ ਵਾਲਾ ਜੰਤੂ ਹੈ ? ਹਾਂ! ਇਹਦੇ ਤ੍ਰਿਖੇ ਅਤੇ ਨੋਕਾਂ ਵਾਲੇ ਦੰਦ ਚੁਸਤ ਕੀੜਿਆਂ ਦੇ ਸ਼ਿਕਾਰ ਵਿਖੇ ਚੰਗੇ ਕੰਮ ਆਉਂਦੇ ਹਨ, ਕਿਉਂਕਿ ਤੁਰਤ ਚੁੱਭ ਜਾਂਦੇ ਹਨ, ਅਤੇ ਜਾਂ ਓਹ ਸ਼ਿਕਾਰ ਪਕੜਦੀ ਹੈ, ਤਾਂ ਉਨ੍ਹਾਂ ਹੀ ਨਾਲ ਟੋਟੇ ਟੋਟੇ ਕਰ ਸਿੱਟਦੀ ਹੈ ॥

ਚਕਚੂੰਧਰ ਦੇ ਪੈਰ ਨਿੱਕੇ ਨਿੱਕੇ ਪਤਲੇ ਪਤਲੇ ਹਨ। ਇਹ ਬੀ ਸਾਰਿਆਂ ਕੀੜੇ ਭੱਖ ਜਨੌਰਾਂ ਦੀ ਤਰ੍ਹਾਂ ਜਿੱਕੁਰ ਰਿੱਛ ਚਲਦਾ ਹੈ ਭੋਂ ਪੁਰ ਪੈਰ ਰਖਕੇ ਚਲਦੀ ਹੈ, ਕੁੱਤੇ, ਬਿੱਲੀ, ਲੱਕੜ ਬੱਗੇ ਵਾਕਰ ਪੰਜੇ ਟੇਕਕੇ ਨਹੀਂ ਚਲਦੀ। ਇਸਦੀਆਂ ਦੋਹਾਂ ਵੱਖੀਆਂ ਵਿੱਚ ਖੱਲ ਦੇ ਹੇਠਾਂ ਗਦੂਦ ਹੁੰਦੀ ਹੈ, ਉੱਸੇ ਵਿੱਚੋਂ ਇਹ ਦੁਰਗੰਧਿ ਨਿਕਲਦੀ ਹੈ। ਇਸ ਦੀ ਗੰਧਿ ਵਿੱਚੋਂ ਕਸਤੂਰੀ ਦੀ ਗੰਧਿ ਵਾਕਰ ਲਪਕ ਆਉਂਦੀ ਹੈ, ਪਰ ਸੜੀ ਹੋਈ ਅਤੇ ਅਣਭਾਉਂਦੀ ਹੁੰਦੀ ਹੈ। ਇਸ ਦੀ ਗੰਧਿ ਵਿਖੇ ਅਜੇਹੀ ਸ਼ਕਤਿ ਹੈ ਕਿ ਜਿਸ ਵਸਤੂ ਪੁਰੋਂ ਇਕ ਵਾਰ ਚਕਚੂੰਧਰ ਲੰਘ ਜਾਏ ਤੁਰਤ ਉਸ ਵਿਖੇ ਰਚ ਜਾਂਦੀ ਹੈ, ਜੇ ਕਿਸੇ ਪਾਣੀ ਦੇ ਭਾਂਡੇ ਪੁਰ ਦੀ ਹੋਕੇ ਜਾਏ ਤਾਂ ਜਲ ਅਜੇਹੀ ਗੰਧਿਵਾਲਾ ਹੋ ਜਾਂਦਾ ਹੈ, ਕਿ ਪੀੱਤਾ ਨਹੀਂ ਜਾਂਦਾ, ਅਤੇ ਸੁਹਲਸੁਭਾਉ ਲੋਕ ਤਾਂ ਮੂੰਹ ਨਾਲ ਬੀ ਨਹੀਂ ਲਾ ਸਕਦੇ ਸਗਵਾਂ ਇਹ ਬੀ ਕਹਿੰਦੇ ਹਨ ਕਿ ਬੋਤਲ ਦਾ ਮੂੰਹ ਗੱਟੇ ਨਾਲ ਬੰਦ ਹੋਇ, ਅਤੇ ਚਕਚੂੰਧਰ ਉੱਪਰੋਂ ਫਿਰ ਜਾਏ, ਤਾਂ ਜੋ ਵਸਤੂ ਬੋਤਲ ਦੇ ਅੰਦਰ ਹੈ ਉਹ ਬੀ ਮੁਸ਼ਕ ਜਾਂਦੀ ਹੈ। ਆਟਾ ਯਾ ਹੋਰ ਕੋਈ ਖਾਣ ਵਾਲੀ ਵਸਤ ਇਸ ਨਾਲ ਛੁਹ ਜਾਏ ਤਾਂ ਚਿਰਾਂ ਤਕ ਉਸ ਵਿਖੇ ਦੁਰਗੰਧਿ

ਰਹਿੰਦੀ ਹੈ, ਅਤੇ ਉਹ ਖਾਣ ਦੇ ਜੋਗ ਨਹੀਂ ਰਹਿੰਦੀ॥

ਇਹਦਾ ਰੰਗ ਮਿੱਟੀ ਜੇਹਾ ਹੁੰਦਾ ਹੈ, ਪਰ ਵਾਲਾਂ ਦੀਆਂ ਨੋਕਾਂ ਰਤੀ ਲਾਲ ਛਾਹ ਮਾਰਦੀਆਂ ਹਨ, ਅਤੇ ਉਨ੍ਹਾਂ ਦਾ ਰੰਗ ਤ੍ਰਿਖੀ ਲੋ ਵਿਖੇ ਚੰਗੀ ਤਰ੍ਹਾਂ ਪ੍ਰਤੀਤ ਹੁੰਦਾ ਹੈ। ਇਸਦਾ ਡੀਲ ਭਿੰਨ ਭਿੰਨ ਤਰ੍ਹਾਂ ਦਾ ਹੁੰਦਾ ਹੈ, ਪਰ ਪ੍ਰਸਿੱਧ ਚਕਚੂੰਧਰ ਪੂਛ ਸਣੇ ੧੦ ਇੰਚ ਲੰਮੀ ਹੁੰਦੀ ਹੈ। ਚਕਚੂੰਧਰ ਗਰਮ ਦੇਸਾਂ ਵਿਖੇ ਹੁੰਦੀ ਹੈ, ਠੰਢ ਇਸਨੂੰ ਬਹੁਤ ਅਕਾਉਂਦੀ ਹੈ। ਤੁਸਾਂ ਸੋਚਿਆ ਹੋਇਗਾ, ਕਿ ਸਰਦੀ ਵਿਖੇ ਇਸ ਦੀ ਅਵਾਜ਼ ਘੱਟ ਸੁਨਣ ਵਿਖੇ ਆਉਂਦੀ ਹੈ, ਜਿਉਂ ਜਿਉਂ ਗਰਮੀ ਆਉਂਦੀ ਹੈ, ਏਹ ਬੀ ਘਰਾਂ ਵਿਖੇ ਵਧਦੀਆਂ ਜਾਂਦੀਆਂ ਹਨ। ਦਿਨ ਨੂੰ ਮੋਰੀਆਂ ਵਿਖੇ, ਖੁੱਡਾਂ ਵਿਖੇ, ਅਨ੍ਹੇਰੀਆਂ ਕੋਠੜੀਆਂ ਵਿਖੇ, ਯਾ ਸੰਦੂਕਾਂ ਅਤੇ ਸਫ਼ਾਂ ਦੇ ਹੇਠਾਂ ਅਤੇ ਜਿੱਥੇ ਆਸਰਾ ਪਾਉਂਦੀ ਹੈ ਲੁਕ ਰਹਿੰਦੀ ਹੈ, ਰਾਤ ਨੂੰ ਸ਼ਿਕਾਰ ਲਈ ਬਾਹਰ ਨਿਕਲਦੀ ਹੈ। ਇਹ ਇਕ ਤਰ੍ਹਾਂ ਗੁਣਕਾਰ ਬੀ ਹੈ, ਕਿਉਂਕਿ ਝੀਂਗੜਾਂ, ਗੁਬਰੀਲਿਆਂ, ਮੱਛਰਾਂ ਅਤੇ ਹੋਰਨਾਂ ਕੀੜਿਆਂ ਦਾ ਸ਼ਿਕਾਰ ਕਰਦੀ ਹੈ॥

---



ਕੰਗਰੂ

MAYO SCHOOL OF ART. LAHORE.

# ਕੈਂਗਰੂ

ਇਹ ਹੋਰ ਹੀ ਤਰ੍ਹਾਂ ਦਾ ਜਨੌਰ ਹੈ, ਹਿੰਦੁਸਤਾਨ ਵਿਖੇ ਅਜੇਹਾ ਕੋਈ ਜਨੌਰ ਨਹੀਂ ਦਿਸਦਾ। ਹਰਨ ਦੀ *ਨੁਹਾਰ ਜੇਹੀ ਪਿਆਰੀ ਪਿਆਰੀ ਨੁਹਾਰ,ਗੋਲ ਲਮੂਤਰਾ ਅਕਾਰ, ਨਿੱਕੇ ਨਿੱਕੇ ਹੱਥ, ਲੰਮੇ ਲੰਮੇ ਤਕੜੇ ਪੈਰ ਅਤੇ ਲੱਤਾਂ, ਚੌੜੀ ਅਤੇ ਵੱਡੀ ਲੰਮੀ ਪੂਛ। ਜਦ ਪੂਛ ਅਤੇ ਪੈਰਾਂ ਦੇ ਭਾਰ ਸਿੱਧਾ ਖਲੋਂਦਾ ਹੈ, ਤਾਂ ਨਿੱਕੇ ਨਿੱਕੇ ਹੱਥ ਹਿੱਕ ਪੁਰ ਲਟਕੇ ਹੋਏ ਕੇਹੇ ਸੋਹਣੇ ਪ੍ਰਤੀਤ ਹੁੰਦੇ ਹਨ। ਇਸਦਿਆਂ ਹੱਥਾਂ ਪੈਰਾਂ ਦੀ ਬਣਾਉਟ ਵੇਖਕੇ ਤੁਸੀਂ ਕਹਿੰਦੇ ਹੋਵੋਗੇ, ਕਿ ਇਸ ਦੇ ਹੱਥ ਦੌੜਨ ਵਿਖੇ ਕੰਮ ਦੇ ਨਹੀਂ, ਜਦ ਉਹ ਚੌਹਾਂ ਪੈਰਾਂ ਨਾਲ ਚਲਦਾ ਹੈ, ਤਾਂ ਲਟਕਾਉਂਦਾ ਪਟਕਾਉਂਦਾ ਕੋਝਾ ਪ੍ਰਤੀਤ ਹੁੰਦਾ ਹੈ, ਪਰ ਜਦ ਵੈਰੀ ਪਿੱਛਾ ਕਰਦਾ ਹੈ, ਤਾਂ ਅਚਰਜ ਪ੍ਰਕਾਰ ਦੀਆਂ ਵੱਡੀਆਂ ਵੱਡੀਆਂ ਚੌਂਕੜੀਆਂ ਭਰਦਾ ਬਰਾਬਰ ਚਲਿਆ ਜਾਂਦਾ ਹੈ, ਇਹ ਗੱਲ ਪਿਛਲਿਆਂ ਪੈਰਾਂ ਅਤੇ ਪੂਛ ਦੇ ਹੀ ਕਾਰਣ ਹੁੰਦੀ ਹੈ। ਇਕ ਇਕ

---

*ਸ਼ਕਲ।

ਛੌਂਕੜੀ ਯਾ ਛਲਾਂਗ ਵੀਹਾਂ ਵੀਹਾਂ ਫੁੱਟਾਂ ਕਲੋਂ ਘੱਟ ਨਹੀਂ ਹੁੰਦੀ, ਅਤੇ ਅਠਾਰਾਂ ਮੀਲਾਂ ਤੇ ਉਰੇ ਸਾਹ ਨਹੀਂ ਲੈਂਦਾ। ਇਸ ਦੌੜ ਪੁਰ ਧਯਾਨ ਕਰੋ, ਤਾਂ ਘੱਟ ਹੀ ਵੈਰੀ ਹੋਣਗੇ, ਜੋ ਇਸ ਨੂੰ ਫੜ ਸਕਦੇ ਹਨ, ਫੇਰ ਬੀ ਕੰਗਰੂ ਮਾਰ ਕੁੱਤੇ ਪ੍ਰਸਿੱਧ ਹਨ, ਇਨ੍ਹਾਂ ਨੂੰ ਉੱਸੇ ਦੇ ਸ਼ਿਕਾਰ ਕਰਨ ਲਈ ਪਾਲਦੇ ਅਤੇ ਗਿਝਾਉਂਦੇ ਹਨ, ਅਤੇ ਓਹ ਥੱਕਨ ਤੇ ਬਿਨਾਂ ਹੀ ਇਸ ਦੇ ਮਗਰ ਨੱਠੇ ਜਾਂਦ ਹਨ, ਜਾਂ ਅਜੇਹੇ ਥਾਂ ਘੇਰੇ ਵਿੱਚ ਆ ਜਾਂਦਾ ਹੈ, ਕਿ ਕਿਸੇ ਪਾਸੇ ਨਿਕਲ ਨਹੀਂ ਸਕਦਾ, ਤਾਂ ਹਾਰਕੇ ਸਾਮਣਾ ਕਰਦਾ ਹੈ, ਪਰ ਉਨ੍ਹਾਂ ਦੇ ਵੱਸ ਵਿੱਚ ਆ ਜਾਂਦਾ ਹੈ ॥

ਇਸਦੇ ਸ਼ਿਕਾਰ ਵਿਖੇ,ਜੋ ਚੁਸਤੀ ਅਤੇ ਵਰਿਆਮੀ ਇਸ ਕੋਲੋਂ ਅਤੇ ਇਸ ਦੇ ਸ਼ਿਕਾਰੀਆਂ ਕੋਲੋਂ ਪ੍ਰਗਟ ਹੁੰਦੀ ਹੈ, ਉਹ ਵੇਖਣ ਦੇ ਯੋਗ ਹੈ। ਜਾਂ ਬਹੁਤ ਤੰਗ ਹੁੰਦਾ ਹੈ, ਤਾਂ ਪਾਣੀ ਵਿਖੇ ਛਾਲ ਮਾਰਦਾ ਹੈ, ਇਸ ਵੇਲੇ ਚੰਗੇ ਸਿਖਲਾਏ ਹੋਏ ਕੁੱਤੇ ਚਾਹੀਦੇ ਹਨ, ਕਿਉਂਕਿ ਪਾਣੀ ਵਿਖੇ ਜਾਕੇ ਉਹ ਖੜਾ ਹੋ ਜਾਂਦਾ ਹੈ, ਅਤੇ ਉਨ੍ਹਾਂਦਾ ਰਾਹ ਤੱਕਦਾ ਹੈ, ਜਾਂ ਕੋਈ ਕੁੱਤਾ ਤਰਦਾ ਤਰਦਾ ਇਸ ਦੇ ਕੋਲ ਪਹੁੰਚਦਾ ਹੈ, ਤਾਂ ਦੋਵੇਂ ਹੱਥ ਚੁੱਕ ਕੇ ਉਸ ਪੁਰ

ੈਂਦਾ ਹੈ, ਅਤੇ ਪਾਣੀ ਦੇ ਅੰਦਰ ਐਂਨੀ ਦੇਰ ਤੀਕ ਉਸਨੂੰ ਡੋਬੀ ਰੱਖਦਾ ਹੈ, ਕਿ ਕੁੱਤਾ ਸਾਹ ਘੁੱਟਣ ਤੇ ਮਰ ਜਾਂਦਾ ਹੈ। ਇਸ ਦਾ ਨਰ ਬੜਾ ਵਰਿਆਮ ਹੁੰਦਾ ਹੈ, ਜੇ ਜਲ ਵਿਖੇ ਨਾ ਪੁੱਜ ਸੱਕੇ ਤਾਂ ਕਿਸੇ ਬਿਰਛ ਦੇ ਨਾਲ ਪਿੱਠ ਟੇਕ ਕੇ ਖੜਾ ਹੋ ਜਾਂਦਾ ਹੈ, ਇਸ ਵੇਲੇ ਬੀ ਬੜਾ ਔਖਾ ਕੁੱਤਿਆਂ ਦੇ ਵੱਸ ਵਿੱਚ ਆਉਂਦਾ ਹੈ। ਹੱਥਾਂ ਨਾਲ ਪਕੜਦਾ ਹੈ, ਅਤੇ ਤਕੜੀਆਂ ਲੱਤਾਂ ਨਾਲ ਉਨ੍ਹਾਂ ਨੂੰ ਲਤਾੜਦਾ ਹੈ, ਐਥੇ ਤਕ ਕਿ ਕਦੇ ਇੱਕੋ ਵਾਰ ਕੁੱਤੇ ਦਾ ਨਾਸ ਕਰ ਦਿੰਦਾ ਹੈ, ਪਰ ਮਦੀਨ ਵੱਡੀ ਡਰਾਕਲ ਹੁੰਦੀ ਹੈ, ਉਹ ਵਿਚਾਰੀ ਤਾਂ ਕਿਸੇ ਵੇਲੇ ਡਰ ਕੇ ਹੀ ਮਰ ਜਾਂਦੀ ਹੈ॥

ਕੰਗਰੂ ਕਈਆਂ ਅਕਾਰਾਂ ਦੇ ਹੁੰਦੇ ਹਨ, ਵੱਡੇ ਡੀਲ ਵਾਲੇ ਵੱਡੇ ਬੱਕਰੇ ਦੇ ਲਗ ਭਗ ਹੁੰਦੇ ਹਨ, ਸਿੱਧੇ ਖੜੇ ਹੁੰਦ ਹਨ, ਤਾਂ ਮਨੁੱਖ ਜੇਡੇ ਦਿਸਦੇ ਹਨ। ਕੰਗਰੂ ਦਾ ਮਾਸ ਬਹੁਤ ਸੁਆਦੀ ਹੁੰਦਾ ਹੈ, ਖੱਲ ਪੁਰ ਚੂਹੇ ਦੇ ਰੰਗ ਦੀ ਕੂਲੀ ਕੂਲੀ ਲੂੰਈ ਹੁੰਦੀ ਹੈ, ਉਸਨੂੰ ਕਮਾਕੇ ਚਮੜਾ ਬਣਾਉਣ ਤੇ ਬਹੁਤ ਨਰਮ ਨਰੀ ਬਣ ਸਕਦੀ ਹੈ, ਇਸ ਜਨੌਰ ਵਿਖੇ ਇਕ ਵੱਡੀ ਗੱਲ ਇਹ ਹੈ, ਕਿ ਪੂਛ ਜੋ ਵਡੀ ਤਕੜੀ ਹੁੰਦੀ ਹੈ, ਪੈਰਾਂ ਦਾ ਕੰਮ ਦਿੰਦੀ ਹੈ।

ਲੱਤਾਂ ਅਤੇ ਪੈਰ ਭੀ ਐਂਨੇ ਲੰਮੇ ਅਤੇ ਤਕੜੇ ਹੁੰਦੇ ਹਨ, ਕਿ ਵੇਖਕੇ ਬਹੁਤ ਅਚਰਜ ਆਉਂਦਾ ਹੈ,ਪਰ ਇਨ੍ਹਾਂ ਸਭਨਾਂ ਤੇ ਵਧੀਕ ਇਕ ਹੋਰ ਅਚਰਜ ਵਸਤੁ ਹੈ, ਉਹ ਕੀ? ਇਕ ਥੈਲੀ ਹੈ, ਜੋ ਮਦੀਨ ਨੂੰ ਬੱਚਿਆਂ ਦੇ ਪਾਲਨ ਲਈ ਪਰਮੇਸੁਰ ਨੇ ਦਿੱਤੀ ਹੈ। ਗੱਲ ਇਹ ਹੈ, ਕਿ ਇਸ ਦਾ ਬੱਚਾ ਜਾਂ ਜੰਮਦਾ ਹੈ, ਤਾਂ ਦੋ ਇੰਚ ਲੰਮਾ ਹੁੰਦਾ ਹੈ, ਅਤੇ ਅਜੇਹਾ ਮਾੜਾ, ਕਿ ਜੇ ਉਸਨੂੰ ਹੋਰਨਾਂ ਬੱਚਿਆਂ ਵਾਕਰ ਰੱਖੀਏ, ਤਾਂ ਕਦੇ ਨਾ ਬਚੇ। ਇਸ ਲਈ ਮਾਂ ਦੇ ਢਿੱਡ ਪੁਰ ਚੰਮ ਦੀ ਇਕ ਥੈਲੀ ਲੱਗੀ ਹੋਈ ਹੁੰਦੀ ਹੈ, ਜਾਂ ਬੱਚੇ ਜੰਮਦੇ ਹਨ, ਓਹ ਉਨ੍ਹਾਂ ਨੂੰ ਉਸ ਵਿਖੇ ਰੱਖ ਲੈਂਦੀ ਹੈ, ਕਈਆਂ ਸਾਤਿਆਂ ਤੀਕ ਉੱਸੇ ਵਿੱਚ ਰਹਿੰਦੇ ਹਨ, ਜ਼ਾਂ ਰਤੀ ਵੱਡੇ ਹੁੰਦੇ ਹਨ ਅਤੇ ਬਲ ਆ ਜਾਂਦਾ ਹੈ, ਤਾਂ ਟੁਰਨ ਫਿਰਨ ਲੱਗਦੇ ਹਨ । ਇਸ ਪੁਰ ਬੀ ਚਿਰ ਤੀਕ ਇਹ ਹਾਲ ਰਹਿੰਦਾ ਹੈ, ਕਿ ਰਤੀ ਕੁਝ ਡਰ ਮਲੂਮ ਹੋਇਆ, ਤਾਂ ਝੱਟ ਥੈਲੀ ਵਿਖੇ ਜਾ ਲੁਕੇ। ਜਦ ਮਾਂ ਬੱਚਿਆਂ ਨੂੰ ਥੈਲੀ ਵਿਖੇ ਪਾਈ ਫਿਰਦੀ ਹੈ, ਤਾਂ ਇਕ ਤਮਾਸ਼ਾ ਮਲੂਮ ਹੁੰਦਾ ਹੈ। ਇਸ ਅਚਰਜ ਜੰਤੂ ਨੂੰ ਥੈਲੀਦਾਰ ਜੰਤੂਆਂ ਵਿਖੇ ਗਿਣਦੇ ਹਨ। ਇਹ ਨਿਰਾ ਆਸਟਰੇਲੀਆ ਵਿਖੇ ਹੁੰਦਾ ਹੈ ॥

ਸੀਲ ਅਰਥਾਤ ਜਲਚਰ ਵੱਛਾ



A.H. | MAYO SCHOOL OF ART, LAHORE.

# ਸੀਲ ਅਰਥਾਤ ਜਲਚਰ ਵੱਛਾ

ਇਸ ਦੀ ਸੂਰਤ ਦੇਖਕੇ ਤੁਸੀਂ ਅਚਰਜ ਕਰਕੇ ਬੋਲ ਉੱਠੋਗੇ ਕਿ ਹੈਂ ! ਇਹ ਕੇਹਾ ਜਨੌਰ ਹੈ ! ਧੜ ਮੱਛੀ ਦੇ ਧੜ ਜੇਹਾ, ਸਿਰ ਕੁੱਤੇ ਦੇ ਸਿਰ ਵਰਗਾ, ਇਹ ਕ ਵਸਤੁ ਹੈ ? ਮੱਛੀ ਹੈ ? ਯਾ ਕੋਈ ਥਲ ਦਾ ਜਨੌਰ ਹੈ ? ਸੱਚ ਮੱਚ ਇਸਦੀ ਨੁਹਾਰ ਵੇਖਕੇ ਸਿਆਣਨਾ ਬਹੁਤ ਔਖਾ ਹੈ, ਕਿ ਸੱਚ ਮੁੱਚ ਇਹ ਕੇਹਾ ਜਨੌਰ ਹੈ । ਜੇ ਧਯਾਨ ਨਾਲ ਦੇਖੀਏ, ਤਾਂ ਪ੍ਰਤੀਤ ਹੁੰਦਾ ਹੈ, ਕਿ ਉਹ ਦੁਧ ਚੁੰਘਾਉਣ ਵਾਲਾ ਜਨੌਰ ਹੈ, ਅਰਥਾਤ ਉਸ ਦੀ ਰੱਤ ਗਰਮ ਹੈ, ਫੇਫੜਿਆਂ ਨਾਲ ਸਾਹ ਲੈਂਦਾ ਹੈ, ਬੱਚੇ ਦਿੰਦਾ ਹੈ, ਅਤੇ ਉਨ੍ਹਾਂ ਨੂੰ ਦੱਧ ਚੁੰਘਾਉਂਦਾ ਹੈ । ਨਿਰਾ ਰੂਪ ਹੀ ਮੱਛੀ ਦਾ ਦੇਖ ਲਓ, ਉਸ ਨਾਲ ਕੁਝ ਭੀ ਮੇਲ ਨਹੀਂ, ਕਿਉਂਕਿ ਮੱਛੀ ਗਲਫੜੇ ਨਾਲ ਸਾਹ ਲੈਂਦੀ ਹੈ, ਆਂਡੇ ਦਿੰਦੀ ਹੈ, ਅਤੇ ਉਸ ਦੀ ਰੱਤ ਬੀ ਠੰਢੀ ਹੁੰਦੀ ਹੈ।

ਤੁਸੀਂ ਦੇਖਦੇ ਹੋ, ਕਿ ਇਹ ਦੋ ਚਾਰ ਖੰਭ ਹਨ, ਦੋ ਛਾਤੀ ਪੁਰ ਅਤੇ ਦੋ ਪਿੱਛੇ ਪੂਛ ਦੇ ਮੁੱਢ । ਏਹ ਖੰਭ ਅਸਲ ਵਿੱਚ ਹੱਥ ਅਤੇ ਪੈਰ ਹਨ, ਅਗਲਿਆਂ ਖੰਭਾਂ ਵਖੇ ਪੰਜੇ ਅੰਗੁਲੀਆਂ ਝਿੱਲੀ ਨਾਲ ਜੁੜੀਆਂ ਹੋਈਆਂ

*ਨਿਰੋਲ ਪਈਆਂ ਦਿਸਦੀਆਂ ਹਨ, ਸਗਵਾਂ ਪੂਰਾ ਹੱਥ ਵਿਦਯਮਾਨ ਹੈ, ਛਾਤੀ ਦੀ ਚਰਬੀ ਉੱਥੇ ਤਕ ਛਾਈ ਹੋਈ ਹੈ, ਅਤੇ ਉੱਸੇ ਦੀ ਖੱਲ ਵਿਖ ਅਰਕ ਅਤੇ ਮੋਢੇ ਦੇ ਜੋੜ ਲੁਕੇ ਹੋਏ ਹੁੰਦੇ ਹਨ। ਇਸਦਿਆਂ ਪਿਛਲਿਆਂ ਖੰਭਾਂ ਦੇ ਦੋ ਸਿਰ ਪਿਛਲੀ ਵੱਲ ਨੂੰ ਦੇਹ ਦੇ ਨਾਲ ਐਉਂ ਲੱਗੇ ਹੁੰਦੇ ਹਨ, ਕਿ ਜਾਣੋ ਸਰੀਰ ਦੇ ਟੁਕੜੇ ਦਿਸਦੇ ਹਨ। ਪੱਟ ਅਤੇ ਲੱਤਾਂ ਬਹੁਤ ਨਿੱਕੀਆਂ ਨਿੱਕੀਆਂ ਹੁੰਦੀਆਂ ਹਨ, ਅਤੇ ਪੈਰ ਅਗਲੇ ਪੰਜੇ ਹੀ ਦੇ ਅਕਾਰ ਦੇ ਹੁੰਦੇ ਹਨ, ਉੱਸੇ ਤਰ੍ਹਾਂ ਅੰਗੁਲੀਆਂ ਪੁਰ ਝਿੱਲੀ ਛਾਈ ਹੋਈ ਹੁੰਦੀ ਹੈ ॥

ਇਹ ਕਦੇ ਧਰਤੀ ਪੁਰ ਰਹਿੰਦਾ ਹੈ, ਕਦੇ ਜਲ ਵਿਖੇ, ਪਰ ਥਲ ਪੁਰ ਅਚਰਜ ਕੋਝੀ ਤਰ੍ਹਾਂ ਘਿਸਰਦਾ ਹੋਇਆ ਚਲਦਾ ਹੈ, ਅਤੇ ਇਸਦੇ ਚੌੜੇ ਚੌੜੇ ਝਿੱਲੀ ਵਾਲੇ ਪੰਜੇ ਅਕਾਰਥ ਪ੍ਰਤੀਤ ਹੁੰਦੇ ਹਨ, ਪਰ ਪਾਣੀ ਵਿਖੇ ਚੌੜੇ ਹੋ ਕੇ ਚਾਰ ਤਕੜਿਆਂ ਚੱਪਿਆਂ ਦਾ ਕੰਮ ਦਿੰਦੇ ਹਨ, ਉਨ੍ਹਾਂ ਨਾਲ ਅਤਿ ਹੀ ਤ੍ਰਿੱਖਾ ਅਤੇ ਸੁਖਾਲਾ ਤਰਦਾ ਹੈ। ਜਿਸ ਪ੍ਰਕਾਰ ਦੇ ਸੀਲ ਬਹੁਤੇ ਮਿਲਦੇ ਹਨ,

---

* ਸਾੜ੍ਹ।

ਓਹ ਪੰਜਾਂ ਫੁੱਟਾਂ ਤਕ ਲੰਮੇ, ਅਤੇ ਢਾਈਆਂ ਮਣਾਂ ਦ ਲਗ ਭਗ ਤੋਲ ਵਿੱਚ ਹੁੰਦੇ ਹਨ, ਪਰ ਕੋਈ ਕੋਈ ਜਾਤਿ ਬਹੁਤ ਵੱਡੀ ਹੁੰਦੀ ਹੈ। ਇਸ ਜੰਤੂ ਦੇ ਸਰੀਰ ਪੁਰ ਚੀਕੁਣੀ ਚੀਕੁਣੀ ਪੀਲੀ ਭਾਹ ਮਾਰਦੀ ਚਮਕਦਾਰ ਜੱਤ ਹੁੰਦੀ ਹੈ, ਉਸ ਉੱਪਰ ਭੂਰੇ ਭੂਰੇ ਧੱਬੇ ਹੁੰਦੇ ਹਨ, ਉਹ ਸਰੀਰ ਦੇ ਨਾਲ ਅਜੇਹੀ ਮਿਲੀ ਹੋਈ ਹੁੰਦੀ ਹੈ ਕਿ ਤਰਨ ਦੇ ਵੇਲੇ ਕੋਈ ਅਟਕ ਨਹੀਂ ਹੁੰਦੀ। ਇਹ ਬਹੁਤਾ ਜਲ ਥੀਂ ਬਾਹਰ ਨਹੀਂ ਆਉਂਦਾ, ਯਾ ਤਾਂ ਬੱਚੇ ਦੇਣ ਆਉਂਦਾ ਹੈ ਯਾ ਉਨ੍ਹਾਂ ਨੂੰ ਦੁੱਧ ਚੁੰਘਾਉਣ, ਯਾ ਤੱਤੀਆਂ ਸਿਲਾਂ ਪੁਰ ਧੁੱਪ ਲੈਣ ਲਈ, ਜਾਣੋ ਪਾਣੀ ਵਿਖੇ ਰਹਿਣ ਲਈ ਹੀ ਜੰਮਿਆ ਹੈ। ਚੁੱਭੀ ਮਾਰਕੇ ਬਹੁਤ ਚਿਰ ਜਲ ਵਿਖੇ ਰਹਿ ਸਕਦਾ ਹੈ। ਵੱਡੀਆਂ ਵੱਡੀਆਂ ਸੋਹਣੀਆਂ ਅੱਖੀਆਂ ਹੁੰਦੀਆਂ ਹਨ, ਪਰ ਕੰਨਾਂ ਦੀ ਥਾਂ ਦੋ ਨਿੱਕੇ ਨਿੱਕੇ ਛੇਕ ਦਿਸਦੇ ਹਨ, ਜਦ ਚਾਹੁੰਦਾ ਹੈ ਉਨ੍ਹਾਂ ਨੂੰ ਬੰਦ ਕਰ ਲੈਂਦਾ ਹੈ। ਜਾਂ ਚੁੱਭੀ ਮਾਰਨ ਲਗਦਾ ਹੈ, ਤਾਂ ਉਸਦੀਆਂ ਨਾਸਾਂ ਪੁਰ ਰਤੀ ਰਤੀ ਮਾਸ ਇਸ ਪ੍ਰਕਾਰ ਆ ਜਾਂਦਾ ਹੈ, ਜਾਣੋ ਗੱਟਾ ਲਾ ਦਿੱਤਾ ਹੈ। ਹੱਡੀਆਂ ਦੇ ਅੰਦਰ ਮਹੀਨ ਮਹੀਨ ਛੇਕ ਹੁੰਦੇ ਹਨ, ਇੱਸੇ ਲਈ ਹੌਲੇ ਹੁੰਦੇ ਹਨ, ਅਤੇ ਸਰੀਰ ਪਾਣੀ ਉੱਪਰ ਘੱਟ ਭਾਰ ਪਾਉਂਦਾ ਹੈ॥

ਇਹ ਬਾਹਲਾ ਮੱਛੀਆਂ ਖਾ ਕੇ ਨਿਰਬਾਹ ਕਰਦਾ ਹੈ, ਤਰਨ ਵਿਖੇ ਤ੍ਰਿੱਖਾ ਅਤੇ ਸਰੀਰ ਦਾ ਚੁਸਤ ਹੁੰਦਾ ਹੈ ਇਸ ਲਈ ਮੱਛੀਆਂ ਦਾ ਵੱਡਾ ਚੰਗਾ ਸ਼ਿਕਾਰੀ ਹੈ। ਇਹ ਜਨੌਰ ਇਕ ਸੂਏ ਵਿਖੇ ਬਾਹਲਾ ਦੋ ਬੱਚੇ ਦਿੰਦਾ ਹੈ, ਅਤੇ ਓਹ ਭੀ ਬਹੁਤ ਛੇਤੀ ਜਲ ਵਿਖੇ ਰਹਿਣ ਸਹਿਣ ਲੱਗ ਪੈਂਦੇ ਹਨ, ਡਰ ਦਾ ਸਮਯ ਹਦਾ ਹੈ, ਤਾਂ ਉਨ੍ਹਾਂ ਦੀ ਮਾਂ ਉਨਾਂ ਨੂੰ ਵੈਰੀਆਂ ਕੋਲੋਂ ਬਚਾਉਣ ਲਈ ਖੂੰਨੀ ਹੋ ਜਾਂਦੀ ਹ॥

ਸੀਲ ਸਮੁੰਦ੍ਰ ਵਿਖੇ ਅਤੇ ਵੱਡਿਆਂ ਵੱਡਿਆਂ ਸਰਾਂ ਵਿਖੇ ਹੁੰਦੇ ਹਨ, ਜੋ ਆਕਾਰ ਵਿਖੇ ਬਹਤੇ ਵੱਡੇ ਹੁੰਦੇ ਹਨ, ਓਹ ਨਿਰੇ ਠੰਡੀ ਥਾਂ ਰਹਿੰਦੇ ਹਨ, ਅਤੇ ਜਿੱਥੇ ਸੀਤ ਦੇ ਮਾਰੇ ਸਦਾ ਕੱਕਰ ਪਿਆ ਰਹਿੰਦਾ ਹੈ,ਅਤੇ ਜਲ ਜੰਮਿਆ ਰਹਿੰਦਾ ਹੈ, ਓੱਥੇ ਬਹੁਤ ਹੁੰਦੇ ਹਨ। ਇਨ੍ਹਾਂ ਦੇ ਚੰਮ ਦੇ ਹੇਠਾਂ ਮੋਟੀ ਮੋਟੀ ਚਰਬੀ ਹੁੰਦੀ ਹੈ, ਉੱਸੇ ਦੇ ਕਾਰਣ ਅਜੇਹੇ ਬਰਫ਼ ਵਾਲੇ ਜਲ ਵਿਖੇ ਰਹਿ ਸਕਦੇ ਹਨ, ਇਹ ਚਰਬੀ ਐਉਂ ਸੀਤ ਕੋਲੋਂ ਬਚਾਉਂਦੀ ਹੈ,ਕਿ ਜਿਉਂ ਇਕ ਕੁੜਤੀ ਪਹਿਨ ਲਈ। ਸਮੰਦਰ ਦਿਆਂ ਅਜੇਹਿਆਂ ਉਜਾੜ ਕੰਢਿਆਂ ਪੁਰ ਜੋ ਲੋਕ ਰਹਿੰਦੇ ਹਨ, ਉਨ੍ਹਾਂ ਲਈ ਇਹ ਜਨੌਰ ਇਕ ਦੁਰਲਭ ਪਦਾਰਥਾਂ ਦਾ ਭੰਡਾਰ ਹੈ


ਮਾਸ ਅਤੇ ਚਰਬੀ ਖਾਂਦੇ ਹਨ,ਚੰਮ ਦੇ ਤੰਬੂ,ਬੇੜੀਆਂ ਅਤੇ ਕੱਪੜੇ ਆਦਿਕ ਬਣਾਉਂਦੇ ਹਨ, ਪੱਠਿਆਂ, ਆਂਦਰਾਂ ਦੇ ਸੀਉਣ ਲਈ ਧਾਗਾ, ਕਮਾਣਾਂ ਦੇ ਚਿੱਲੇ ਅਤੇ ਮੱਛੀਆਂ ਦਿਆਂ ਜਾਲਾਂ ਲਈ ਡੋਰੀਆਂ ਬਣਾ ਰੱਖਦੇ ਹਨ, ਵੱਡੀਆਂ ਵੱਡੀਆਂ ਹੱਡੀਆਂ ਨਾਲ ਚੰਮ ਦੀਆਂ ਨਿਰਬਲ ਬੇੜੀਆਂ ਨੂੰ ਤਕੜੀਆਂ ਕਰਦੇ ਹਨ, ਛੋਟੀਆਂ ਹੱਡੀਆਂ ਤੋਂ ਕਿੱਲਾਂ ਅਤੇ ਸੂਈਆਂ ਦਾ ਕੰਮ ਲੈਂਦੇ ਹਨ। ਇਸ ਲਈ ਜੋ ਲੋਕ ਇਨ੍ਹਾਂ ਉੱਤਰੀ ਕੰਢਿਆਂ ਪੁਰ ਰਹਿੰਦੇ ਹਨ, ਉਨ੍ਹਾਂ ਲਈ ਇਸਦਾ ਸ਼ਿਕਾਰ ਵੱਡਾ ਗੁਣਕਾਰ ਕਰਮ ਹੈ॥

ਏਹ ਲੋਕ ਵੱਡੇ ਯਤਨ ਨਾਲ ਇਸ ਸ਼ਿਕਾਰ ਦਾ ਪਿੱਛਾ ਕਰਦੇ ਹਨ,ਪਹਿਰਾਂਤਕ ਆਪਣੀਆਂ ਬੇੜੀਆਂਵਿਖੇ ਬੈਠੇ ਵੇਂਹਦੇ ਰਹਿੰਦੇ ਹਨ, ਕਿ ਕਦ ਨਿਕਲਦਾ ਹੈ,ਜਦ ਨਿਕਲਦਾ ਹੈ, ਝੱਟ ਬਰਛੀ ਮਾਰਦੇ ਹਨ। ਕਦੇ ਉਹ ਸੁੱਤਾ ਹੁੰਦਾ ਹੈ,ਯਾ ਧੁੱਪ ਵਿਖੇ ਲੰਮਾ ਪਿਆ ਧੁੱਪ ਸੇਕਦਾ ਹੈ, ਏਹ ਚੁੱਪ ਚਪਾਤੇ ਦੱਬੇ ਪੈਰ ਪਹੁੰਚਦੇ ਹਨ, ਅਤੇ ਜਾ ਕੇ ਦੱਬ ਹੀ ਲੈਂਦੇ ਹਨ। ਕਦੇ ਇਸ ਦੀ ਖੱਲ ਪਹਿਨ ਕੇ ਇਸ ਦਾ ਰੂਪ ਧਾਰ ਲੈਂਦੇ ਹਨ, ਅਤੇ ਉੱਸੇ ਤਰ੍ਹਾਂ ਡਿਗਦੇ ਢੈਂਦੇ ਕੋਝੀ ਚਾਲ ਚਲਦੇ ਹਨ। ਇਸ ਢਬ ਨਾਲ ਚੁਪ ਚੁਪਾਤੇ ਕੋਲ ਜਾ ਪਹੁੰਚਦੇ ਹਨ, ਅਤੇ

ਬਰਛੀ ਦੇ ਇੱਕੋ ਵਾਰ ਨਾਲ ਵਿਚਾਰੇ ਦਾ ਕੰਮ ਪੂਰਾ ਕਰ ਦਿੰਦੇ ਹਨ ॥

ਸੀਲ ਸਮਝ ਵਾਲਿਆਂ ਜੰਤੂਆਂ ਵਿਖੇ ਪ੍ਰਸਿੱਧ ਹੈ, ਘੰਟੇ ਅਤੇ ਵਾਜੇ ਦਾ ਸ਼ਬਦ ਉਸ ਨੂੰ ਬਹੁਤ ਭਾਉਂਦਾ ਹੈ, ਪਾਲੀਏ ਤਾਂ ਸੁਖਾਲਾ ਹੀ ਗਿੱਝ ਸਕਦਾ ਹੈ, ਕੁੱਤੇ ਵਾਕਰ ਆਪਣਾ ਨਾਉਂ ਸਿਆਣਦਾ ਹੈ, ਚਾਹੁੰਦਾ ਹੈ,ਕਿ ਲੋਕ ਮੇਰੇ ਨਾਲ ਪਿਆਰ ਕਰਨ ਅਤੇ ਮੇਰੀ ਵੱਲ ਧਯਾਨ ਕਰਨ, ਪਰ ਕੁੱਤੇ ਤੇ ਛੁੱਟ ਕੋਈ ਜੰਤੂ ਨਹੀਂ, ਜੋ ਆਪਣੇ ਸਾਈਂ ਨਾਲ ਇਸ ਤੇ ਵਧੀਕ ਪ੍ਰੀਤਿ ਕਰਦਾ ਹੋਏ । ਇਸ ਨੂੰ ਬਹੁਤ ਸੁਖਾਲਾ ਗਿਝਾ ਸਕਦੇ ਹਨ। ਇੱਕ ਸੀਲ ਦੀ ਗੱਲ ਸੁਣੀ ਹੈ, ਕਿ ਕਿਸੇ ਨੇ ਉਸਨੂੰ ਪਾਲਕੇ ਬਹੁਤ *ਕਲੋਲ ਸਿਖਾਏ ਸਨ, ਮੈਨਤ ਕਰਦੇ ਹੀ ਸਿੱਧਾ ਖੜਾ ਹੋ ਜਾਂਦਾ, ਸੰਤਰੀ ਵਾਕਰ ਦੋਹਾਂ ਹੱਥਾਂ ਵਿਖੇ ਡੰਡਾ ਫੜੀ ਰੱਖਦਾ, ਜਿੱਕੁਰ ਮੈਨਤ ਕਰਦੇ, ਸੱਜੀ ਯਾ ਖੱਬੀ ਵੱਖੀ ਲੇਟ ਜਾਂਦਾ, ਕਲਾਬਾਜ਼ੀਆਂ ਖਾਂਦਾ, ਗਿੱਝੇ ਹੋਏ ਕੁੱਤੇ ਵਾਕਰ ਹੱਥ ਮਿਲਾਉਣ ਲਈ ਬਾਂਹ ਅੱਗੇ ਨੂੰ ਵਧਾਉਂਦਾ, ਚੁੱਮਣ ਲਈ ਬੁੱਲ ਅੱਗੇ ਕਰ ਦਿੰਦਾ। ਇੱਕ ਹੋਰ ਸੀਲ ਦੀ ਅਪਣੇ ਸਾਈਂ ਨਾਲ ਅਜੇਹੀ ਪ੍ਰੀਤਿ ਹੋ ਗਈ ਕਿ

* ਬਾਜ਼ੀਆਂ।



ਉੱਲੂ

G.H.; MAYO SCHOOL OF ART, LAHORE.

ਉਸ ਨੂੰ ਦੂਰ ਲੈ ਜਾਕੇ ਸਮੁੰਦਰ ਵਿਖੇ ਛੱਡ ਆਉਂਦੇ, ਪਰ ਉਹ ਸਦਾ ਘਰ ਚਲਿਆ ਆਉਂਦਾ। ਓੜਕ ਨੂੰ ਇਕ ਵਾਰ ਐਨੀ ਦੂਰ ਜਾਕੇ ਛੱਡ ਆਏ, ਕਿ ਪਹਿਲੋਂ ਕਦੇ ਨਾ ਲੈਗਏ ਸੇ, ਕਈਆਂ ਦਿਨਾਂ ਮਗਰੋਂ ਕੀ ਵੇਖਦੇ ਹਨ, ਕਿ ਵਿਚਾਰਾ ਭੁੱਖਾ ਕਿਆ ਮਾਂਦਾ ਆਪਣੇ ਸਾਈਂ ਦੇ ਦ੍ਵਾਰ ਪੁਰ ਮੋਇਆ ਪਿਆ ਹੈ ॥

---

# ਪੰਖੇਰੂਆਂ ਦਾ ਬ੍ਰਿਤਾਂਤ

## ਉੱਲੂ

ਸੂਰਜ ਡੁੱਬ ਗਿਆ ਹੈ, ਲੋ ਘਟਦੀ ਜਾਂਦੀ ਹੈ, ਹਨੇਰਾ ਖਿੱਲਰਦਾ ਜਾਂਦਾ ਹੈ,ਉਹ ਸਾਹਮਣੇ ਪੁਰਾਣੀ ਜੇਹੀ ਕਬਰ ਢੱਠੀ ਪਈ ਹੈ, ਦੇਖਣਾ ! ਇਕ ਵੱਡਾ ਸਾਰਾ ਪੰਛੀ ਉਸ ਵਿੱਚੋਂ ਨਿਕਲਿਆ ਹੈ, ਕੇਹਾ ਚੁੱਪ ਚੁਪਾਤਾ ਚੁਫੇਰੇ ਘੁਮਰ ਪਾ ਰਿਹਾ ਹੈ। ਆਹ ਲਓ ! ਹੁਣ ਉਸ ਸੰਘਣੇ ਰੁੱਖ ਦੀ ਟਾਹਣੀ ਪੁਰ ਜਾ ਬੈਠਿਆ, ਚੀਕਾਂ ਮਾਰ ਮਾਰ ਬੋਲ

ਰਿਹਾ ਹੈ, ਤੁਸੀਂ ਜਾਨਦੇ ਹੋ, ਇਹ ਕੀ ਜਨੌਰ ਹੈ ? ਰਤੀ ਲੋ ਹੁੰਦੀ, ਅਤੇ ਉਸ ਦੀ *ਨੁਹਾਰ ਵੇਖਦੇ, ਤਾਂ ਓਵੇਂ ਸਿਆਣ ਲੈਂਦੇ। ਵੱਡਾ ਸਾਰਾ ਸਿਰ ਚਾਪੜ ਜਿਹਾ ਮੂੰਹ, ਖੰਭਾਂ ਦੀਆਂ ਦੋ ਅਚਰਜ ਥਾਲੀਆਂ, ਉਨ੍ਹਾਂ ਵਿਖੇ ਦੋ ਵੱਡੀਆਂ ਵੱਡੀਆਂ ਗੱਡੀਆਂ ਹੋਈਆਂ ਅੱਖਾਂ, ਮੋਹਰੇ ਵੱਲ ਧਯਾਨ ਕੀਤਾ ਹੋਇਆ, ਛੋਟੀ ਜੇਹੀ ਮੁੜੀ ਹੋਈ ਚੁੰਝ, ਆਸ ਪਾਸ ਦਿਆਂ ਖਲੋਤਿਆਂ ਹੋਇਆਂ ਵਾਲਾਂ ਵਿੱਚੋਂ ਨਿਕਲੀ ਹੋਈ, ਕੂਲੇ ਕੂਲੇ ਖੰਭ, ਉਨ੍ਹਾਂ ਵਿਖੇ ਤਰ੍ਹਾਂ ਤਰ੍ਹਾਂ ਦੇ ਮੱਧਮ ਰੰਗ, ਸੁੰਦਰਤਾ ਦੇ ਨਾਲ ਰਲੇ ਮਿਲੇ, ਇਨ੍ਹਾਂ ਚਿੰਨ੍ਹਾਂ ਨੂੰ ਵੇਖਕੇ ਝੱਟ ਕਹੋਗੇ ਕਿ ਇਹ ਉੱਲੂ ਹੈ॥

ਇਸ ਦੀ ਤ੍ਰਿੱਖੀ ਅਤੇ ਮੁੜੀ ਹੋਈ ਚੁੰਝ ਅਤੇ ਨਿੱਕਿਆਂ, ਤਕੜਿਆਂ, ਵਿੰਗਿਆਂ, ਨੌਹਾਂ ਨੂੰ ਜੋ ਕੋਈ ਦੇਖੇਗਾ, ਉਹ ਸਮਝ ਜਾਇਗਾ ਕਿ ਇਹ ਸ਼ਿਕਾਰੀ ਜਿਨੌਰ ਹੈ, ਜਿਹਾ ਕਿ ਤੁਸੀਂ ਗਿੱਧ ਦੇ ਬ੍ਰਿਤਾਂਤ ਵਿਖੇ ਪੜ੍ਹ ਚੁੱਕੇ ਹੋ। ਇਸ ਦੀਆਂ ਲੱਤਾਂ ਛੋਟੀਆਂ ਅਤੇ ਤਕੜੀਆਂ ਹਨ, ਉਨ੍ਹਾਂ ਉੱਤੇ ਪੰਜਿਆਂ ਤਕ ਖੰਭ ਹੁੰਦੇ ਹਨ। ਇਸ ਦੀ ਸੁਣਨ ਦੀ ਸ਼ਕਤਿ ਬੜੀ ਤ੍ਰਿੱਖੀ ਹੁੰਦੀ ਹੈ। ਇਹ

---

* ਸੂਰਤ।

ਉਨ੍ਹਾਂ ਪੰਛੀਆਂ ਵਿੱਚੋਂ ਹੈ, ਕਿ ਜੋ ਰਾਤ ਨੂੰ ਨਿਕਲਦੇ ਹਨ, ਉਨ੍ਹਾਂ ਦੀਆਂ ਅੱਖਾਂ ਪਰਮੇਸੁਰ ਨੇ ਅਜੇਹੀਆਂ ਬਣਾਈਆਂ ਹਨ, ਕਿ ਦਿਨ ਦੀ ਤ੍ਰਿੱਖੀ ਲੋ ਕੋਲੋਂ ਧੁੰਦ ਵਿਖੇ ਚੰਗੀ ਤਰ੍ਹਾਂ ਵੇਖਦਾ ਹੈ। ਦੇਖੋ, ਇਸ ਦਾ ਕਾਰਣ ਅਸੀਂ ਤੁਹਾਨੂੰ ਸਮਝਾਉਂਦੇ ਹਾਂ ॥

ਲੋ ਦੀਆਂ ਰਿਸਮਾਂ ਨੇਤ੍ਰ ਦੀ ਕਾਕੀ ਵਿਖੇ ਜਾਂਦੀਆਂ ਹਨ, ਉੱਸੇ ਕਰਕੇ ਸਾਨੂੰ ਸਾਰੀਆਂ ਵਸਤਾਂ ਦਿਸਦੀਆਂ ਹਨ, ਅਤੇ ਚੰਗੀਆਂ ਨਿਰਵੇਰ ਉਸ ਵੇਲੇ ਵਿਖਾਲੀ ਦਿੰਦੀਆਂ ਹਨ, ਕਿ ਕਾਕੀ ਵਿਖੇ ਨਾ ਬਹੁਤ ਘੱਟ ਲੋ ਜਾਏ,ਨਾ ਬਹੁਤ ਵਧੀਕ। ਜੇ ਕਾਕੀ ਸਦਾ ਇੱਕ ਅਵਸਥਾ ਵਿਖੇ ਰਹਿੰਦੀ, ਨਾ ਖਿੱਲਰਦੀ, ਨਾ ਸੁਕੜਦੀ, ਤਾਂ ਸਦਾ ਅਜੇਹਾ ਹੀ ਹੁੰਦਾ, ਕਿ ਜਿੰਨੀ ਲੋ ਨੇਤ੍ਰਾਂ ਲਈ ਲੋੜੀਦੀ ਹੈ, ਯਾਂ ਉਸ ਕੋਲੋਂ ਵੱਧ ਪਹੁੰਚਦੀ ਯਾ ਘੱਟ, ਪਰ ਕਾਕੀ ਅਜੇਹੀ ਬਣੀ ਹੋਈ ਹੈ, ਕਿ ਜਾਂ ਲੋ ਘੱਟ ਹੁੰਦੀ ਹੈ, ਤਾਂ ਖਿੱਲਰ ਜਾਂਦੀ ਹੈ,ਇਸ ਲਈ ਕਿ ਉਸ ਵਿਖੇ ਪਹਿਲੇ ਕੋਲੋਂ ਵੱਧ ਲੋ ਜਾ ਸਕੇ, ਅਤੇ ਜਾਂ ਲੋ ਤ੍ਰਿਖੀ ਹੁੰਦੀ ਹੈ, ਤਾਂ ਸੁਕੜ ਜਾਂਦੀ ਹੈ, ਕਿ ਮਰਜਾਦਾ ਤੇ ਵਧੀਕ ਲੋ ਨਾ ਜਾ ਸਕੇ। ਜੇ ਤੁਸੀਂ ਅਜੇਹੇ ਕੋਠੇ ਵਿਖੇ ਬੈਠੇ ਹੋਏ ਹੋ, ਕਿ ਜਿੱਥੇ ਲੋ ਥੋੜੀ ਹੋਏ, ਫੇਰ ਇੱਕੋ ਵਾਰ ਤ੍ਰਿੱਖੀ ਧੁੱਪ ਵਿਖੇ

ਚਲੇ ਜਾਓ, ਤਾਂ ਪਹਿਲੋਂ *ਤਿਰਮਿਰਾਈ ਆ ਜਾਇਗੀ ਕਿਉਂਕਿ ਕਾਕੀ ਵਿਖੇ ਵਧੀਕ ਲੋ ਚਲੀ ਗਈ ਹੈ, ਫੇਰ ਛੇਤੀ ਨਾਲ ਕੱਕੀ ਸੁਕੜ ਜਾਂਦੀ ਹੈ, ਅਤੇ ਨਿਰਵੈਰ ਦਿਖਲਾਈ ਦੇਣ ਲੱਗ ਪੈਂਦਾ ਹ ਜਾਂ ਫੇਰ ਅਨ੍ਹੇਰੇ ਕੋਠੇ ਵਿਖੇ ਚਲੇ ਜਾਓ ਤਾਂ ਪਹਿਲੇ ਪਹਿਲੇ ਚੰਗੀ ਤਰ੍ਹਾਂ ਨਹੀਂ ਦਿਸਦਾ,ਕਿਉਂਕਿ ਕੱਕੀ ਵਿਖੇ ਲੋ ਥੋੜ੍ਹੀ ਪਹੁੰਚਦੀ ਹੈ, ਪਰ ਥੋੜੇ ਚਿਰ ਮਗਰੋਂ ਕੱਕੀ ਖਿੱਲਰ ਜਾਂਦੀ ਹੈ, ਫੇਰ ਹਰ ਵਸਤ ਚੰਗੀ ਤਰ੍ਹਾਂ ਦਿੱਸਨ ਲਗਦੀ ਹੈ। ਉੱਲੂ ਦੀ ਕੱਕੀ ਬਹੁਤ ਹੀ ਵੱਡੀ ਹੁੰਦੀ ਹੈ,ਅਤੇ ਅਜੇਹੀ ਖਿੱਲਰ ਸਕਦੀ ਹੈ,ਕਿ ਜਿੱਥੇ ਬਹੁਤ ਹੀ ਘੱਟ ਲੋ ਹੋਇ, ਅਤੇ ਤੁਹਾਨੂੰ ਮੂਲੋਂ ਨਾ ਦਿੱਸੇ, ਓਹ ਉੱਥੇ ਵੇਖ ਸਕਦਾ ਹੈ ਪਰ ਤ੍ਰਿੱਖੀ ਲੋ ਵਿਖੇ ਆਉਣ ਤੇ ਮੂਲੋਂ ਘਾਬਰ ਜਾਂਦਾ ਹੈ, ਸੱਚ ਮੁੱਚ ਉਸ ਦੀ ਕੱਕੀ ਬੀ ਕੁਝ ਸੁਕੜ ਜਾਂਦੀ ਹੈ, ਪਰ ਫੇਰ ਬੀ ਵੱਡੀ ਹੀ ਰਹਿੰਦੀ ਹੈ, ਅਤੇ ਉਸ ਵਿਖੇ ਐਂਨੀ ਲੋ ਜਾਂਦੀ ਹੈ, ਕਿ ਚੰਗੀ ਤਰ੍ਹਾਂ ਨਹੀਂ ਦਿਸ ਦਾ।

ਕਈ ਲੋਕ ਸਮਝਦੇ ਹਨ, ਕਿ ਉੱਲੂ ਨੂੰ ਅਨ੍ਹੇਰੀ ਘੁੱਪ ਰਾਤ ਵਿਖੇ ਹੋਰਨਾਂ ਸਾਰਿਆਂ ਵੇਲਿਆਂ ਨਾਲੋਂ ਚੰਗਾ ਦਿਸਦਾ ਹੈ, ਇਹ ਠੀਕ ਨਹੀਂ; ਸਗੋਂ ਜਦੋਂ ਲੋ ਨਾਂ ਤਾਂ

*ਚਕਚੌਂਧੀ

ਬਹੁਤੀ ਤ੍ਰਿੱਖੀ ਹੁੰਦੀ ਹੈ, ਅਤੇ ਨਾਂ ਬਹੁਤ ਘੱਟ, ਉਸਨੂੰ ਹੋਰਨਾਂ ਸਮਿਆਂ ਕੋਲੋਂ ਇਨ੍ਹਾਂ ਸਮਿਆਂ ਵਿਖ ਚੰਗਾ, ਵਿਖਾਲੀ ਦਿੰਦਾ ਹੈ, ਜਿਹਾ ਕਿ ਸੰਧਯਾ ਵੇਲੇ ਦੋਵੇਂ ਪੁੜ ਮਿਲਦਿਆਂ ਯਾਂ ਸਵੇਰ ਨੂੰ ਪ੍ਰਾਤਿਹਕਾਲ ਵਿਖੇ, ਅਤੇ ਏਹੋ ਵੇਲੇ ਇਸਦੇ ਸ਼ਿਕਾਰ ਦੇ ਹੁੰਦੇ ਹਨ, ਨਿੱਕੇ ਨਿੱਕੇ ਪੰਖੇਰੂ ਬੈਠੇ ਊਂਘਦੇ ਹਨ, ਤਾਂ ਇਹ ਆਉਂਦਾ ਹੈ ਅਤੇ ਝੱਟ ਮਾਰ ਲੈਂਦਾ ਹੈ, ਮੋਟੇ ਮੋਟੇ ਚੂਹੇ ਆਪਨੀਆਂ ਰੁੱਡਾਂ ਵਿੱਚੋਂ ਨਿਕਲਦੇ ਹਨ, ਅਤੇ ਸਮਝਦੇ ਹਨ, ਕਿ ਹੁਣ ਸਾਨੂੰ ਕੌਣ ਦੇਖਦਾ ਹੋਇਗਾ, ਇਹ ਨਿਰਦਈ ਅਨਭੋਲ ਪੈਂਦਾ ਹੈ, ਅਤੇ ਝਪੱਟਾ ਮਾਰਕੇ ਲੈ ਜਾਂਦਾ ਹੈ ॥

ਜਾਂ ਉੱਲੂ ਕਿਸੇ ਚੂਹੇ ਨੂੰ ਨਿਗਲਣ ਲਗਦਾ ਹੈ ਤਾਂ ਪਹਿਲੋਂ ਉਸ ਨੂੰ ਪਿੱਠ ਪੁਰੋਂ ਪਕੜ ਕੇ ਇੱਕ ਦੋ ਵਾਰ ਵੱਡੇ ਬਲ ਨਾਲ ਕੱਟਦਾ ਹੈ, ਅਤੇ ਉਛਾਲ ਦੇਂਦਾ ਹੈ ਜਾਂ ਉਹ ਸਿਰ ਦੇ ਭਾਰ ਹਿਠਾਹਾਂ ਨੂੰ ਆਉਂਦਾ ਹੈ, ਤਾਂ ਫੇਰ ਲਪਕ ਕੇ ਲੈਂਦਾ ਹੈ। ਚੁੰਝ ਵਿਖੇ ਫੜਕੇ ਇੱਕ ਅਜੇਹਾ ਝੱਟਕਾ ਦਿੰਦਾ ਹੈ,ਕਿ ਅੱਧਾ ਚੂਹਾ ਸੰਘ ਵਿੱਚਲਹਿ ਜਾਂਦਾ ਹੈ ਅਤੇ ਪੂਛ ਬਾਹਰ ਲਮਕਦੀ ਰਹਿੰਦੀ ਹੈ। ਦੂਜੇ ਝਟਕੇ ਵਿੱਚ ਸਾਰੇ ਚੂਹੇ ਨੂੰ ਪੇਟ ਵਿੱਚ ਉਤਾਰ ਲੈਂਦਾ ਹੈ, ਅਤੇ ਮਗਨ ਹੋਕੇ ਬੈਠ ਰਹਿੰਦਾ ਹੈ। ਮਾਸ ਮਾਸ ਤਾਂ ਪਚ ਜਾਂਦਾ

ਹੈ,ਹੱਡੀਆਂ ਅਤੇ ਵਾਲ ਆਦਿਕ ਨਹੀਂ ਪਚਦੇ,ਉਨ੍ਹਾਂਦੀਆਂ ਰੱਲੀਆਂ ਬਣਕੇ ਮੂੰਹ ਦੇ ਰਾਹੋਂ ਨਿਕਲ ਜਾਂਦੀਆਂ ਹਨ, ਸੋ ਆਲ੍ਹਣੇ ਦੇ ਆਸ ਪਾਸ ਢੇਰ ਪਈਆਂ ਰਹਿੰਦੀਆਂ ਹਨ॥

ਮਦੀਨ ਚਿੱਟੇ ਚਿੱਟੇ ਖੌਹਰੇ ਆਂਡੇ ਕਦੇ ਤਾਂ ਕਿਸੇ ਖੋਲੇ ਦੇ ਛੇਕ ਵਿਖੇ ਦਿੰਦੀ ਹੈ, ਕਦੇ ਕਿਸੀ ਸੁੱਕੇ ਰੁੱਖ ਦੇ ਲਾ ਵਿਖੇ। ਬੱਚਿਆਂ ਪੁਰ ਚਿੱਟੀ ਭਾਹ ਵਾਲੀ ਲੂੰਈ ਹੁੰਦੀ ਹੈ,ਆਲ੍ਹਣੇ ਵਿਖੇ ਗੋਲ ਮੋਲ ਰੱਖੇ ਹੁੰਦੇ ਹਨ ਜਿਹਾ ਕਿ ਨਿੱਕੇ ਨਿੱਕੇ ਖੇਹਨੂੰ, ਅਜੇਹੀ ਭੋਲੀ ਅਤੇ ਦਾਨੀ ਸੂਰਤਬਨਾਈ ਬੈਠੇ ਹੁੰਦੇ ਹਨ ਕਿ ਵੇਖਕੇ ਹਾਸੀ ਆਉਂਦੀ ਹੈ, ਓਹ ਵਰ੍ਹੇ ਵਿੱਚ ਅਜੇਹੇ ਕਈ ਸੂਏ ਦਿੰਦੀ ਹੈ॥

ਉੱਲੂ ਦੀ ਬੋਲੀ ਅਚਰਜ ਤਰ੍ਹਾਂ ਦੀ ਹੁੰਦੀ ਹੈ, ਕਹੀ ਡਰਾਉਣੀ ਚੀਕ ਮਾਰਦੇ ਹਨ, ਜੋ ਮਨ ਨੂੰ ਬੁਰੀ ਪ੍ਰਤੀਤ ਹੁੰਦੀ ਹੈ ਇੱਸੇ ਕਾਰਣ ਮੂਰਖ ਲੋਕ ਬਾਹਲਾ ਇਹਨੂੰ ਨਿਖਿੱਧ ਸਮਝਦੇ ਹਨ ਅਤੇ ਕਹਿੰਦੇ ਹਨ, ਕਿ ਜਿਸ ਘਰ ਪੁਰ ਉੱਲੂ ਬੋਲਦਾ ਹੈ ਉਹ ਉਜਾੜ ਹੋ ਜਾਂਦਾ ਹੈ, ਪਿਛਲੇ ਸਮਯ ਵਿਖੇ ਕਈ ਲੋਕ ਇਸਦੀਆਂ ਨੇਤ੍ਰਾਂ ਦੀ ਗੰਭੀਰਤਾ ਵੇਖਕੇ ਇਸ ਨੂੰ ਬੁੱਧਿਮਾਨ ਪੰਖੇਰੂ ਕਹਿੰਦੇ ਸੇ ਅਤੇ ਕਦੇ ਕਦੇ ਤਾਂ ਇਸਦਾ ਵੱਡਾ ਆਦਰ ਅਤੇ ਪੂਜਾ ਹੋ ਚੁੱਕੀ ਹੈ॥

ਅਜੇਹੇ ਦੇਸ ਬਹੁਤ ਘੱਟ ਹਨ, ਕਿ ਜਿੱਥੇ ਇਹ ਨਹੀਂ, ਹਿੰਦੁਸਤਾਨ ਵਿਖੇ ਇਸ ਦੀਆਂ ਢੇਰ ਜਾਤਾਂ ਹਨ। ਇਨ੍ਹਾਂ ਦਿਆਂ ਖੰਭਾਂ ਦੇ ਰੰਗ ਵੱਖੋ ਵੱਖਰੇ ਹੁੰਦੇ ਹਨ, ਪਰ ਵਧੀਕ ਛੇਦ ਡੀਲ ਵਿਖੇ ਹੈ। ਕਈ ਤਾਂ ਸਿਰ ਤੋਂ ਪੂਛ ਤਕ ਦੋ ਵੁੱਟ ਹੁੰਦੇ ਹਨ, ਕੋਈ ਨਿੱਕੇ ਸਾਢੀਆਂ ਛੇ ਇੰਚਾਂ, ਇਸ ਪ੍ਰਕਾਰ ਦੇ ਨਿੱਕੇ ਜੇਹੇ ਸੋਹਣੇ ਉੱਲੂ ਹਿਮਾਲਯ ਗਿਰ ਵਿਖੇ ਢੇਰ ਹੁੰਦੇ ਹਨ, ਅਤੇ ਬਾਹਲੇ *ਗੁਬਰੀਲੇ ਆਦਿਕ ਨਿੱਕੇ ੨ ਕੀੜੇ ਖਾ ਕੇ ਨਿਰਬਾਹ ਕਰਦੇ ਹਨ। ਇਸ ਦੀ ਮਧੁਰ ਮਿੱਠੀ ਸੀਟੀਦਾਰ ਸੁਰ ਚੰਗੀ ਪ੍ਰਤੀਤ ਹੁੰਦੀ ਹੈ। ਕਈਆਂ ਪ੍ਰਕਾਰਾਂ ਦੇ ਉੱਲੂ ਮੱਛੀਆਂ ਖਾਂਦੇ ਹਨ, ਇਨ੍ਹਾਂ ਦੀਆਂ ਲੱਤਾਂ ਪੁਰ ਖੰਭ, ਨਹੀਂ ਹੁੰਦੇ, ਕਿ ਮੱਛੀਆਂ ਫੜਨਦੇ ਵੇਲੇ ਭਿੱਜ ਨਾਂ ਜਾਣ, ਕਈਆਂ ਪ੍ਰਕਾਰਾਂ ਦਿਆਂ ਉੱਲੂਆਂ ਦਿਆਂ ਨੇਤ੍ਰਾਂ ਦੇ ਉੱਪਰ ਤੁੱਛੇਦਾਰ ਕਲਗੀਆਂ ਨਿਕਲੀਆਂ ਹੋਈਆਂ ਹੁੰਦੀਆਂ ਹਨ, ਕਿ ਦੋਹੀਂ ਪਾਸੀਂ ਦੋ ਸਿੰਙ ਜਹੇ ਪ੍ਰਤੀਤ ਹੁੰਦੇ ਹਨ॥

---

* ਗੋਹੇ ਦਾ ਕੀੜਾ।



ਕਾਲਾ ਕਲਿੱਚੀ

MAYO SCHOOL OF ART, LAHORE

# ਕਾਲ ਕਲਿੱਚੀ।

ਇਹ ਨਿੱਕਾ ਜੇਹਾ ਜਨੌਰ ਹੈ, ਪਰ ਭਾਰਾ ਲੜਾਕਾ ਹੈ, ਵੇਖਣ ਨੂੰ ਤਾਂ ਕੁਝ ਬਿੱਤ ਨਹੀਂ ਪਰ ਮਨ ਐਂਨਾ ਰੱਖਦਾ ਹੈ ਕਿ ਕਾਵਾਂ, ਸ਼ਿਕਰਿਆਂ ਅਤੇ ਇੱਲਾਂ ਪੁਰ ਬੀ ਪੈਣੋ ਨਹੀਂ ਡਰਦਾ। ਸਿਰ ਤੋਂ ਪੂਛ ਤਕ ਇਕ ਫੁੱਟ ਦੇ ਲਗ ਭਗ ਹੈ, ਅਤੇ ਭੜਕਦਾਰ ਕਾਲੇ ਭੌਰੇ ਵਾਕਰ ਪਰ, ਗਲ ਪੁਰ ਇੱਕ ਨਿੱਕਾ ਜੇਹਾ ਚਿੱਟਾ ਦਾਗ, ਲੰਮੀ ਪੂਛ ਸਿਰੇ ਪੁਰੋਂ ਚੀਰਵੀਂ ਜਿੱਕੁਰ ਕੈਂਚੀ ਦਾ ਖੁਲ੍ਹਾ ਹੋਇਆ ਮੂੰਹ। ਛੋਟੇ ੨ ਤ੍ਰਿੱਖੇ ਪੰਜੇ। ਚੁੰਝ ਨਿਰਵੈਰ ਪਈ ਕਹਿੰਦੀ ਹੈ ਕਿ ਇਹ ਜਨੌਰ ਦੰਦਦਾਰ ਚੁੰਝ ਵਾਲਿਆਂ ਪੰਖੇਰੂਆਂ ਵਿੱਚੋਂ ਹੈ॥

ਇਹ ਨਿੱਕਾ ਜਿਹਾ ਪੰਛੀ ਸਾਰੇ ਹਿੰਦੁਸਤਾਨ ਵਿਖੇ ਹੁੰਦਾ ਹੈ, ਹਾਂ ਜਿੱਥੇ ਸੰਘਣ ਬਣ ਹੋਣ ਉੱਥੇ ਨਹੀਂ ਹੁੰਦਾ। ਇਸਦਾ ਸੁਭਾਓ ਹੈ, ਬਿਰਛ ਦੀ ਕਿਸੀ *ਕੋਹਨੀ ਡਾਲ ਪੁਰ ਯਾ ਕਿਸੇ ਘਰ ਯਾ ਕੰਧ ਪੁਰ ਬਹਿੰਦਾ ਹੈ, ਜਿੱਥੋਂ ਚਹੁੰਆਂ ਪਾਸਿਆਂ ਦਾ ਤਮਾਸ਼ਾ ਵੇਖੇ, ਅਤੇ ਅਪਣੇ ਸ਼ਿਕਾਰ ਉੱਪਰ ਧਜਾਨ ਰੱਖੇ। ਗਾਈਆਂ

---

* ਲੰਡ ਮੁੰਡ।

ਮਹੀਆਂ, ਭੇਡਾਂ, ਬੱਕਰੀਆਂ ਜੋ ਚਰਦੀਆਂ ਫਿਰਦੀਆਂ ਹਨ,ਇਹ ਬਾਹਲਾ ਉਨ੍ਹਾਂ ਦੀ ਪਿੱਠ ਪੁਰ ਭੀ ਬੈਠ ਜਾਂਦਾ ਹੈ,ਅਤੇ ਆਪਣੀ ਸਵਾਰੀ ਪੁਰ ਸੈਲ ਕਰਦਾ ਫਿਰਦਾ ਹੈ॥

ਇਹ ਜਨੌਰ ਟਿੱਡੀਆਂ ਅਤੇ ਝੀਂਗ ਬਹੁਤ ਖਾਂਦਾ ਹੈ। ਬਾਹਲਾ ਇਨ੍ਹਾਂ ਨੂੰ ਧਰਤੀ ਪੁਰੋਂ ਫੜਦਾ ਹੈ,ਅਤੇ ਜਾਂ ਸ਼ਿਕਾਰ ਮਾਰ ਲੈਂਦਾ ਹੈ, ਤਾਂ ਖਾਨ ਲਈ ਫੇਰ ਆਪਣੇ ਡਾਲ ਪੁਰ ਆ ਬਹਿੰਦਾ ਹੈ । ਸੰਧਯਾ ਹੁੰਦੇ ਜਾਂ ਸੂਰਜ ਅਸਤ ਹੋਣ ਲਗਦਾ ਹੈ,ਤੇ ਕਿਸੇ ਰੁੱਖ ਦੀ ਡਾਲੀ ਪੁਰ ਬੈਠ ਜਾਂਦਾ ਹੈ, ਭੂੰਗੇ ਪਤੰਗੇ ਆਦਿਕ ਜੋ ਉਸ ਵੇਲੇ ਉੱਡਦੇ ਫਿਰਦੇ ਹਨ, ਉਨ੍ਹਾਂ ਨੂੰ ਝਪੱਟਾ ਮਾਰਕੇ ਫੜ ਲੈਂਦਾ ਹੈ ॥

ਇਹ ਜਨੌਰ ਬੜਾ ਸੁੰਦਰ ਅਤੇ ਚੁਸਤ ਹੁੰਦਾ ਹੈ, ਬਰਾਬਰ ਬੋਲਦਾ ਰਹਿੰਦਾ ਹੈ, ਇਸ ਦੀ ਬੋਲੀ ਭਾਵੇਂ ਕੁਰਖਤ ਹੁੰਦੀ ਹੈ,ਪਰ ਉਸ ਵਿਖੇ ਵੱਡਾ ਆਨੰਦ ਆਉਂਦਾ ਹੈ, ਜੋ ਪੰਛੀ ਪ੍ਰਭਾਤ ਦੀ ਸੋਭਾ ਦਾ ਆਨੰਦ ਮਨਾਉਂਦੇ ਹੈਨ ਉਨ੍ਹਾਂ ਵਿੱਚੋਂ ਇਕ ਇਹ ਬੀ ਹੈ, ਉਨ੍ਹਾਲ ਵਿਖੇ ਬਾਹਲਾ ਲੋ ਲੱਗਣ ਤੇ ਮੁਹਰੇ ਬੋਲ ਬੋਲ ਕੇ ਲੋਕਾਂ ਨੂੰ ਜਗਾ ਦੇਂਦਾ ਹੈ। ਰਾਤ ਨੂੰ ਜਾਂ ਹੋਰ ਪੰਛੀ ਸੁੱਤੇ ਹੁੰਦੇ ਹਨ, ਇਹ ਕਦੇ ਕਦੇ ਖਿੜੀ ਹੋਈ ਚਾਨਣੀ ਵਿਖੇ ਕਿਸੇ

ਗੁਆਂਢੀ ਨਾਲ ਗੱਲ ਬਾਤ ਬੀ ਕਰ ਲੈਂਦਾ ਹੈ ਜਾਂ ਇਹ ਜਨੌਰ ਆਂਡਿਆਂ ਬੱਚਿਆਂ ਪੁਰ ਹੁੰਦਾ ਹੈ ਤਾਂ ਵੱਡਾ ਚੁਸਤ ਅਤੇ ਤ੍ਰਿਖਾ ਹੋ ਜਾਂਦਾ ਹੈ। ਜਿਸ ਰੁੱਖ ਪੁਰ ਆਲ੍ਹਣਾ ਹੁੰਦਾ ਹੈ, ਜੇ ਕੋਈ ਇੱਲ ਯਾ ਕਾਉਂ ਉਸਦੇ ਕੋਲ ਬੀ ਆ ਜਾਏ ਤਾਂ ਇਹ ਨਿੱਕਾ ਜਿਹਾ ਸੂਰਮਾਂ ਵੱਡੀ ਚੁਸਤੀ ਅਤੇ ਵਰਿਆਮੀ ਨਾਲ ਉਸਦੀ ਵੱਲ ਨੂੰ ਲਪਕਦਾ ਹੈ, ਅਤੇ ਭਜਾਕੇ ਦੂਰ ਤੀਕ ਪੁਚਾ ਆਉਂਦਾ ਹੈ। ਨਿੱਕੇ ਨਿੱਕੇ ਪੰਛੀ ਬਹੁਤਾ ਇਸ ਦੇ ਕੋਲ ਆਲ੍ਹਣਾ ਬਨਾਉਂਦੇ ਹਨ, ਕਿ ਓਹ ਬੀ ਇਸਦੀ ਸਹਾਯਤਾ ਨਾਲ ਵੈਰੀਆਂ ਕੋਲੋਂ ਬਚੇ ਰਹਿਨ। ਇਨ੍ਹਾਂ ਹੀ ਗੱਲਾਂ ਤੋਂ ਹਿੰਦੁਸਤਾਨ ਵਿਖੇ ਕਿਤੇ ਕਿਤੇ ਇਸਦਾ ਨਾਉਂ ਕੁਟਵਾਲ ਬੀ ਪ੍ਰਸਿੱਧ ਹੋ ਗਿਆ ਹੈ॥

ਇਹ ਪੰਛੀ ਬੋਦਾ ਜਿਹਾ ਆਲ੍ਹਣਾ ਰੁੱਖ ਦੀ ਖੋਹ ਵਿਖੇ ਬਣਾਉਂਦਾ ਹੈ। ਕੋਈ ਨਿੱਕੀਆਂ ਨਿੱਕੀਆਂ ਟਾਹ-ਣੀਆਂ,ਕੁਝ ਸੁੱਕੀਆਂ ਸੜੀਆਂ ਜੜ੍ਹਾਂ ਲੈਕੇ ਉਨ੍ਹਾਂ ਨੂੰ ਐਂਵੇ ਹੀ ਜੋੜ ਜਾੜ ਲੈਂਦਾ ਹੈ, ਨਾ ਉਸਦੀ ਕੋਈ ਅਜੇਹੀ ਵਲਗਣ ਹੀ ਬਨਾਉਂਦਾ ਹੈ ਨਾਂ ਉਸ ਨੂੰ ਖੰਭਾਂ ਯਾ ਵਾਲਾਂ ਨਾਲ ਸਜਾਉਂਦਾ ਹੈ ਇੱਸੇ ਖੌਹਰੀ ਥਾਂ ਵਿਖੇ ਤਿੰਨ ਚਾਰ ਆਂਡੇ ਮਦੀਨ ਦਿੰਦੀ ਹੈ, ਜਿਨ੍ਹਾਂ ਦਾ ਰੰਗ ਲਾਲ

ਭਾਹ ਮਾਰਦਾ ਚਿੱਟਾ ਹੁੰਦਾ ਹੈ,ਅਤੇ ਉਨ੍ਹਾਂ ਪੁਰ ਉਦੇ ਅਤੇ ਭੂਰੇ ਧੱਬੇ ਵੇਖੇ ਜਾਂਦੇ ਹਨ ॥

ਕਈਆਂ ਕਹਾਣੀਆਂ ਤੋਂ ਪ੍ਰਤੀਤ ਹੁੰਦਾ ਹੈ, ਕਿ ਇਹ ਜਨੌਰ ਵੱਡੀ ਸਮਝ ਵਾਲਾ ਹੈ, ਕਹਿੰਦੇ ਹਨ ਕਿ ਇੱਕ ਝਾਂਪਲ ਯਾ ਕਾਲਕਲਿੱਚੀ ਕਿਸੇ ਰੁੱਖ ਦੀ ਟਾਹਣੀ ਪੁਰ ਬਠੀ ਸਾ, ਸਾਮ੍ਹਣੇ ਡਿੱਠਾ, ਕਿ ਇੱਕ ਹੋਰ ਝਾਂਪਲ ਵੱਡੀ ਮੋਟੀ ਜੇਹੀ ਟਿੱਡੀ ਦੇ ਮਗਰ ਉੱਡਦੀ ਚਲੀ ਜਾਂਦੀ ਹੈ। ਇਹ ਚੀਕੁਣਾ ਗ੍ਰਾਸ ਵੇਖ ਕੇ ਇਸਦੇ ਮੂੰਹ ਵਿਖੇ ਜਲ ਭਰ ਆਇਆ, ਅਤੇ ਉਸ ਸ਼ਿਕਾਰ ਦੇ ਪਿੱਛੇ ਉੱਡੀ,ਇੱਕ ਦੋ ਝਪੱਟੇ ਮਾਰੇ ਪਰ ਦੂਜੇ ਦੇ ਕਾਰਣ ਰੁਕ ਗਏ । ਫੇਰ ਕੁਝ ਸੋਚੀ ਅਤੇ ਇੱਕ ਅਜੇਹੀ ਚੀਕ ਮਾਰੀ ਕਿ ਜਿਸਤੋਂ ਪ੍ਰਤੀਤ ਹੋਏ, ਕਿ ਕੋਈ ਵੈਰੀ ਆ ਪੁੱਜਾ, ਇਸ ਕੂਕ ਨਾਲ ਪਹਿਲੀ ਝਾਂਪਲ ਤ੍ਰਿਭਕ ਪਈ, ਅਤੇ ਆਪਣੇ ਸ਼ਿਕਾਰ ਨੂੰ ਛੱਡ ਕੇ ਭੱਜ ਗਈ, ਫੇਰ ਤਾਂ, ਉਹ ਟਿੱਡੀ ਇਸ ਦਾ ਮਾਲ ਸਾ,ਝੱਟ ਸ਼ਿਕਾਰ ਕਰ ਲਈ ॥

——



ਕਟਣ ਰਿਖ

# ਗਰੜ ਪੰਖ

ਰਤੀ ਸੁਣਨਾ !*ਗਰੜ ਪੰਖ ਬੋਲ ਰਿਹਾ ਹੈ,ਕੇਹੀ ਵੱਡੀ ਅਤੇ ਖੌਹਰੀ ਸੁਰ ਹੈ। ਵੇਖੋ,ਉਹ ਬਿਰਛ ਦੀ ਟਾਹਣ ਪੁਰ ਬੈਠਾ ਹੈ,ਰੁੱਖ ਦੇ ਐਂਨੇ ਪੱਤੇ ਨਹੀਂ ਹਨ, ਕਿ ਇਸਦੀ ਦ੍ਰਿਸ਼ਟਿ ਨੂੰ ਰੋਕਣ,ਚੁਫੇਰੇ ਵੇਖ ਰਿਹਾ ਹੈ,ਕਿ ਕੋਈ ਕੀੜਾ ਧਰਤੀ ਪੁਰ ਬੇਧਯਾਨ ਟੁਰਦਾ ਦਿੱਸੇ, ਯਾਂ ਕੋਈ ਤਿੱਤਰੀ ਛੱਬੀਰੀ ਗਰਮ ਵਾਉ ਵਿਖੇ ਡੋਲਦੀ ਦਿੱਸੇ ਤਾਂ ਝੱਟ ਸ਼ਿਕਾਰ ਕਰ ਲਵਾਂ ॥

ਇਸ ਦੇਹ ਪੁਰ ਸਿਰ ਅਤੇ ਗਰਦਨ ਕੇਹੇ ਵੱਡੇ ਸਾਰੇ ਮਲੂਮ ਹੁੰਦੇ ਹਨ ! ਇਸਦਾ ਸੁਭਾਉ ਹੈ ਕਿ ਜਾਂ ਬਹਿੰਦਾ ਹੈ, ਤਾਂ ਇਨ੍ਹਾਂ ਬਾਵਾਂ ਦਿਆਂ ਖੰਭਾਂ ਨੂੰ ਖਲੇਰ ਲੈਂਦਾ ਹੈ। ਦੇਖੋ, ਇਸ ਨੇ ਧਰਤੀ ਪੁਰ ਕੋਈ ਕੀੜਾ ਤਾੜਿਆ ਹੈ,ਕੇਹਾ ਚੁਪਚਾਪ ਆਪਣੇ ਥਾਉਂ ਤੋਂ ਉੱਡਿਆ ਹੈ, ਕੇਹਾ ਦੱਬਕ ਕੇ ਝਪਟਿਆ ਹੈ ਦੇਖਣਾ ! ਦੇਖਣਾ ! ! ਖੰਭ ਜੋ ਖਿੱਲਰੇ ਹੋਏ ਹਨ, ਉਨ੍ਹਾਂ ਦਿਆਂ ਰੰਗਾਂ ਨੇ ਕੇਹੀ ਬਹਾਰ ਦਿਖਾਈ ਹੈ । ਇਸ ਪ੍ਰਕਾਰ ਕੋਲੋਂ ਹੀ ਲੰਘ ਜਾਂਦਾ ਹੈ, ਕਿ ਜਿਉਂ ਲੋ ਦੀ ਚਮਕ। ਦੇਖੋ ! ਮੋਟਾ ਜਿਹਾ

* ਗਰੜ ਪੰਖ ਨੂੰ ਨੀਲਕੰਠ ਭੀ ਬੋਲਦੇ ਹਨ॥

ਟਿੱਡਾ ਮੂੰਹ ਵਿੱਚ ਲੈਕੇ ਫੇਰ ਆਪਣੀ ਥਾਂ ਪੁਰ ਆ ਗਿਆ ਕੇਹੀ ਧੀਰਜ ਨਾਲ ਬੈਠਾ ਹੈ, ਅਤੇ ਆਪਣਾ ਚੀਕੁਣਾ ਗ੍ਰਾਸ ਸ੍ਵਾਦ ਲਾ ਲਾਕੇ ਖਾ ਰਿਹਾ ਹੈ, ਖਾਂਦਾ ਹੈ, ਅਤੇ ਚਹਚਹਾਉਂਦਾ ਹੈ, ਕਿਉਂ ਨਾਂ ਚਹਚਹਾਏ, ਸ਼ਿਕਾਰ ਮਾਰਕੇ ਲਿਆਇਆ ਹੈ ॥

ਤੁਹਾਨੂੰ ਅਬਾਬੀਲ ਦਾ ਹਾਲ ਚੇਤੇ ਹੈ? ਗਰੜਪੰਖ ਬੀਤਿਹਾ ਹੀ ਮੂੰਹ ਖੁਲ੍ਹਾ ਪੰਛੀ ਹੈ ਜਾਂ ਚੁੰਝ ਖੋਲ੍ਹਕੇ ਮੂੰਹ ੱਡਦਾ ਹੈ, ਤਾਂ ਚੰਗੀ ਤਰ੍ਹਾਂ ਮਲੂਮ ਹੋ ਜਾਂਦਾ ਹੈ ਕਿ ਇਹ ਬੀ ਉਨ੍ਹਾਂ ਹੀ ਵਿੱਚੋਂ ਹੈ। ਮੂੰਹ ਖੁਲ੍ਹੇ ਜਨੌਰ ਬਹੁਤ ਚੰਗੀ ਤਰ੍ਹਾਂ ਟੁਰ ਨਹੀਂ ਸਕਦੇ, ਉੱਡਦੇ ਵਾਹ ਵਾਹ ਹਨ, *ਨੀਲਕੰਠ ਦਾ ਬੀ ਇਹੋ ਹਾਲ ਹੈ ਇਸਦੇ ਲੰਮੇ ਲੰਮੇ ਨੋਕਦਾਰ ਖੰਭ, ਖੌਹਰੀ ਪੂਛ, ਨਿਰਬਲ ਲੱਤਾਂ ਪੁਰ ਧਯਾਨ ਕਰੋਗੇ ਤਾਂ ਜਾਣ ਲਓਗੇ ਕਿ ਇਹ ਬੀ ਉਹੋ ਜਿਹਾ ਹੈ। ਇਹ ਬਾਹਲਾ ਕੀੜੇ ਖਾਂਦਾ ਹੈ, ਵਾਉ ਵਿਖੇ ਉੱਡਦਿਆਂ ਨੂੰ ਜਾ ਵਜਦਾ ਹੈ, ਯਾ ਭੋਂ ਪੁਰੋਂ ਝਪੱਟਾ ਮਾਰਕੇ ਲੈ ਜਾਂਦਾ ਹੈ। ਟਿੱਡੇ ਅਤੇ ਝੀਂਗੇ ਨੂੰ ਇਹ ਵੱਡੀ ਚਾਹ ਨਾਲ ਖਾਂਦਾ ਹੈ, ਗੁਬਰੀਲੀਆਂ ਨੂੰ ਬੀ ਖਾ ਜਾਂਦਾ ਹੈ, ਅਤੇ ਕਦੇ ਕਦੇ ਪੈਲੀਆਂ ਦਿਆਂ ਨਿੱਕਿਆਂ ਨਿੱਕਿਆਂ ਚੂਹਿਆਂ ਨੂੰ

---

* ਗਰੜ ਪੰਖ।


ਬੀ ਗ੍ਰਹੀ ਕਰ ਜਾਂਦਾ ਹੈ, ਉੱਡਦਾ ਉੱਡਦਾ ਆਉਂਦਾ ਹੈ ਅਤੇ ਝਪਟ ਕੇ ਲੈ ਜਾਂਦਾ ਹੈ। ਗਰੜਪੰਖ ਦੇ ਆਹਲਣੇ ਬਹੁਤ ਤਾਂ ਕਿਸੇ ਸੁੱਕੇ ਹੋਏ ਰੁੱਖ ਦੇ ਪੁਲਾੜ ਵਿਖ ਯਾ ਕਿਸੇ ਪੁਰਾਣੀ ਕੰਧ ਵਿਖੇ ਹੁੰਦੇ ਹਨ, ਉੱਥੇ ਮਦੀਨ ਤ੍ਰੈ ਯਾ ਚਾਰ ਪੱਧਰੇ ਕੂਲੇ ਕੂਲੇ ਚਿੱਟੇ ਅਤੇ ਚਮਕਦੇ ਆਂਡੇ ਦਿੰਦੀ ਹੈ॥

ਬਹੁਤ ਲੋਕ ਗਰੜ ਪੰਖ ਪੁਰ ਤੁਰਮਤੀ ਛੱਡਦੇ ਹੁੰਦੇ ਹਨ, ਉਹ ਇਸਦੇ ਸ਼ਿਕਾਰ ਵਿਖੇ ਵੱਡੀ ਹਿੰਮਤ ਪ੍ਰਗਟ ਕਰਦੀ ਹੈ। ਪਰ ਗਰੜ ਪੰਖ ਬਾਹਲਾ ਅਜੇਹੀਆਂ ਫੁਰਤੀਆਂ ਕਰਦਾ ਹੈ, ਕਿ ਬਚ ਹੀ ਜਾਂਦਾ ਹੈ, ਕਦੇ ਤਾਂ ਲਾਂਭੇ ਨਿਕਲ ਜਾਂਦਾ ਹੈ, ਕਦੇ ਸਿੱਧਾ ਇਠਾਂਹ ਨੂੰ ਡੁੱਬ ਜਾਂਦਾ ਹੈ, ਅਤੇ ਬਰਾਬਰ ਕੁਰਲਾਉਂਦਾ ਰਹਿੰਦਾ ਹੈ, ਹਜਾਰਾਂ ਸਿਆਣਪਾਂ ਕਰਦਾ ਹੈ,ਵੱਡਾ ਯਤਨ ਇਹ ਹੁੰਦਾ ਹੈ, ਕਿ ਜੇ ਕੋਈ ਰੁੱਖ ਨੇੜੇ ਆ ਜਾਏ, ਯਾ ਮਲ੍ਹਿਆਂ ਦਾ ਝੂੰਬੜ ਮਿਲ ਜਾਏ ਤਾਂ ਉਸ ਵਿਖੇ ਜਾ ਲੁਕਾਂ॥

ਕਦੇਕਦੇ ਗਰੜਪੰਖਾਂ ਨੂੰ ਫੰਦਾ ਲਾਕੇ ਫੜਦੇਹਨ, ਵੇਝ ਯਾ ਨੈਤ ਦੀਆਂ ਦੋ ਪਤਲੀਆਂ ਪਤਲੀਆਂ ਤੀਲੀਆਂ ਨੂੰ ਵਿਚਕਾਰੋਂ ਬੰਨ੍ਹ ਲੈਂਦੇ ਹਨ ਅਤੇ ਮੋੜਕੇ ਚੌਂਹ ਸਿਰਿਆਂ ਨੂੰ ਭੋ ਵਿਖੇ ਗਡ ਦਿੰਦੇ ਹਨ, ਇੱਕ ਨਿੱਕੀ ਜੇਹੀ ਤੂਹੀ ਯਾਂ

ਕਿਸੇ ਕੀੜੇ ਨੂੰ ਵਿਚਕਾਰ ਬੰਨ੍ਹ ਦਿੰਦੇ ਹਨ, ਅਤੇ ਤੀਲੀਆਂ ਪੁਰ ਕਾਂਪਾ ਮਲ ਛੱਡਦੇ ਹਨ, ਜਾਂ ਓਹ ਅਪਣਾ ਸ਼ਿਕਾਰ ਵੇਖਕੇ ਝਪੱਟਾ ਮਾਰਦਾ ਹੈ,ਤਾਂ ਤ ਲੀਅ ਦੀ ਲੇਸ ਉਸ ਦਿਆਂ ਖੰਭਾਂ ਨੂੰ ਚੰਬੜ ਜਾਂਦੀ ਹੈ ਅਤੇ ਓੜਕ ਨੂੰ ਓਹ ਫਸ ਜਾਂਦਾ ਹੈ ॥

ਹਿੰਦੁਸਤਾਨ ਵਿਖੇ ਗਰੜਪੰਖ ਢੇਰ ਹੁੰਦੇ ਹਨ,ਸੈਂਕੜਿਆਂ ਵਰ੍ਹਿਅ ਤੇ ਹਿੰਦੂ ਲੋਕ ਇਸਨੂੰ ਸ਼ਿਵਜੀ ਦਾ ਪਵਿੱਤ੍ਰ ਜਨੌਰ ਸਮਝਦੇ ਚਲੇ ਆਏ ਹਨ, ਕਹਿੰਦੇ ਹਨ, ਕਿ ਸ਼ਿਵਜੀ ਨੇ ਇਕਵਾਰ ਇਸਦਾ ਉਤਾਰ ਧਾਰਿਆ ਸਾ, ਅਰਥਾਤ ਇਸਦੇ ਅਕਾਰ ਵਿਖੇ ਉਤਰਿਆ ਸਾ। ਬੰਗਾਲੇ ਦੇ ਹਿੰਦੂ ਇਸ ਦੀ ਵੱਡੀ ਮੰਨਤਾ ਕਰਦੇ ਹਨ, ਕਲਕੱਤੇ ਵਿਖੇ ਦੁਰਗਾ ਪੂਜਾ ਤੇ ਪਹਿਲਾਂ ਸ਼ਾਹੂਕਾਰ ਅਤੇ ਮਹਾਜਨ ਲੋਕ ਮੁੱਲ ਲੈ ਰੱਖਦੇ ਹਨ, ਜਾਂ ਦੁਰਗਾ ਦੇਵੀ ਦੀ ਮੂਰਤ ਨੂੰ ਜਲ ਵਿਖੇ ਪ੍ਰਵਾਹੁੰਦੇ ਹਨ, ਉਸ ਵੇਲੇ ਇਸਨੂੰ ਉਡਾ ਦਿੱਤਾ ਕਰਦੇ ਹਨ। ਢੇਰ ਹਿੰਦੂ ਸਮਯ ਦੇ ਅਨੁਸਾਰ ਇਸ ਕੋਲੋਂ ਚੰਗਾ ਮੰਦਾ ਸ਼ਗਨ ਬੀ ਬਿਚਾਰਦੇ ਹਨ। ਯਾਤ੍ਰਾ ਕਰਨ ਦੇ ਸਮਯ ਕਿਸੇ ਦੇ ਰਾਹ ਨੂੰ ਜੇ ਗਰੜ ਪੰਖ ਉਲੰਘ ਜਾਏ ਤਾਂ ਨਿਖਿਧ ਸਮਝਦੇ ਹਨ, ਪਰ ਦੁਸੈਹਰੇ ਦੇ ਦਿਨ ਇਸਦੇ ਵੇਖਣ ਨੂੰ ਵੱਡਾ ਸ੍ਰੇਸ਼ਟ ਜਾਣਦੇ ਹਨ,



ਬਿਜੜਾ

G.D.; MAYO SCHOOL OF ART, LAHORE.

ਏਧਰ ਓਧਰ ਵੇਂਹਦੇ ਰਹਿੰਦੇ ਹਨ, ਅਤੇ ਜਦ ਤੀਕ ਨਹੀਂ ਦਿਸਦਾ ਖਾਣ ਪੀਣ ਦਾ ਨਾਉਂ ਨਹੀਂ ਲੈਂਦੇ। ਇਸ ਦੇਸ ਦਿਆਂ ਕਈਆਂ ਨਗਰਾਂ ਵਿਖੇ ਗੁਆਲਿਆਂ ਦਾ ਅਚਰਜ ਵਿਚਾਰ ਹੈ,ਓਹ ਕਹਿੰਦ ਹਨ ਕਿ ਜੇ ਨੀਲ ਕੰਠ ਦਿਆਂ ਖੰਭਾਂ ਨੂੰ ਕੁੱਟੀ ਕਰਕੇ ਚਾਰੇ ਵਿੱਚ ਰਲਾ, ਗਾਈਆਂ ਨੂੰ ਖੁਲ਼ਾਈਏ, ਤਾਂ ਦੁੱਧ ਬਹੁਤ ਹੁੰਦਾ ਹੈ। ਅਗਲੇ ਸਮਯ ਵਿਖੇ ਇੰਗਲਿਸਤਾਨ ਦੇ ਲੋਕ ਬੀ ਯੰਤ੍ਰ ਮੰਤ੍ਰ ਅਤੇ ਚਗਿਆਂ ਮੰਦਿਆਂ ਸ਼ਗੁਣਾਂ ਨੂੰ ਮੰਨਦੇ ਹੁੰਦੇ ਸਨ,ਜਾਂ ਵਿੱਦ੍ਯਾ ਫੈਲੀ ਤਾਂ ਅਜੇਹੀਆਂ ਵਿਚਾਰਾਂ ਜਾਂਦੀ ਆਂ ਰਹੀਆਂ, ਹੁਣ ਕੋਈ ਵਿਰਲਾ ਹੀ ਮੰਨਦਾ ਹੋਇਗਾ॥

---

## ਬਿਜੜਾ

ਤੁਸਾਂ ਬਿਜੜੇ ਦਾ ਆਹਲਣਾ ਡਿੱਠਾ ਹੈ ? ਕੇਮ ਦੇਖਕੇ ਬੁੱਧਿ ਚਕ੍ਰਿਤ ਹੁੰਦੀ ਹੈ, ਅਤੇ ਜਾਂ ਅਸੀ, ਇਸ ਨਿੱਕੇ ਜੇਹੇ ਰਾਜ ਪੁਰ ਧ੍ਯਾਨ ਕਰਦੇ ਹਾਂ, ਤਾਂ ਇਸ ਦੇ ਯਤਨ,ਚਤੁਰਾਈ ਅਤੇ ਸੁਘੜਪੁਣੇ ਪੁਰ ਅਚਰਜ ਕਰਦੇ ਹਾਂ। ਪਹਿਲਾਂ ਅਸੀਂ ਇਸ ਪੰਖੇਰੂ ਦਾ ਹਾਲ ਵਰਣਨ ਕਰਦੇ ਹਾਂ, ਫੇਰ ਇਸਦੀ ਚਤੁਰਾਈ ਦਿਖਲਾਵਾਂਗੇ॥

ਭਾਰਤਵਰਖ ਵਿਖੇ ਬਿਜੜਾ ਹਰ ਥਾਂ ਮਿਲਦਾ ਹੈ, ਵੇਖਣ ਨੂੰ ਤਾਂ ਇਹ ਸਿੱਧਾ ਪੱਧਰਾ ਨਿੱਕਾ ਜਿਹਾ ਜਨੌਰ ਹੈ। ਇਸ ਦਿਆਂ ਉੱਪਰਲਿਆਂ ਖੰਭਾਂ ਦਾ ਰੰਗ ਭੂਸਲਾ ਹੁੰਦਾ ਹੈ, ਕੰਢੇ ਰਤੀ ਪੀਲੀ ਭਾਹ ਮਾਰਦੇ ਹਨ, ਨਰ ਜਦੋਂ ਜੁਆਨ ਹੁੰਦਾ ਹੈ, ਤਾਂ ਉਨ੍ਹਾਲ ਅਤੇ ਬਰਸਾਤ ਵਿੱਚ ਉਸਦਾ ਸਾਰੀ ਛਾਤੀ ਅਤੇ ਉੱਪਰਲੀ ਵੱਲੋਂ ਸਿਰ ਬੀ ਗੂੜ੍ਹਾ ਪੀਲਾ ਹੋ ਜਾਂਦਾ ਹੈ। ਸਿਰ ਤੋਂ ਲੈ ਪੂਛ ਤਕ ਛਿਆਂ ਇੰਚਾਂ ਦੇ ਲੱਗ ਭਗ ਹੁੰਦਾ ਹੈ, ਇਸ ਦੇ ਸਰੀਰ ਪੁਰ ਪੰਜੇ ਰਤੀ ਵੱਡੇ ਹਨ, ਅੰਗੁਲੀਆਂ ਲੰਮੀਆਂ, ਅਤੇ ਨਹੁੰ ਤ੍ਰਿੱਖੇ ਹੁੰਦੇ ਹਨ। ਉਸਦੀ ਚੁੰਝ ਪਈ ਕਹਿੰਦੀ ਹੈ, ਕਿ ਉਹ ਗੋਲ ਚੁੰਝ ਵਾਲਿਆਂ ਪੰਛੀਆਂ ਵਿੱਚੋਂ ਹੈ। ਬਿਜੜੇ ਛੋਟੀਆਂ ਛੋਟੀਆਂ ਡਾਰਾਂ ਵਿਖੇ ਇਕੱਠੇ ਰਹਿੰਦੇ ਹਨ, ਅਤੇ ਇੱਕੋ ਥਾਂ ਵਾਸ ਕਰਦੇ ਹਨ। ਏਹ ਹਰ ਪ੍ਰਕਾਰ ਦਾ ਅੰਨ ਖਾ ਲੈਂਦੇ ਹਨ, ਚੌਲ ਅਤੇ ਤਰ੍ਹਾਂ ਤਰ੍ਹਾਂ ਦੇ ਘਾ ਦੇ ਬੀਉ ਸੁਆਦ ਨਾਲ ਖਾਂਦੇ ਹਨ ਅਤੇ ਚੁਗਨ ਦੇ ਵੇਲੇ ਡਾਰ ਦੀ ਡਾਰ ਚੁਰਕਦੀ ਰਹਿੰਦੀ ਹੈ॥

ਇਸਦਾ ਸੁੰਦਰ ਆਹਲਣਾਂ ਵੱਡਾ ਪੱਕਾ ਬਣਿਆ ਹੁੰਦਾ ਹੈ, ਨਾ ਉਸ ਵਿਖੇ ਮੀਂਹ ਪੋਹ ਸਕਦਾ ਹੈ, ਅਤੇ ਨਾ ਉੱਥੇ ਵਾਉ ਦਾ ਹੀ ਡਰ ਹੈ, ਓਹ ਬਾਹਲਾ ਨਦੇਲ ਯਾ

ਖਜੂਰ,ਯਾ ਤਾੜਦਿਆਂ ਉੱਚਿਆਂ ਬਿਰਛਾਂ ਪੁਰ ਪੱਤਿਆਂ ਨਾਲ ਲਮਕਦਾ ਦਿਸਦਾ ਹੈ,ਯਾ ਕਿੱਕਰ ਯਾ ਸ਼ਰੀਂਹ ਦੀਆਂ ਸੁੱਕੀਆਂ ਟਾਹਣੀਆਂ ਵਿਖੇ ਹਰੇ ਘਾ ਨਾਲ, ਯਾ ਕੇਲੇ ਯਾ ਖਜੂਰ ਯਾ ਨਰੇਲ ਦਿਆਂ ਪੱਤਿਆਂ ਦੀਆਂ ਤਾਰਾਂ ਨਾਲ ਆਪਣਾ ਆਹਲਣਾ ਬਣਾਉਂਦਾ ਹੈ, ਪਰ ਕੇਲੇ ਯਾ ਖੱਜੀ ਆਦਿਕਾਂ ਦਿਆਂ ਪੱਤ੍ਰਾਂ ਨਾਲ ਜੋ ਆਹਲਣਾ ਬਨਾਉਂਦਾ ਹੈ, ਉਹ ਬਾਹਲਾ ਘਾ ਦੇ ਆਹਲਣੇ ਕੋਲੋਂ ਛੋਟਾ ਹੁੰਦਾ ਹੈ ਜਾਣੋਂ ਇਹ ਨਿੱਕਾ ਜੇਹਾ ਸਿਆਣਾ ਰਾਜ ਬੀ ਜਾਣਦਾ ਹੈ, ਕਿ ਮਸਾਲਾ ਪੱਕਾ ਹੈ ਘਰ ਦੀਆਂ ਕੰਧਾਂ ੂ ਵੱਡੇ ਅਸਾਰ ਦੀ ਲੋੜ ਨਹੀਂ। ਬਿਜੜਾ ਅਤੇ ਬਿਜੜੀ ਆਹਲਣੇ ਦੇ ਬਣਾਉਣ ਵਿਖੇ ਰਲ ਕੇ ਕੰਮ ਕਰਦੇ ਹਨ, ਪਹਿਲਾਂ ਉੱਪਰਲੀ ਵੱਲੋਂ ਬਣਾਉਣ ਲਗਦੇ ਹਨ, ਅਤੇ ਪੱਤਿਆਂ ਦਿਆਂ ਧਾਗਿਆਂ ਯਾ ਘਾ ਦੀ ਇੱਕ ਟੋਕਰੀ ਜਿਹੀ ਬੁਣ ਲੈਂਦੇ ਹਨ। ਜਾਂ ਉੱਪਰਲਾ ਪਾਸਾ ਬਣਾ ਚੁਕਦੇ ਹਨ, ਤਾਂ ਉਸ ਵਿਖੇ ਇੱਕ ਅੱਡਾ ਬਣਾਉਂਦੇ ਹਨ,ਬਿਜੜੀ ਉਸ ਪੁਰ ਬੈਠ ਜਾਂਦੀ ਹੈ,ਬਿਜੜਾ ਘਾ ਯਾ ਹੋਰ ਮਸਾਲਾ ਲਿਆਉਂਦਾ ਹੈ, ਓਹ ਬਾਹਰਲੀ ਵੱਲੋਂ ਕੰਮ ਕਰਦਾ ਹੈ, ਮਦੀਨ ਅੱਡੇ ਪੁਰ ਬੈਠੀ ਹੋਈ ਅੰਦਰ ਹੀ ਕੰਮ ਕਰਦੀ ਹੈ, ਕਿ ਘਰ ਚੰਗੀ ਤਰ੍ਹਾਂ ਸੋਹਣਾ ਬਣ ਜਾਏ। ਅੱਡੇ ਦੇ ਇੱਕ ਵੱਲ

ਕੋਠੜੀ ਜੇਹੀ ਬਨਾ ਲੈਂਦੇ ਹਨ, ਮਦੀਨ ਉਸ ਵਿਖੇ ਦੋ ਯਾ ਤ੍ਰੈ ਚਿੱਟੇ ਆਂਡੇ ਦੇ ਦਿੰਦੀ ਹੈ, ਬੂਹਾ ਦੂਜੀ ਵੱਲ ਹੁੰਦਾ ਹੈ,ਅਤੇ ਉਸਦਾ ਰਾਹ ਹੇਠੋਂ ਹੁੰਦਾ ਹੈ। ਓਹ ਗਿੱਲੀ ਮਿੱਟੀ ਦੀਆਂ ਮਿੱਕਰਾਂ ਲਿਆਉਂਦੇ ਹਨ, ਅਤੇ ਆਹਲਣੇ ਵਿਖੇ ਲਾਉਂਦੇ ਹਨ,ਇਹ ਇਸ ਲਈ ਕਰਦੇ ਹੋਣਗੇ ਕਿ ਆਹਲਣੇ ਦਾ ਭਾਰ ਇੱਕੋ ਜੇਹਾ ਰਹ, ਅਤੇ ਵਾਉ ਨਾਲ ਇੱਧਰ ਉੱਧਰ ਨਾ ਉੱਡੇ। ਲੋਕ ਕਹਿੰਦੇ ਹੁੰਦੇ ਹਨ, ਕਿ ਬਿਜੜਾ ਟਟੇਣਿਆਂ ਨੂੰ ਫੜਕੇ ਇਨ੍ਹਾਂ ਮਿੱਟੀ ਦੀਆਂ ਡਲੀਆਂ ਪੁਰ ਰੱਖ ਦਿੰਦਾ ਹੈ ਕਿ ਰਾਤ ਦੇ ਵੇਲੇ ਘਰ ਵਿੱਚ ਲੋ ਰਹੇ। ਤੁਹਾਨੂੰ ਇੱਕ ਵਾਰਤਾ ਸੁਣਾਉਂਦੇ ਹਾਂ, ਭਾਵੇਂ ਸੱਚੀ ਨਹੀਂ ਪਰ ਅਤੀ ਹੀ ਅਚਰਜ ਹੈ॥

ਕਿਸੇ ਜੰਗਲ ਵਿਖੇ ਤਾੜਦੇ ਰੁੱਖ ਪੁਰ ਬਿਜੜੇ ਦਾ ਆਹਲਣਾ ਸਾ,ਇਕ ਦਿਨ ਵਰਖਾ ਕਾਲ ਵਿਖੇ ਸੰਧ੍ਯਾ ਦੇ ਸਮਯ ਬਿਜੜਾ ਅਤੇ ਬਿਜੜੀ ਆਪਣੇ ਘਰ ਵਿਖੇ ਬੈਠੇ ਸਨ, ਕਿ ਅਚਾਣਕ ਬਦਲੀ ਛਾ ਗਈ, ਬਿਜਲੀ ਚਮਕਣ ਲੱਗੀ, ਵੱਡੀਆਂ ਵੱਡੀਆਂ ਬੂੰਦਾਂ ਬਰਸਣ ਲੱਗ ਪਈਆਂ ਇਨ੍ਹਾਂ ਨੇ ਆਪਣੇ ਆਹਲਣੇ ਵਿਖੇ ਕਈ ਟਟਾਣੇ ਸਜਾਕੇ ਘਰ ਵਿਖੇ ਉਜਾਲਾ ਕਰ ਰਖਿਆ ਸਾ, ਜੋਂਕੀ ਗੱਲਾਂ ਕਰ ਰਹੇ ਸੇ, ਮੀਂਹ ਮੋਹਲੇ ਧਾਰ ਪੈਣ ਲੱਗਿਆ, ਪਰ

ਇਨ੍ਹਾਂ ਦੇ ਕਿਸੇ ਚਿੱਤ ਚੇਤੇ ਬੀ ਨਾ ਸਾ । ਐਂਨੇ ਵਿੱਚ ਹੋਣੀ ਦਾ ਮਾਰਿਆ ਇੱਕ ਬਾਂਦਰ ਉੱਥੇ ਆ ਨਿਕਲਿਆ, ਮੀਂਹ ਤੇ ਦੁਖੀ ਹੋ ਕੇ ਬਿਰਛ ਪੁਰ ਚੜ੍ਹ ਆਇਆ, ਪਰ ਕਿਤੇ ਅਜੇਹੇ ਪੱਤੇ ਨਾ ਸਨ, ਕਿ ਵਿਚਾਰੇ ਨੂੰ ਬਚਾ ਲੈਂਦੇ,ਹਾਰ ਕੇ ਕਦੇ ਇੱਕ ਟਾਹਣੀ ਨੂੰ ਚੰਬੜਦਾ, ਕਦੇ ਦੂਜੀ ਨੂੰ,ਜਦ *ਅਹਿਣ ਬੀ ਆਈ ਤਾਂ ਘਾਬਰ ਕੇ ਚਿੜ ਚਿੜ ਕਰਨ ਲੱਗਿਆ। ਬਿਜੜਾ ਰਹਿ ਨਾ ਸੱਕਿਆ, ਬੋਲਿਆ,ਹਨੂਮਾਨ ਜੀ! ਪਰਮੇਸੁਰ ਨੇ ਤੈਨੂੰ ਮਨੁੱਖ ਦਾ ਰੂਪ ਦਿੱਤਾ, ਉਹੋ ਜੇਹੇ ਹੱਥ ਦਿੱਤੇ, ਉਸ ਕੋਲੋਂ ਚੰਗੇ ਚੁਸਤ ਪੈਰ ਦਿੱਤੇ, ਮਨੁੱਖ ਕੋਲੋਂ ਤ੍ਰਿੱਖਾ ਸਰੀਰ ਦਿੱਤਾ। ਜੇ ਤੂੰ ਚਾਹੇਂ ਤਾਂ ਬਹੁਤ ਕੁਝ ਕਰ ਸਕਦਾ ਹੈਂ। ਜੇ ਵੱਸਣ ਲਈ ਇੱਕ ਘਰ ਬਣਾ ਛੱਡਦਾ, ਤਾਂ ਇਸ ਵੇਲੇ ਕੇਹਾ ਕੰਮ ਆਉਂਦਾ। ਮੇਰੀ ਵੱਲ ਵੇਖ, ਇੱਕ ਵਿਚਾਰਾ ਨਿਕਾ ਜਿਹਾ ਪੰਖੀ ਹਾਂ, ਆਪਣੇ ਬਿੱਤ ਮੂਜਬ ਕਿਹਾ ਸੋਹਣਾ ਘਰ ਬਣਾਇਆ ਹੈ, ਲਾਲਟੈਣ ਜੇਹੀ ਲੋ ਹੈ, ਸੁਖ ਵਿੱਚ ਬੈਠਾ ਹਾਂ, ਅਤੇ ਪਰਮੇਸੁਰ ਦਾ ਧਨਜਵਾਦ ਕਰਦਾ ਹਾਂ। ਬਾਂਦਰ ਇੱਕ ਤਾਂ ਪਹਿਲਾਂ ਹੀ ਭੌਂਦਲਿਆ ਹੋਇਆ ਸਾ, ਫੇਰ ਬਿਜੜੇ ਦੀਆਂ ਗੱਲਾਂ ਸੁਣ ਜਲ ਗਿਆ, ਖਿੱਝਕੇ ਇੱਕ

*ਗੜੇ ।

ਹੱਥ ਮਾਰਿਆ, ਅਤੇ ਆਹਲਣੇ ਨੂੰ ਤੋੜ ਖੋਹ ਤੀੱਲਾ ਤੀੱਲਾ ਕਰ ਭੋਂ ਨਾਲ ਮਾਰਿਆ। ਬਿਜੜਾ ਅਤੇ ਬਿਜੜੀ ਉੱਡਕੇ ਇੱਕ ਡਾਲੀ ਪੁਰ ਜਾ ਬੈਠੇ ਏਹ ਭਲਾ ਹੋਇਆ ਕਿ ਜਾਨ ਬਚ ਗਈ, ਬਿਜੜੀ ਨੇ ਘਰ ਦੇ ਉਜੜਨ ਅਤੇ ਇਸ ਵੇਲੇ ਦੀ ਬਿਪਤਾ ਨਾਲ ਦੁਖੀ ਹੋਕੇ ਬਿਜੜੇ ਨੂੰ ਇਹ ਦੋਹਾ ਸੁਣਾਇਆ:--


ਦੋਹਰਾ

ਸਿਖ ਮਤ ਉਸ ਨੂੰ ਦੇਈਏ, ਜਿਸਨੂੰ ਸਿੱਖ ਸੁਹਾਇ।
ਸਿੱਖ ਨਾ ਦੇਈਏ ਬਾਂਦਰਾਂ, ਬਿਜੜੇ ਦਾ ਘਰ ਢਾਇ॥

ਤਦ ਹੀ ਤੇ ਕਹਿੰਦੇ ਹਨ ਕਿ ਬਿਜੜਾ ਮੈਦਾਨ ਵਿਖੇ ਉੱਚਿਆਂ ਰੁੱਖਾਂ ਪੁਰ ਆਲ੍ਹਣਾ ਬਣਾਉਂਦਾ ਹੈ, ਕਿ ਜਿੱਥੇ ਕਿਸੇ ਦਾ ਹੱਥ ਨਾ ਪੁੱਜੇ॥

ਲੋਕ ਬਿਜੜੇ ਨੂੰ ਫੜ ਲੈਂਦੇ ਹਨ, ਇਸਦੇ ਲੱਕ ਵਿੱਚ ਪੇੱਟੀ ਈਨ੍ਹਦੇ ਹਨ, ਅਤੇ ਵੱਡੇ ਅਚਰਜ ਕਰਤਬ ਸਿਖਾਉਂਦੇ ਹਨ, ਉਹਨੂੰ ਵਿਖਾਕੇ ਖੂਹ ਵਿਖੇ ਛੱਲਾ ਸਿੱਟਦੇ ਹਨ, ਉਹ ਅਜੇਹੀ ਫੁਰਤੀ ਨਾਲ ਜਾਂਦਾ ਹੈ, ਕਿ ਛੱਲਾ ਅਜੇ ਪਾਂਣੀ ਤੀਕ ਹੀ ਨਹੀਂ ਪਹੁੰਚਦਾ, ਕਿ ਰਾਹ ਵਿੱਚੋਂ ਹੀ ਲਪਕ ਕੇ ਫੜ ਲਿਆਉਂਦਾ ਹੈ। ਨਿੱਕਾ ਜਿਹਾ ਲਿਫਾਫਾ

# ਫੁੱਲ ਸੁੰਘਣੀ



S.H., MAYO SCHOOL OF ART, LAHORE.

ਚਿੱਠੀ ਦੀ ਤਰ੍ਹਾਂ ਲੈ ਜਾਂਦਾ ਹੈ, ਅਤੇ ਜਿਸਦੀ ਵੱਲ ਸੈਨਤ ਕਰੋ, ਦੇ ਆਉਂਦਾ ਹੈ, ਮੱਥੇ ਪੁਰੋਂ ਬਿੰਦੀ ਲਾਹ ਲਿਆਉਂਦਾ ਹੈ, ਇੱਸੇ ਪ੍ਰਕਾਰ ਅਲਾਇਚੀ ਯਾ ਮਿਸਰੀ ਦੀ ਡਲੀ ਚੁੰਝ ਵਿੱਚ ਲੈ ਜਾਂਦਾ ਹੈ, ਅਤੇ ਮੂੰਹ ਵਿੱਚ ਪਾ ਆਉਂਦਾ ਹੈ। ਨਿੱਕੀ ਜੇਹੀ ਤੋਪ ਭਰਦਾ ਹੈ ਅਤੇ ਚਲਾ-ਉਂਦਾ ਹੈ, ਉਸਦੇ ਪਾਸ ਲੇ ਜਨੌਰ ਉਸਦੀ ਅਵਾਜ ਸੁਣਕੇ ਡਰ ਨਾਲ ਉੱਡ ਜਾਂਦੇ ਹਨ, ਪਰ ਇਹ ਨਿੱਕਾ ਜਿਹਾ ਗੋਲੰਦਾਜ਼ ਰਤੀ ਨਹੀਂ ਡਰਦਾ,ਉੱਥੇ ਹੀ ਬੈਠਾ ਵਰਿਆਮੀ ਦਿਖਾਉਂਦਾ ਹੈ। ਕਦੇ ਇਕ ਨਿਕੀ ਜੇਹੀ ਮਰਹੱਟੀ ਇਸਦੀ ਚੁੰਝ ਵਿੱਚ ਫੜਾ ਦਿੰਦੇ ਹਨ, ਉਸਨੂੰ ਵਿਚਕਾਰੋਂ ਫੜਕੇ ਸਿਰ ਦੇ ਦੁਆਲੇ ਅਜੇਹੀ ਸਫ਼ਾਈ ਨਾਲ ਭਵਾਉਂਦਾ ਹੈ, ਕਿ ਅੱਗ ਦਾ ਚੱਕਰ ਬਣ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਇਹ ਨਿਕਾ ਜੇਹਾ ਪੰਛੀ ਅਚਰਜ ਕੰਮ ਕਰਦਾ ਹੈ॥

---

## ਸ਼ਕਰਖ਼ੋਰਾ ਯਾ ਫੁੱਲ ਸੁੰਘਣੀ

ਹਿੰਦੁਸਤਾਨ ਵਿਖੇ, ਵਧੇਰੇ ਹਿਮਾਲਯ ਗਿਰ ਵਿਖੇ ਇਹ ਜਨੌਰ ਕਈ ਪ੍ਰਕਾਰ ਦਾ ਹੁੰਦਾ ਹੈ, ਪਰ ਊਦਾ ਸ਼ਕਰਖ਼ੋਰਾ ਬਹੁਤੀ ਥਾਂਈਂ ਦੇਖਣ ਵਿੱਚ ਆਉਂਦਾ ਹੈ।

ਬਾਗਾਂ ਵਿੱਚ ਰਹਿੰਦਾ ਬਹਿੰਦਾ ਹੈ, ਅਤੇ ਉੱਥੇ ਹੀ ਕਲੋਲ
ਕਰਦਾ ਹੈ, ਇਹਦੀ ਪਿਆਰੀ ਪਿਆਰੀ ਸੂਰਤ ਅਤੇ ਤੋਰ
ਮਨ ਨੂੰ ਅਜੇਹੀ ਭਾਉਂਦੀ ਹੈ, ਕਿ ਵੇਖਣੋਂ ਜੀ ਨਹੀਂ
ਅੱਕਦਾ। ਇਹ ਸੋਹਣਾ ਜਨੌਰ ਭਾਰਤਵਰਖ ਦਿਆਂ
ਬਹੁਤ ਨਿਕਿਆਂ ਨਿਕਿਆਂ ਪਰਿੰਦਿਆਂ ਵਿੱਚੋਂ ਹੈ। ਚੁੰਝ
ਤੋਂ ਪੂਛ ਤੀਕ ਸਾਵਿਆਂ ਚਹੁੰ ਇੰਚਾਂ ਤੇ ਵਧੀਕ ਨਹੀਂ
ਹੁੰਦਾ। ਇਸ ਦਾ ਨਰ ਉਨ੍ਹਾਲ ਦੇ ਆਉਣ ਦੇ ਵੇਲੇ ਖੰਭ
ਝਾੜ ਕੇ ਅਚਰਜ ਰੰਗ ਰੂਪ ਕੱਢਦਾ ਹੈ। ਸਿਰ, ਗਰਦਨ,
ਗਲ, ਛਾਤੀ ਅਤੇ ਪਿੱਠ ਦਾ ਰੰਗ ਅਜੇਹਾ ਹੁੰਦਾ ਹੈ, ਕਿ
ਜੇਹੀ ਚਮਕ ਵਾਲੀ ਸਾਵੇ ਅਤੇ ਊਦੇ ਰੰਗ ਦੀ ਧੁੱਪ ਛਾਉਂ,
ਪੂਛ ਅਤੇ ਖੰਭ ਕਾਲੇ ਹੁੰਦੇ ਹਨ, ਖੰਭਾਂ ਵਿਖੇ ਕਿਰਮਚੀ
ਅਤੇ ਪੀਲੇ ਰੰਗ ਦਾ ਇਕ ਵੱਡਾ ਸੁੰਦਰ ਗੁੱਛਾ ਹੁੰਦਾ ਹੈ।
ਨਿਕੇ ਨਿਕੇ ਪੰਜੇ ਪੇਟ ਦਿਆਂ ਸੁਰਮਈ ਖੰਭਾਂ ਵਿੱਚ ਲੁਕ
ਜਾਂਦੇ ਹਨ, ਲੰਮੀ ਅਤੇ ਪਤਲੀ ਚੁੰਝ ਇਸ ਕੰਮ ਲਈ
ਵੱਡੀ ਚੰਗੀ ਹੈ, ਕਿ ਫੁੱਲਾਂ ਵਿੱਚੋਂ ਰਸ ਕੱਢੇ ਅਤੇ ਖ
ਲਏ, ਇਸ ਸੁਹਲ ਸੁਭਾਉ ਵਾਲੇ ਜਨੌਰ ਨੂੰ ਇਹੋ ਖੋਜ
ਬਹੁਤ ਭਾਉਂਦਾ ਹੈ। ਭਾਵੇਂ ਉਹ ਇਸ ਫੁੱਲ ਪੁਰੋਂ ਉ
ਫੁੱਲ ਪੁਰ ਉਡ ਜਾਂਦਾ ਹੋਏ, ਅਤੇ ਉਸ ਦੇ ਭੜਕਦਾ
ਖੰਭ ਧੁੱਪ ਨਾਲ ਭੀ ਚਿਲਕਦੇ ਹੋਣ, ਭਾਵੇਂ ਕਿ


ਵੱਡੀ ਭੰਬੀਰੀ ਦੀ ਤਰ੍ਹਾਂ ਕਿਸੇ ਫਲ ਦੀ ਕੂਲੀ ਪੱਤੀ ਪੁਰ ਬੈਠਾ ਰਸ ਚੂਪਦਾ ਹੋਏ, ਜਾਂ ਦੇਖੋਗੇ, ਇਹੋ ਕਹੋਗੇ, ਕਿ ਇਹ ਅਪਸਰਾਂ ਦੀ ਸੂਰਤ ਅਤੇ ਕਾਮਿਨੀ ਜੇਹੀ ਮੂਰਤ ਕਿੱਥੋਂ ਲੱਭਦੀ ਹੈ! ੁਝ ਦੀ ਸੂਰਤ ਉਵੇਂ ਕੈਹ ਦਿੰਦੀ ਹੈ, ਕਿ ਉਹਦਾ ਨਾਉਂ ਪਤਲੀ ਚੁੰਝ ਵਾਲਿਆਂ ਪੰਖੀਆਂ ਵਿਖੇ ਲਿਖਣਾ ॥

ਇਹ ਆਪਣਾ ਆਹਲਣਾ ਬਾਹਲਾ ਖਿੱਲਰੀ ਹੋਈ ਝਾੜੀ ਦੀਆਂ ਟਾਹਣੀਆਂ ਪੁਰ ਬਣਾਉਂਦਾ ਹੈ। ਜਿੱਥੇ ਮੱਕੜੀ ਨੇ ਵੱਡਾ ਸੰਘਣਾ ਜਾਲਾ ਲਾਇਆ ਹੋਇਆ ਹੋਏ, ਉੱਸੇ ਵਿਖੇ ਕਾਗਦ ਦੇ ਕੁਝ ਟੁਕੜੇ ਕੱਪੜਿਆਂ ਦੀਆਂ ਕੁਝ ਲੀਰਾਂ, ਘਾਸ ਫੂਸ ਦੇ ਤਿਣਕੇ ਆਦਿਕ ਵੱਟਦਾ ਹੈ, ਅਤੇ ਆਪਣੇ ਘਰ ਲਈ ਡਾਢੇ ਪੱਕੀ ਭੂਈਂ ਤਿਆਰ ਕਰਦਾ ਹੈ,ਅਤੇ ਇਸ ਪ੍ਰਕਾਰ ਦੀ ਸਮਗ੍ਰੀ ਨਾਲ਼ ਘਰਦੀ ਉਸਾਰੀ ਕਰ ਲੈਂਦਾ ਹੈ। ਇੱਕ ਵੱਲ ਨੂੰ ਝੂਹਾ ਰਖਦਾ ਹੈ ਅਤੇ ਮੀਂਹ ਕਣੀ ਦੇ ਬਚਾਉ ਲਈ ਉਸ ਪੁਰ ਛੱਜਾ ਬੀ ਬਣਾ ਦਿੰਦਾ ਹੈ। ਇਸ ਦੇ ਆਂਡੇ ਮਿੱਟੀ ਰੰਗੇ ਹੁੰਦੇ ਹਨ, ਪਰ ਰਤੀ ਰਤੀ ਸਾਵੀ ਭਾਹ ਮਾਰਦੇ ਹਨ, ਅਤੇ ਜੇਹਾ ਆਪ ਨਿੱਕਾ ਜਿਹਾ ਹੁੰਦਾ ਹੈ, ਓਕਰ ਹੀ ਉਸਦੇ ਆਂਡੇ ਬੀ ਨਿੱਕੇ ਨਿੱਕੇ ਹੁੰਦੇ ਹਨ ॥

ਜਾਂ ਮਿਠੀ ਮਿੱਠੀ ਬੋੱਲੀ ਬੋਲਦਾ ਹੈ, ਤਾਂ ਸੁਣਕੇ ਰਸ ਆਉਂਦਾ ਹੈ, ਪਰ ਉਸਦੀਆਂ ਖੰਭਾਂ ਦੀ ਬਹਾਰ ਅਤੇ ਕਲੋਲਾਂ ਦੀ ਚੰਚਲਤਾ ਤੇ ਬਾਗ਼ ਨੂੰ ਵੱਡੀ ਰੌਣਕ ਹੁੰਦੀ ਹੈ। ਜਦ ਤ੍ਰਿੱਖੀ ਧੁੱਪ ਪੈਂਦੀ ਹੈ ਅਤੇ ਇਸ ਨਿੱਕੇ ਜੇਹੇ ਸੋਹਣੇ ਪੰਛੀ ਨੂੰ ਕਲੋਲ ਕਰਦੇ ਵੇਖਦੇ ਹਾਂ ਤਾਂ ਮਨ ਬਹੁਤ ਪ੍ਰਸੰਨ ਹੁੰਦਾ ਹੈ। ਧੰਨ ਮਹਾਰਾਜ ਹੈ! ਉਹ ਕੇਹਾ*ਸ੍ਰਿਸਟਾ ਹੈ, ਆਪਣਿਆਂ ਜੀਆਂ ਪੁਰ ਅਚਰਜ ਕ੍ਰਿਪਾ ਕੀਤੀਆਂ ਹਨ, ਹਰ ਇੱਕ ਨੂੰ ਉਹੀਓ ਵਸਤਾਂ ਦਿੱਤੀਆਂ ਹਨ, ਕਿ ਜੋ ਉਸਨੂੰ ਲੋੜੀਦੀਆਂ ਹਨ, ਜਦ ਉਸਦੀਆਂ ਹਿਕਮਤਾਂ ਅਤੇ ਕਾਰੀਗਰੀਆਂ ਵੱਲ ਧਯਾਨ ਕਰਦੇ ਹਾਂ, ਤਾਂ ਬੁੱਧਿ ਚਕਿਤ ਹੋ ਜਾਂਦੀ ਹੈ। ਉਸਦੀ ਸੁੰਦਰਤਾ ਵੱਲ ਵੇਖੋ, ਇਸ ਨਿੱਕੇ ਜੇਹੇ ਪੰਛੀ ਨੂੰ ਭੰਬੀਰੀ ਜੇਹੇ ਸੂਹਲ ਅਤੇ ਸੋਹਣੇ ਖੰਭ ਦਿੱਤੇ ਹਨ, ਨਿੱਕਾ ਜੇਹਾ ਬੁੱਤ, ਚੁੰਝ ਲੰਮੀ ਵਿੰਗੀ, ਜਾਣੋ ਇਸਨੂੰ ਇੱਸੇ ਲਈ ਬਨਾਇਆ ਹੈ ਕਿ ਮਿੱਠਾ ਰਸ ਢੂੰਡਦਾ ਫਿਰੇ, ਮਿੱਠਾ ਖਾਏ। ਇਸ ਫੁੱਲ ਪੁਰੋਂ ਉਡਕੇ ਉਸ ਫੁੱਲ ਪੁਰ ਜਾ ਬੈਠੇ, ਇਸ ਡਾਲ ਪੁਰੋਂ ਉਸ ਡਾਲ ਪੁਰ ਉੱਡ ਜਾਏ॥

---

*ਪੈਦਾ ਕਰਨਹਾਰ॥



ਕਠਵੇੜਾ

# ਕਠਫੋੜਾ

ਰਤੀ ਕੰਨ ਲਾਕੇ ਸੁਣਨਾ ਇਹ ਕੀ ਸ਼ਬਦ ਹੈ ? ਸਾਮ੍ਹਣੇ ਬ੍ਰਿਛ ਪੁਰ ਕੇਹੀ ਖਟ ਖਟ ਹੋ ਰਹੀ ਹੈ, ਕਿ ਜਿਉਂ ਤ੍ਰਖਾਨ ਕੋਈ ਵਸਤੂ ਘੜਦਾ ਹੈ। ਧਯਾਨ ਲਾਕੇ ਦੇਖੋ, ਉਹ ਬਿਰਛ ਦੀ ਮੋਟੀ ਜੇਹੀ ਡਾਲ ਉੱਤੇ ਨਿਕਾ ਜਿਹਾ ਪੰਛੀ ਦਿਸਦਾ ਹੈ, ਆਪਣੀ ਕਿਰਤ ਵਿੱਚ ਰੁੱਝਾ ਹੋਇਆ ਹੈ,ਇਹ ਉੱਸੇ ਦਾ ਸ਼ਬਦ ਹੈ, ਕਠਫੋੜਾ ਇਹੋ ਹੈ, ਕਿਹਾ ਸੁੰਦਰ ਪੰਛੀ ਹੈ ! ਇਸਦੇ ਬੱਗੇ ਅਤੇ ਕਾਲੇ ਖੰਭ ਕਿਹੇ ਚਮ-ਕਦੇ ਹਨ, ਸਿਰ ਉੱਤੇ ਕਿਹੀ ਸੋਹਣੀ ਕਿਰਮਚੀ ਕਲਗੀ ਹੈ। ਕਿਹਾ ਬ੍ਰਿਛ ਨਾਲ ਚੰਬੜਿਆ ਹੋਇਆ ਹੈ, ਜੇ ਚਮਕ-ਦਾਰ ਮੁਕਟ ਨਾ ਹੋਏ ਤਾਂ ਔਖਾ ਹੀ ਵਿਖਲਾਈ ਦਏ। ਇਹ ਕੀ ਕਰ ਰਿਹਾ ਹੈ ਗਲੀ ਹੋਈ ਲੱਕੜ ਪੁਰ ਠੂੰਗੇ ਮਾਰ ਰਿਹਾ ਹੈ, ਯਾ ਤਾਂ ਉਸ ਵਿਖੇ ਕੀੜ ਬਹੁਤ ਹੋ ਗਏ ਹਨ, ਉਹ ਕੱਢ ਕੇ ਖਾਇਗਾ ਯਾਂ ਲੱਕੜ ਨੂੰ ਪੋਲੀ ਕਰ ਰਿਹਾ ਹੈ, ਆਹਲਣਾ ਬਣਾਕੇ ਉਸ ਵਿੱਚ ਰਹੇਗਾ ਇਸਦਿਆਂ ਪੰਜਿਆਂ ਨੂੰ ਵੇਖਦੇ ਸਾਰ ਮਲੂਮ ਹੋ ਜਾਂਦਾ ਹ, ਕਿ ਇਹ ਚੜ੍ਹਨ ਵਾਲਿਆਂ ਪੰਛੀਆਂ ਵਿੱਚੋਂ ਹੈ। ਉਹੋ ਚਾਰ ਅੰਗੁਲੀਆਂ ਹਨ, ਦੋ ਅੱਗੇ ਅਤੇ ਦੋ ਪਿੱਛੇ ਨੂੰ ਮੁੜਿਆ

ਹੋਈਆਂ, ਇਨ੍ਹਾਂ ਹੀ ਨਾਲ ਰੁੱਖ ਦੀ ਡਾਲ ਨੂੰ ਘੁੱਟਕੇ ਫੜ ਲੈਂਦਾ ਹੈ, ਤੋਤੇ ਦੀ ਵਾਰਤਾ ਵਿਖੇ ਤੁਸੀਂ ਪੜ੍ਹ ਚੁੱਕੇ ਹੋ, ਕਿ ਚੜ੍ਹਨ ਵਾਲਿਆਂ ਪੰਛੀਆਂ ਦਾ ਇਹੋ ਲੱਛਣ ਹੈ। ਕਠਫੋੜੇ ਦਿਆਂ ਪੰਜਿਆਂ ਵਿੱਚ ਡੋਂਡੇ ਤਕੜੇ ਅਤੇ ਵਿੰਗੇ ਨਹੁੰ ਹਨ, ਇਹੁ ਨਹੁੰ ਗੱਡਕੇ ਬਿਰਛ ਨਾਲ ਚੰਬੜਿਆ ਰਹਿੰਦਾ ਹੈ, ਅਤੇ ਬੇਖਟਕੇ ਠੂੰਗੇ ਮਾਰੀ ਜਾਂਦਾ ਹੈ। ਪੂਛ ਦੇ ਖੰਭ ਬਹੁਤ ਨਿੱਗਰ ਅਤੇ ਨੋਕਾਂ ਵਾਲੇ ਹੁੰਦੇ ਹਨ, ਜਦ ਰੁੱਖ ਪੁਰ ਚੰਬੜਦਾ ਹੈ, ਤਾਂ ਉਸ ਪੁਰ ਪੂਛ ਟਿਕਾਕੇ ਸਹਾਰਾ ਲੈ ਲੈਂਦਾ ਹੈ! ਇਸਦੀ ਹਿੱਕ ਦੀ ਹੱਡੀ ਐਂਨੀ ਉੱਭਰੀ ਹੋਈ ਨਹੀਂ, ਜਿੰਨੀ ਬਾਹਲਿਆਂ ਹੋਰਨਾਂ ਪੰਛੀਆਂ ਦੀ ਹੁੰਦੀ ਹੈ, ਇਸ ਲਈ ਬਿਰਛ ਨਾਲ ਭਲਾ ਚੰਬੜ ਜਾਂਦਾ ਹੈ, ਜੇ ਅਜੇਹਾ ਨਾ ਹੁੰਦਾ ਤਾਂ ਉਸਦੀ ਉੱਭਰੀ ਹੋਈ ਧਾਰ ਬਾਕੀ ਦੇ ਸਰੀਰ ਨੂੰ ਮਿਲਣ ਨਾ ਦਿੰਦੀ। ਚੁੰਝ ਸਿੱਧੀ, ਤਕੜੀ ਅਤੇ ਨਿੱਗਰ ਹੁੰਦੀ ਹੈ, ਉੱਸੇ ਨਾਲ ਤਰਖਾਣ ਵਾਕਰ ਆਪਣਾ ਸਾਰਾ ਕੰਮ ਕਰ ਲੈਂਦਾ ਹੈ॥

ਇਸ ਨਿਕੇ ਜੇਹੇ ਤਰਖਾਣ ਦੇ ਕੋਲ ਲੱਕੜ ਵੱਢਣ ਦੇ ਸੰਦਰ ਤਾਂ ਸਾਰੇ ਹਨ, ਪਰ ਇਨ੍ਹਾਂ ਤੋਂ ਛੁੱਟ ਇੱਕ ਹੋਰ ਵੱਛ ਬੀ ਹੈ, ਉਸ ਨਾਲ ਕੀੜੇ ਫੜ ਫੜ ਖਾਂਦਾ ਹੈ, ਬਰੀਕ ਬਰੀਕ ਛੇਕਾਂ ਵਿਖੇ, ਪਤਲੀਆਂ ਪਤਲੀਆਂ

ਵਿੱਥਾਂ ਵਿਖੇ, ਜਿੱਥੇ ਚੁੰਝ ਵੜ ਨਹੀਂ ਸਕਦੀ, ਓਹੋ ਰੱਛ ਕੰਮ ਦਿੰਦਾ ਹੈ । ਉਹ ਕੀ ਹੈ ? ਲੰਮੀ ਅਤੇ ਮਹੀਨ ਜੀਭ, ਇਸਦੇ ਸਿਰੇ ਪੁਰ ਨਿੱਕੀਆਂ ਨਿੱਕੀਆਂ ਨੋਕਾਂ ਹੁੰਦੀਆਂ ਹਨ, ਕਿ ਜੇਹੀਆਂ ਮੱਛੀ ਫੜਨ ਵਾਲੀਆਂ ਕੁੰਡੀਆਂ ਦੀਆਂ ਨੋਕਾਂ ਹੁੰਦੀਆਂ ਹਨ, ਜੀਭ ਕੱਢਕੇ ਐਂਨੀ ਵਧਾ ਸਕਦਾ ਹੈ, ਕਿ ਡੂੰਘੀਆਂ ਡੂੰਘੀਆਂ ਵਿੱਥਾਂ ਵਿੱਚ ਪਹੁੰਚ ਜਾਂਦੀ ਹੈ । ਅੰਦਰਲਿਆਂ ਕੀੜਿਆਂ ਨੂੰ ਤ੍ਰਿੱਖੀਆਂ ਨੋਕਾਂ ਵਿਖੇ ਪਰੋ ਕੇ ਕੱਢ ਲੈਂਦਾ ਹੈ । ਇਹਦੀ ਜੀਭ ਵਿੱਚ ਕੁਝ ਚੀਪ ਬੀ ਅਜੇਹੀ ਹੈ, ਕਿ ਨਿੱਕੇ ਨਿੱਕੇ ਕੀੜੇ ਅਤੇ ਉਨ੍ਹਾਂ ਦੇ ਆਂਡੇ ਉਸ ਵਿਖੇ ਚੰਬੜੇ ਆਉਂਦੇ ਹਨ ॥


ਅਗਲੇ ਸਮਯ ਵਿਖੇ ਕੇਈਆਂ ਦੇਸਾਂ ਦੇ ਲੋਕ ਇਸਨੂੰ ਬਹੁਤ ਦੁਖਾਉਂਦੇ ਹੁੰਦੇ ਸਨ ਕਹਿੰਦੇ ਸਨ, ਕਿ ਬਿਰਛਾਂ ਵਿੱਚ ਛੇਕ ਕਰਕੇ ਸੁਕਾ ਦਿੰਦਾ ਹੈ,ਪਰ ਸੱਚ ਪੁੱਛੋ ਤਾਂ ਵੱਡੇ ਕੰਮ ਦਾ ਜਨੌਰ ਹੈ, ਗਲੀ ਹੋਈ ਲੱਕੜ ਨੂੰ ਕੱਟਕੇ ਜੁਦੀ ਕਰ ਦਿੰਦਾ ਹੈ, ਜੋ ਕੀੜੇ ਅੰਦਰ ਹੁੰਦੇ ਹਨ, ਖਾ ਲੈਂਦਾ ਹੈ, ਜੇ ਇਹ ਕੀੜੇ ਨਾ ਖਾਏ, ਤਾਂ ਬਿਰਛ ਦਾ ਬਿਰਛ ਖਰਾਬ ਹੋ ਜਾਏ ॥

ਕਠਫੋੜਾ ਕੱਖਾਂ ਆਦਿਕਾਂ ਦਾ ਆਲ੍ਹਣਾਂ ਨਹੀਂ ਬਨਾਉਂਦਾ, ਕਿਸੇ ਬਿਰਛ ਵਿਖੇ ਗਲੇ ਹੋਏ ਥਾਂ ਪੋਲ

ਬਣਾ ਲੈਂਦਾ ਹੈ। ਮਦੀਨ ਗਲੀਆਂ ਹੋਈਆਂ ਕੁਝ ਢਾਂਕਣਾਂ ਸਮੇਟ ਲੈਂਦੀ ਹੈ ਅਤੇ ਉਸ ਪੁਰ ਤਿੰਨਾਂ ਤੋਂ ਲੈ ਛਿਆਂ ਤੱਕ ਬੱਗੇ ਆਂਡੇ ਦਿੰਦੀ ਹੈ। ਉੱਡਣ ਤੋਂ ਬਹੁਤ ਪੈਹਲਾਂ ਹੀ ਬੱਚੇ ਡਾਲ ੨ ਦੌੜਨਾ ਅਤੇ ਬਿਰਛਾਂ ਪੁਰ ਚੜ੍ਹਨਾਂ ਸਿੱਖ ਜਾਂਦੇ ਹਨ। ਜਨੌਰਾਂ ਦਾ ਬਾਹਲਾ ਨਿਯਮ ਹੈ, ਕਿ ਜਿਨ੍ਹਾਂ ਆਲ੍ਹਣਿਆਂ ਵਿਖੇ ਰਹਿੰਦੇ ਹਨ, ਉਨ੍ਹਾਂ ਨੂੰ ਚੰਗਾ ਸੁਥਰਾ ਰਖਦੇ ਹਨ। ਪਰ ਇਹਨੂੰ ਇਹ ਚੌਂਪ ਨਹੀਂ, ਇਸਦਾ ਆਲ੍ਹਣਾਂ ਗੰਦਾ ਅਤੇ ਸੜ੍ਹਿਆਨ ਦਾ ਭਰਿਆ ਹੁੰਦਾ ਹੈ॥

ਕੇਈ ਥਾਈਂ ਇਸਨੂੰ ਚੰਦਰਾ ਬੀ ਕਹਿੰਦੇ ਹਨ, ਅਤੇ ਮੂਰਖ ਲੋਕ ਇਸਨੂੰ ਅਸ਼ੁਭ ਸਮਝਦੇ ਹਨ। ਜੇ ਕੇਈਆਂ ਵਿਸਵਾਸੀਆਂ ਨੂੰ ਇਹ ਪ੍ਰਤੀਤ ਹੋ ਜਾਏ, ਕਿ ਕਠਫੋੜਾ ਉਨ੍ਹਾਂ ਦੇ ਰਾਹ ਪੁਰੋਂ ਲੰਘ ਗਿਆ ਹੈ, ਤਾਂ ਜਾਂਦੇ ਜਾਂਦੇ ਰਾਹ ਵਿੱਚੋਂ ਮੁੜ ਆਉਂਦੇ ਹਨ॥

ਹਿੰਦੁਸਤਾਨ ਵਿਖੇ ਕਈ ਪ੍ਰਕਾਰ ਦੇ ਕਠਫੋੜੇ ਹਨ, ਇਨ੍ਹਾਂ ਦੇ ਖੰਭ ਬਾਹਲੇ ਕਾਲੇ ਅਤੇ ਬੱਗੇ ਰਲੇ ਮਿਲੇ ਹੁੰਦੇ ਹਨ, ਕੇਈਆਂ ਵਿਚ ਕੁਝ ਪਿਲੱਤਣ ਅਤੇ ਕੁਝ ਹੋਰ ਰੰਗ ਬੀ ਦਿਸਦਾ ਹੈ। ਨਰ ਦੇ ਸਿਰ ਪੁਰ ਬਾਹਲੀ ਯਾ ਤਾਂ ਸੂਹੇ ਰੰਗਦੀ ਕਲਗੀ ਹੁੰਦੀ ਹੈ, ਯਾ ਗੱਲ੍ਹਾਂਪੁਰ ਸੂਹੀਆਂ ਧਾਰੀਆਂ ਹੁੰਦੀਆਂ ਹਨ॥



ਬਟੇਰਾ

# ਬਟੇਰਾ

ਪੈਲੀਆਂ ਪੱਕਦੀਆਂ ਜਾਂਦੀਆਂ ਹਨ, ਜੱਟਾਂ ਨੂੰ ਫ਼ਸਲਾਂ ਦਾ ਧਯਾਨ ਹੋਣ ਲੱਗਾ, ਬਟੇਰਿਆਂ ਦੀਆਂ ਸੀਟੀਆਂ ਪੈਲੀਆਂ ਵਿੱਚੋਂ ਚੰਗੀ ਤਰ੍ਹਾਂ ਸੁਣਾਈ ਦਿੰਦੀਆਂ ਹਨ, ਹਾਂ ਏਹ ਪੱਕਦੀਆਂ ਹੀ ਪੈਲੀਆਂ ਪੁਰ ਆ ਪੈਂਦੇ ਹਨ॥

ਬਟੇਰੇ ਨੂੰ ਸਭ ਜਾਣਦੇ ਹਨ, ਗੋਲ ਮੋਲ ਸੂਰਤ, ਨਿੱਕੀ ਜੇਹੀ ਪੂਛ, ਚੌੜੇ ਚੌੜੇ ਪੰਜੇ, ਕਾਲੇ ਨੇਤ੍ਰ, ਤ੍ਰਿੱਖੀ ਅਤੇ ਚੰਚਲ ਦ੍ਰਿਸ਼ਟ, ਮੁੜੀ ਹੋਈ ਚੁੰਝ, ਭੂਰੇ ਖੰਭ, ਉਨ੍ਹਾਂ ਵਿਖੇ ਪੀਲੀ ਭਾਹ, ਘਸਮੈਲੇ ਅਤੇ ਕਾਲੇ ਚਿਟਕਣੇ ਅਰ ਲਕੀਰਾਂ। ਕੁੱਕੜ ਦੀ ਵਾਰਤਾ ਵਿਖੇ ਤੁਸੀਂ ਪੜ੍ਹ ਚੁੱਕੇ ਹੋ, ਕਿ ਬਟੇਰਾ ਖੋਦਣ ਵਾਲਾ ਪੰਛੀ ਹੈ। ਇਹ ਗੱਲ ਇਸ ਦੇ ਸੁਭਾਉ ਤੇ ਬੀ ਪ੍ਰਤੀਤ ਹੋ ਜਾਂਦੀ ਹੈ, ਦੇਖੋ ਜੋ ਦਾਣਾ ਭੋਂ ਵਿੱਚੋਂ ਕੱਢਦਾ ਹੈ, ਖੋਚਰ ਕੇ ਕੱਢਦਾ ਹੈ, ਹਾਂ, ਤਦੇ ਇਸਦੇ ਪੈਰ, ਪੰਜੇ, ਨਹੀਂ ਅਜੇਹੇ ਪੱਕੇ ਹੁੰਦੇ ਹਨ ਅਤੇ ਖੁਰਚਣ ਵਾਲਿਆਂ ਪੰਛੀਆਂ ਦੀ ਤਰ੍ਹਾਂ ਇਸਦੀਆਂ ਬੀ ਤ੍ਰੈ ਅੰਗੁਲੀਆਂ ਅੱਗੇ ਅਤੇ ਇੱਕ ਪਿੱਛੇ ਦੀ ਵੱਲ ਨੂੰ ਹੁੰਦੀ ਹੈ, ਪਿਛਲੀ ਅੰਗੁਲੀ ਬਹੁਤ ਹੀ ਨਿੱਕੀ ਹੁੰਦੀ ਹੈ,


ਅਤੇ ਪੰਜੇ ਕੋਲੋਂ ਰਤੀ ਉੱਚੀ ਲੱਗੀ ਹੋਈ ਹੁੰਦੀ ਹੈ, ਇਨ੍ਹਾਂ ਦੀ ਹੀ ਤਟ੍ਹਾਂ ਮੁੜੀ ਹੋਈ ਚੁੰਝ ਦੇ ਉੱਪਰ ਨੱਸਾਂਦੇ ਦੋ ਵੱਡੇ ਵੱਡੇ ਛੇਕ ਹੁੰਦੇ ਹਨ। ਇੱਕ ਭੇਦ ਹੈ, ਕਿ ਬਹੁਤ ਖੁਰਚਣ ਵਾਲਿਆਂ ਪੰਛੀਆਂ ਵਿਖੇ ਨਰ ਦਿਆਂ ਪੰਜਿਆਂ ਤੇ ਉੱਪਰ ਅੰਦਰਲੀ ਵੱਲ ਇੱਕ ਇੱਕ ਕੰਡਾ ਹੁੰਦਾ ਹੈ, ਇਸਦੇ ਨਹੀਂ ਹੁੰਦਾ॥

ਬਟੇਰੇ ਯਾਂ ਤਾਂ ਲੰਮੇ ਲੰਮੇ ਘਾ ਵਿਖੇ ਰਹਿੰਦੇ ਹਨ, ਯਾ ਅਨਾਜ ਦੀਆਂ ਪੈਲੀਆਂ ਵਿਖੇ, ਯਾ ਅਜੇਹੀਆਂ ਥਾਵਾਂ ਵਿਖੇ ਹੁੰਦੇ ਹਨ, ਕਿ ਜਿੱਥੋਂ ਅਨਾਜ ਵੱਢਿਆ ਜਾਂਦਾ ਹੈ, ਠੁੰਠ ਅਤੇ ਜੜ੍ਹਾਂ ਲੱਗੀਆਂ ਰਹਿੰਦੀਆਂ ਹਨ। ਦੇਸ ਦਿਆਂ ਕਈਆਂ ਥਾਂਵਾਂ ਵਿਖੇ,ਕਿ ਜਿੱਥੇ ਜਿੱਥੇ ਪੈਲੀ-ਆਂ ਪੱਕਣ ਦਾ ਵੇਲਾ ਆਉਂਦਾ ਹੈ, ਉਥੇ ਹੀ ਜਾ ਪਹੁੰਚਦੇ ਹਨ। ਬਟੇਰੇ ਹਿੰਦੁਸਤਾਨ ਵਿਖੇ ਸਾਰਾ ਸਾਲ ਬਹੁਤ ਨਹੀਂ ਠਹਿਰਦੇ, ਬਰਖਾ ਦੀ ਰੁੱਤ ਵਿਖੇ ਚਲੇ ਜਾਂਦੇ ਹਨ, ਕਿਤੇ ਹੋਰਥੇ ਜਾਕੇ ਆਂਡੇ ਬੱਚੇ ਕੱਢਦੇ ਹਨ। ਇਹ ਪੰਛੀ ਰਾਤ ਨੂੰ ਪੈਂਡਾ ਕਰਦਾ ਹੈ, ਅਤੇ ਉੱਡਦਾ ਉੱਡਦਾ ਦੂਰ ਪਹੁੰਚਦਾ ਹੈ, ਇਸ ਵਾਕਰ ਹੋਰ ਪੰਛੀ ਬੀ ਬਾਹਲੇ ਰਾਤ ਦੇ ਵੇਲੇ ਪੈਂਡਾ ਕਰਦੇ ਹਨ,ਜੋ ਇੱਕ ਰੁਤ ਇੱਕ ਦੇਸ ਵਿਖੇ ਰਹਿੰਦੇ ਹਨ, ਅਤੇ ਦੂਜੀ ਰੁੱਤੇ ਕਿਸੇ ਹੋਰ ਦੇਸ ਵਿਖੇ॥

ਕਿਸੇ ਹੋਰ ਪ੍ਰਕਾਰ ਦੇ ਬਟੇਰੇ ਹੁੰਦੇ ਹਨ, ਜੋ ਸਦਾ ਹਿੰਦੁਸਤਾਨ ਵਿਖੇ ਹੀ ਰਹਿੰਦੇ ਹਨ। ਉਨ੍ਹਾਂ ਵਿੱਚੋਂ ਇੱਕ ਪ੍ਰਕਾਰ ਦਾ ਬਟੇਰਾ, ਸਾਧਾਰਣ ਬਟੇਰਿਆਂ ਨਾਲ ਬਹੁਤ ਮਿਲਦਾ ਹੈ, ਪਰ ਉਸਦਾ ਰੰਗ ਇਨ੍ਹਾਂ ਕੋਲੋਂ ਵਧੀਕ ਭੜਕਦਾਰ ਹੁੰਦਾ ਹੈ ਅਤੇ ਨਰ ਦਾ ਪੇਟਾ ਬੀ ਕਾਲਾ ਹੁੰਦਾ ਹੈ। ਮਦੀਨ ਬਾਹਲੇ ਛੇ ਸੱਤ ਆਂਡੇ ਦਿੰਦੀ ਹੈ, ਦੇਖਣ ਨੂੰ ਮਲਾਈ ਦੀਆਂ ਗੋਲੀਆਂ ਵਾਕਰ ਹੁੰਦੇ ਹਨ, ਪਰ ਗੁਲਾਬੀ ਭਾਹ ਮਾਰਦੇ ਹਨ, ਉਨ੍ਹਾਂ ਉੱਤੇ ਕੁਝ ਭੂਰੀਆਂ ਜੇਹੀਆਂ ਚਿੱਤੀਆਂ ਬੀ ਹੁੰਦੀਆਂ ਹਨ॥

ਬਟੇਰਿਆਂ ਦੇ ਫੜਨ ਦਾ ਰਾਹ ਬਹੁਤ ਸੁਖਾਲਾ ਹੈ। ਚਿੜੀਮਾਰ ਯਾ ਫੰਧਕ ਯਾ ਬਟੇਰਿਆਂ ਦੇ ਖਿਲਾਰੀ ਦਸ ਵੀਹ ਯਾਂ ਵਧੀਕ ਬੋਲਣ ਵਾਲੇ ਬਟੇਰੇ ਇਕੱਠੇ ਕਰਦੇ ਹਨ, ਉਨ੍ਹਾਂ ਨੂੰ ਪੰਜਾਬ ਦੇਸ ਵਿਖੇ ਬੁਲਾਰੇ ਸੱਦਦੇ ਹਨ, ਰਾਤ ਦੇ ਸਮਯ ਕਈ ਮਨੁੱਖ ਜੁੜਕੇ ਬਾਹਰ ਜਾਂਦੇ ਹਨ, ਕਿਸੇ ਹਰੀ ਪੈਲੀ ਦੇ ਕੰਢੇ ਪੁਰ ਵੰਝ ਗੱਡਕੇ ਉਨ੍ਹਾਂ ਨਾਲ ਉਨ੍ਹਾਂ ਦੇ ਪਿੰਜਰੇ ਟੰਗ ਦਿੰਦੇ ਹਨ। ਇੱਸੇ ਖੇਤ ਦੀ ਇਕ ਨੁੱਕਰ ਪੁਰ ਪੈਲੀ ਦੇ ਉੱਤੇ ਵੱਡਾ ਸਾਰਾ ਜਾਲ ਵਛਾ ਦਿੰਦੇ ਹਨ, ਉਹ ਵੀਹ ਤੀਹ ਗਜ਼ ਲੰਮਾ ਚੌੜਾ ਹੁੰਦਾ ਹੈ, ਖੇਤ ਦੇ ਕੰਢੇ ਦੋਹੀਂ ਵੱਲੀਂ ਜਾਲ ਦੇ ਕੋਲ ਕੋਲ

ਮੇਖਾਂ ਗੱਡ ਦਿੰਦੇ ਹਨ, ਅਤੇ ਜਾਲਦੀ ਕੁਝ ਕੰਨੀਨੂੰ ਉਨ੍ਹਾਂ ਨਾਲ ਬੰਨ੍ਹ ਦਿੰਦੇ ਹਨ, ਅਤੇ ਕੁਝ ਵੱਟਿਆਂ ਨਾਲ ਦੱਬ ਦਿੰਦੇ ਹਨ । ਜਾਂ ਬੁਲਾਰੇ ਜੰਗਲ ਦੀ ਠੰਡੀ ੨ ਵਾਉ ਝੱਖਦੇ ਹਨ, ਤਾਂ ਪ੍ਰਸੰਨ ਹੋਕੇ ਬੋਲਣ ਲੱਗਦੇ ਹਨ, ਇਨ੍ਹਾਂ ਦੀ ਬੋਲੀ ਸੁਣ ਚੁਫੇਰਿਓਂ ਦੂਰ ਦੂਰ ਦੇ ਬਟੇਰੇ ਚਲੇ ਆਉਂਦੇ ਹਨ, ਉਨ੍ਹਾਂ ਹੀ ਪੈਲੀਆਂ ਵਿਖੇ ਚੁਗਣ ਲੱਗ ਪੈਂਦੇ ਹਨ, ਬੋਲਦੇ ਹਨ, ਅਤੇ ਕਲੋਲ ਕਰਦੇ ਫਿਰਦੇ ਹਨ। ਸ਼ਿਕਾਰੀ ਲੋਕ ਹੋਰਨਾਂ ਪੈਲੀਆਂ ਵਿੱਚੋਂ ਘੇਰਕੇ ਜਾਲ ਵਾਲੀ ਪੈਲੀ ਦੀ ਵੱਲ ਨੂੰ ਲੈ ਆਉਂਦੇ ਹਨ। ਜਾਂ ਪ੍ਰਭਾਤ ਦੀ ਲੋ ਦਿੱਸਣ ਲੱਗਦੀ ਹੈ, ਤਾਂ ਪੈਲੀ ਦਿਆਂ ਦੋ ਖੁੱਲ੍ਹਿਆਂ ਪਾਸਿਆਂ ਪੁਰ ਕਈ ਲੋਕ ਜਾਂਦੇ ਹਨ, ਅਤੇ ਪੈਲੀ ਵਿਖੇ ਵੜ ਕੇ ਪੈਰਾਂ ਦੀ ਪੈਂਛੜ ਨਾਲ ਜਾਲ ਦੀ ਵੱਲ ਨੂੰ ਧਰੀ ਆਉਂਦੇ ਹਨ। ਜਾਂ ਬਟੇਰੇ ਹਟਦੇ ਹਟਦੇ ਪੈਲੀ ਦੇ ਕੰਢੇ ਪੁਰ ਜਾਲ ਦੇ ਹੇਠਾਂ ਆ ਜਾਂਦੇ ਹਨ, ਤਾਂ ਖੇਤ ਵਿੱਚੋਂ ਨਿਕਲਕੇ ਉੱਡਣਾ ਚਾਹੁੰਦੇ ਹਨ, ਅੱਗੋਂ ਜਾਲ ਦੀਆਂ ਕੰਨੀਆਂ ਬੰਨ੍ਹੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਵਿੱਚ ਰੁਕਕੇ ਫੜਕਣ ਲੱਗਦੇ ਹਨ, ਤਾਂ ਸ਼ਿਕਾਰੀ ਫੜ ਕੇ ਉਨ੍ਹਾਂ ਨੂੰ ਝੋਲੀ ਵਿੱਚ ਪਾ ਲੈਂਦੇ ਹਨ ॥



ਹਵਾਸਿਲ

MAYO SCHOOL OF ART, LAHORE.

ਹਿੰਦੁਸਤਾਨ ਵਿਖੇ ਲੋਕ ਬਟੇਰਿਆਂ ਨੂੰ ਨਿਰਾ ਖਾਣ ਲਈ ਹੀ ਨਹੀਂ ਫੜਦੇ ਪਰ ਜਿਹਾ ਹੋਰ ਕਈ ਪ੍ਰਕਾਰ ਦਿਆਂ ਖੁਰਚਣ ਵਾਲਿਆਂ ਜਨੌਰਾਂ ਨੂੰ ਲੜਾਉਂਦੇ ਹਨ, ਓਵੇਂ ਇਨ੍ਹਾਂ ਨੂੰ ਬੀ ਲੜਾਉਂਦੇ ਹਨ। ਭਾਵੇਂ ਇਨ੍ਹਾਂ ਦੀ ਲੜਾਈ ਵਿਖੇ ਅਜੇਹੀ ਬੇਤਰਸੀ ਨਹੀਂ, ਜਿਹਾ ਕਿ ਕੁੱਕੜ ਦੀ ਲੜਾਈ ਵਿਖੇ ਹੁੰਦੀ ਹੈ, ਕਿਉਂਕਿ ਇਹ ਕੁੱਕੜ ਵਾਕਰ ਆਪੋ ਵਿੱਚੀਂ ਲਹੂ ਲੁਹਾਨ ਨਹੀਂ ਹੁੰਦੇ, ਪਰ ਤਾਂ ਬੀ ਇਹ ਕੰਮ ਤੱਦੀ ਤੇ ਖਾਲੀ ਨਹੀਂ ਇਸ ਕੋਲੋਂ ਬਚਣਾ ਹੀ ਚੰਗਾ ਹੈ॥

---

## ਹਵਾਸਿਲ

ਵੇਖੋ! ਇਹ ਤਾਰੂ ਪੰਛੀਂ ਹੈ, ਇਸ ਦਿਆਂ ਪੈਰਾਂ ਪੁਰ ਝਿੱਲੀ ਛਾਈ ਹੋਈ ਹੈ। ਵੇਖਣ ਨੂੰ ਤਾਂ ਅਤੀ ਵੱਡਾ ਹੈ, ਸਿਰ ਤੇ ਪੂਛ ਤਕ ਬਾਹਲਾ ਪੰਜਾਂ ਫੁੱਟਾਂ ਤੇ ਕੁਝ ਵਧੀਕ ਹੈ ਪਰ ਉੱਡਣ ਵਿਖੇ ਤ੍ਰਿਖਾ ਹੁੰਦਾ ਹੈ, ਇਸਦਾ ਕਾਰਣ ਇਹ ਹੈ, ਕਿ ਉੱਡਣ ਦੇ ਵੇਲੇ ਖੰਭ ਬਹੁਤ ਖਿੱਲਰ ਜਾਂਦੇ ਹਨ, ਐਥੋਂ ਤਕ ਕਿ ਇਕ ਸਿਰਿਓਂ ਦੂਜੇ ਸਿਰੇ ਤੀਕ ਅੱਠਾਂ ਫੁੱਟਾਂ ਕੋਲੋਂ ਭੀ ਵਧੀਕ ਵਿੱਥ ਹੋ ਜਾਂਦੀ ਹੈ। ਇਨ੍ਹਾਂ ਤਕੜਿਆਂ ਖੰਭਾਂ ਦੀ ਸਹਾਇਤਾ ਨਾਲ ਦੂਰ ਦੂਰ ਦੀ

ਯਾਤ੍ਰਾ ਕਰਦਾ ਹੈ। ਉੱਡਣਦੇ ਵੇਲੇ ਲੰਮੀ ਜੇਹੀ ਗਰਦਨ ਨੂੰ ਪਿੱਠ ਦੀ ਵੱਲ ਝੁਕਾ ਲੈਂਦਾ ਹੈ। ਚੁੰਝ ਲੰਮੀ ਅਤੇ ਸਿੱਧੀ ਹੁੰਦੀ ਹੈ, ਪਰ ਨੋਕ ਮੁੜੀ ਹੋਈ ਹੁੰਦੀ ਹੈ, ਜਾਂ ਚੁੰਝ ਖੋਲ੍ਹਦਾ ਹੈ, ਤਾਂ ਮੂੰਹ ਬਹੁਤ ਚੌੜਾ ਹੋ ਜਾਂਦਾ ਹੈ। ਇਸ ਜਨੌਰ ਵਿਖੇ ਇਹ ਅਨੋਖੀ ਗੱਲ ਹੈ, ਕਿ ਹੇਠਲੇ ਜਬਾੜੇ ਵਿੱਚ ਇੱਕ ਖੱਲ ਦੀ ਥੈਲੀ ਹੁੰਦੀ ਹੈ, ਉਸ ਵਿਖੇ ਅੱਠ ਸੇਰ ਜਲ ਪੈ ਸਕਦਾ ਹੈ। ਇਸਦੇ ਸ਼ਿਕਾਰ ਲਈ ਇਹ ਪਰਮੇਸੁਰ ਵੱਲੋਂ ਹੀ ਟੋਕਰੀ ਮਿਲੀ ਹੋਈ ਹੈ, ਜੋ ਮੱਛੀਆਂ ਫੜਦਾ ਹੈ, ਉਸ ਵਿਖੇ ਭਰਦਾ ਜਾਂਦਾ ਹੈ॥

ਮੱਛੀਆਂ ਪੁਰ ਹੀ ਇਸਦਾ ਬਾਹਲਾ ਨਿਰਬਾਹ ਹੈ, ਸਿਰ ਨੂੰ ਜਲ ਵਿਖੇ ਡੋਬ ਲੈਂਦਾ ਹੈ, ਅਤੇ ਏਧਰ ਓਧਰ ਤਰਦਾ ਤਰਦਾ ਲੰਮੀ ਚੁੰਝ ਨਾਲ ਇਨ੍ਹਾਂ ਨੂੰ ਫੜਦਾ ਫਿਰਦਾ ਹੈ। ਇਹ ਵੱਡਾ ਖਾਊ ਹੈ, ਕਈਆਂ ਦੇਸਾਂ ਦੇ ਮਨੁੱਖ ਇਸ ਦੇ ਬਹੁਤ ਖਾਣ ਤੇ ਬੀ ਰੁਪਏ ਖੱਟਦੇ ਹਨ। ਚੀਨ ਦੇਸ ਦੇ ਮੱਛੀ ਵਾਲੇ ਇਨ੍ਹਾਂ ਨੂੰ ਸਿਧਾਉਂਦੇ ਹਨ, ਅਤੇ ਆਪਣੇ ਲਈ ਮਛੀਆਂ ਫੜਨੀਆਂ ਸਿਖਾਉਂਦੇ ਹਨ, ਜੋ ਸ਼ਿਕਾਰ ਹਵਾਸਿਲ ਆਪਣੀ ਥੈਲੀ ਵਿਖੇ ਭਰਕੇ ਲਿਆਉਂਦੇ ਹਨ, ਓਹ ਉਗਲ੍ਹਾ ਲੈਂਦੇ ਹਨ॥

ਹਵਾਸਿਲ ਵੱਡੀ ਕੋਝੀ ਅਤੇ ਲਟਪਟਾਉਂਦੀ ਤੋਰ ਤੁਰਦਾ ਹੈ, ਇਹ ਆਪਣਾ ਆਲ੍ਹਣਾ ਬਿਰਛਾਂ ਉੱਪਰ ਬਣਾਉਂਦਾ ਹੈ, ਜੋ ਲੱਕੜੀਆਂ ਦਾ ਵੱਡਾ ਸਾਰਾ ਹੁੰਦਾ ਹੈ, ਉਸ ਵਿਖੇ ਦੋ ਯਾ ਤ੍ਰੈ ਬੱਗੇ ਅਤੇ ਖੌਹਰੇ ਆਂਡੇ ਮਦੀਨ ਦਿੰਦੀ ਹੈ। ਜਾਂ ਸੇਉਂਦੀ ਹੈ,ਤਾਂ ਨਰ ਉਸ ਲਈ ਮੱਛੀਆਂ ਫੜ ਲਿਆਉਂਦਾ ਹੈ, ਅਤੇ ਜਦ ਬੱਚੇ ਨਿਕਲ ਆਉਂਦੇ ਹਨ,ਤਾਂ ਦੋਵੇਂ ਰਲ ਮਿਲਕੇ ਪਾਲਦੇ ਹਨ, ਅਤੇ ਗੁਥਲੀ ਵਿੱਚੋਂ ਮੱਛੀਆਂ ਕੱਢ ਕੱਢ ਖੁਲਾਉਂਦੇ ਹਨ, ਕੱਢਣ ਲਈ ਇਕ ਨੂੰ ਚੁੰਝ ਨਾਲ ਦੱਬਦੇ ਹਨ, ਸੂਹੀ ਸੂਹੀ ਨੋਕ ਛਿੱਟਿਆਂ ਖੰਭਾਂ ਉੱਪਰ ਲਹੂ ਦੀ ਛਿੱਟ ਵਾਕਰ ਜਾਪਦੀ ਹੈ। ਇਹੋ ਕਾਰਣ ਹੈ ਕਿ ਕਈਆਂ ਦੇਸਾਂ ਵਿਖੇ ਇਹ ਗੱਲ ਪ੍ਰਸਿੱਧ ਚਲੀ ਆਉਂਦੀ ਹੈ, ਕਿ ਇਹ ਜਨੌਰ ਅਜਿਹਾ ਜਿੰਦ ਵਾਰਨ ਵਾਲਾ ਹੈ, ਕਿ ਬੱਚਿਆਂ ਨੂੰ ਆਪਣੀ ਰੱਤ ਨਾਲ ਪਾਲਦਾ ਹੈ ॥

ਭਾਰਤਵਰਖ ਵਿਖੇ ਕਈ ਪ੍ਰਕਾਰ ਦੇ ਹਵਾਸਿਲ ਮਿਲਦੇ ਹਨ। ਇਕ ਪ੍ਰਕਾਰ ਦਿਆਂ ਹਵਾਸਿਲਾਂ ਦੇ ਵੱਡੇ ਡੀਲ ਅਤੇ ਰੰਗ ਬੱਗਾ ਹੁੰਦਾ ਹੈ, ਏਹ ਸਦਾ ਸਿਆਲੇ ਦੀ ਰੁੱਤੇ ਅਕਾਸ ਵਿਖੇ ਡਾਰਾਂ ਬੰਨ੍ਹਕੇ ਆਉਂਦੇ ਹਨ। ਕਦੇ ਝੁਰਮਟ ਦਾ ਝੁਰਮਟ ਡਾਰ ਬੰਨ੍ਹਕੇ ਛੰਭ ਦੇ ਇੱਕ ਕੰਢੇ ਤੇ

ਲੈ ਦੂਜੇ ਕੰਢੇ ਤੀਕ ਛਾ ਜਾਂਦਾ ਹੈ, ਅਤੇ ਇੱਕ ਸਿਰਿ
ਲੈ ਦੂਜੇ ਸਿਰੇ ਤੀਕ ਐਉਂ ਸ਼ਿਕਾਰ ਖੇਡਦਾ ਜਾਂਦਾ ਹੈ, ਕਿ
ਇੱਕ ਮੱਛੀ ਬੀ ਔਖੀ ਬਚਦੀ ਹੈ। ਭਾਰਤਵਰਖਵਿਖੇਭੂਸਲੇ
ਰੰਗ ਦੇ ਹਵਾਸਿਲ ਹੋਰਨਾਂ ਰੰਗਾਂ ਦਿਆਂ ਹਵਾਸਿਲਾਂ
ਕੋਲੋਂ ਵਧੀਕ ਹੁੰਦੇ ਹਨ, ਇੱਥੇ ਹੀ ਆਂਡੇ ਬੱਚੇ ਦਿੰਦੇ ਹਨ,
ਅਤੇ ਜਿਨ੍ਹਾਂ ਮਦਾਨਾਂ ਵਿਖੇ ਦਰਿਆਓ, ਤਾਲ ਆਦਿਕ
ਢੇਰ ਹੁੰਦੇ ਹਨ, ਉੱਥੇ ਹੀ ਰਹਿੰਦੇ ਹਨ। ਬਰਸਾਤ ਵਿਖੇ
ਪੰਜਾਬ ਦੀਆਂ ਸਾਰੀਆਂ ਨਦੀਆਂ ਪੁਰ ਹੁੰਦੇ ਹਨ, ਅਤੇ
ਇੱਥੇ ਇਹਨੂੰ "ਪੈਨ" ਸੱਦਦੇ ਹਨ, ਪਰ ਇਸ ਮੱਲ
ਗੁਜਾਰ ਵਿਖੇ ਇਨ੍ਹਾਂ ਦੇ ਆਲ੍ਹਣੇ ਦਾ ਅੱਜ ਤਕ ਪਤਾ
ਨਹੀਂ ਲੱਗਿਆ, ਕਹਿੰਦੇ ਹਨ, ਕਿ ਪੈਨ ਦੀ ਖੱਲ ਵਿੱਚੋਂ
ਇੱਕ ਅਜਿਹਾ ਤੇਲ ਨਿਕਲਦਾ ਹੈ, ਕਿ ਕਈ ਪ੍ਰਕਾਰ
ਦੀਆਂ ਮੱਛੀਆਂ ਉਸਦੀ ਮੁਸ਼ਕ ਪੁਰ ਦੌੜਦੀਆਂ ਹਨ।
ਬੰਗਾਲਾ ਦੇਸ ਬਿਖੇ ਕਈ ਥਾਈਂ ਮੱਛੀਆਂਵਾਲੇ ਮੱਛੀਆਂ
ਫੜਨ ਵਿਖੇ ਇਸ ਤੇ ਇਹੋ ਕੰਮ ਲੈਂਦੇ ਹਨ। ਮੱਛੀਆਂ
ਫੜਨਵਾਲਾ ਇਸਨੂੰ ਆਪਣੀ ਬੇੜੀ ਦੇ ਕੰਢੇ ਨਾਲ ਬੰਨ੍ਹ
ਲੈਂਦਾ ਹੈ, ਅਤੇ ਕਦੇ ਉਸ ਦੇ ਨੇਤ੍ਰ ਬੀ ਸੀਉਂ ਦਿੰਦਾ ਹੈ
ਕਿ ਵੇਖ ਕੇ ਖਾ ਨਾ ਲਏ ॥




[illegible] MAYO SCHOOL OF ART, LAHORE

# ਕੂੰਜ

ਸਿਆਲਾ ਆ ਪੁੱਜਾ, ਹੁਣ ਕੂੰਜਾਂ ਦੀਆਂ ਡਾਰਾਂ
ੀਆਂ ਡਾਰਾਂ ਵਿਖਾਲੀ ਦੇਣ ਲੱਗੀਆਂ। ਇਕ ਦੂਜੀ
ੇ ਅੱਗੇ ਕਹੀ ਡਾਰ ਬੰਨ੍ਹੀ ਹੈ, ਓਹ ਸਾਡਿਆਂ ਸਿਰਾਂ ਪੁਰੋਂ
ਡਦੀਆਂ ਚਲੀਆਂ ਜਾਂਦੀਆਂ ਹਨ, ਪਤਲੀਆਂ ਪਤਲੀਆਂ
ਰਦਨਾਂ ਅੱਗੇ ਨੂੰ ਵਧਾਈਆਂ ਹੋਈਆਂ ਹੁੰਦੀਆਂ
ਨ, ਲੰਮੇ ਪੈਰ ਪਿਛਾਹਾਂ ਨੂੰ ਲਮਕਾਏ ਹੋਏ, ਪੈਰ
ੀ ਹਨ, ਜਾਣੋ ਝੰਡੀਆਂ ਦੇ ਫਰਹਰੇ ਲਹਿਰਾਂ ਮਾਰ ਰਹੇ
ਨ, ਇਨ੍ਹਾਂ ਨੂੰ ਉੱਡਦੀਆਂ ਦੇਖਕੇ ਵੱਡਾ ਅਨੰਦ ਹੁੰਦਾ
ਸਰਦਾਰਨੀ ਅੱਗੇ ਅੱਗੇ ਉੱਡਦੀ ਚਲੀ ਜਾਂਦੀ ਹੈ, ਰਾਹ
ੀ ਕੇਹੀ ਜਾਣੂ ਹੈ, ਕਿ ਰਤੀ ਬੀ ਘੁੱਸਦੀ ਨਹੀਂ। ਇਸ
ਮਗਰ ਦੋ ਡਾਰਾਂ ਖਿੱਲਰੀਆਂ ਹੋਈਆਂ ਹਨ, ਕਿ
ਰ ਖੁੱਲ੍ਹੀ ਹੋਈ ਕੈਂਚੀ ਹੁੰਦੀ ਹੈ। ਡਾਰ ਦੀ ਡਾਰ
ਧਰ ਓਧਰ ਭੌਂਦੀ ਹੈ, ਪਰ ਆਪਣੇ ਥਾਉਂ ਤੋਂ ਇੱਕ
ਰਕਦੀ ਨਹੀਂ, ਕਿ ਡਾਰ ਦੀ ਰਾਸ ਨਾ ਬਿਗੜ
ਏ॥

ਕੂੰਜ ਵੱਡਾ ਪੰਛੀ ਹੁੰਦਾ ਹੈ, ਸਿਰ ਤੇ ਪੂਛ ਤਕ ਤਿੰਨ
ੇ ਤਿੰਨ ਫੁੱਟ ਲੰਮਾ ਹੁੰਦਾ ਹੈ, ਖੰਭ ਖਿਲਾਰ ਲੈਂਦੀ

ਹੈ ਤਾਂ ਖੰਭ ਦੀ ਇੱਕ ਨੁੱਕਰ ਤੇ ਦੂਜੀ ਨੁੱਕਰ ਤਕ
ਛੀਆਂ ਫੁੱਟਾਂ ਦੇ ਲਗ ਭਗ ਹੋ ਜਾਂਦਾ ਹੈ। ਇਸ ਦਿਆਂ
ਖੰਭਾਂ ਵਿਖੇ ਘਸਮੈਲਾ ਰੰਗ ਵਧੀਕ ਦੇਖਿਆ ਜਾਂਦਾ ਹੈ
ਪਰ ਤਾਂ ਬੀ ਸੋਹਣਾ ਜਨੌਰ ਹ। ਲੰਮੇ ਲੰਮੇ ਕੂਲੇ ਸੁੰਦਰ
ਪਰ, ਜਿਨ੍ਹਾਂ ਦੀਆਂ ਨੋਕਾਂ ਕਾਲੀਆਂ ਹੁੰਦੀਆਂ ਹਨ,
ਖੰਭਾਂ ਵਿੱਚੋਂ ਨਿਕਲਦੇ ਹਨ, ਕਲਗੀ ਵਾਕਰ ਉੱਚੇ
ਉੱਠ ਕੇ ਦੋਹੀਂ ਪਾਸੀਂ ਲਮਕ ਜਾਂਦੇ ਹਨ, ਅਤੇ ਵੱਡੀ
ਬਹਾਰ ਦਿੰਦੇ ਹਨ। ਇਸਦੀ ਬੋਲੀ ਇੱਕ ਵੱਖਰੀ ਪ੍ਰਕਾਰ
ਦੀ ਹੈ, ਬਹੁਤ ਦੂਰੋਂ ਸਣੀ ਜਾਂਦੀ ਹੈ, ਤ੍ਰਿੱਖੀ ਦ੍ਰਿਸ਼ਟ
ਵਾਲੇ ਮਨੁੱਖ ਅਜੇ ਦੇਖ ਹੀ ਨਹੀਂ ਸੱਕਦੇ ਕਿ ਬੋਲੀਓਂ
ਹੀ ਲੋਕ ਜਾਣ ਜਾਂਦੇ ਹਨ, ਕਿ ਕਿਤੇ ਨੇੜੇ ਹੀ ਕੂੰਜ
ਅਵੱਸਜ ਹੋਣੀ ਹੈ। ਉਹ ਬੜੀ ਚੌਕਸ ਰਹਿੰਦੀ ਹੈ, ਓਪਰੀ
ਵਸਤੂ ਦੇਖੀ, ਜਾਂ ਓਪਰੀ ਬੋਲੀ ਸੁਣੀ ਤੇ ਉੱਡ ਗਈ।
ਇਸਦਾ ਧਰਤੀ ਪੁਰੋਂ ਉੱਡਣਾ ਵੱਡਾ ਔਖਾ ਹੈ, ਪਹਿਲੋਂ
ਤਾਂ ਤਕੜਿਆਂ ਖੰਭਾਂ ਨੂੰ ਵੱਡੇ ਬਲ ਨਾਲ ਹੌਲੀ ਹੌਲੀ
ਵਾਉ ਪੁਰ ਮਾਰਦੀ ਹੈ, ਪਰ ਇੱਕ ਵਾਰ ਉੱਡੀ ਤਾਂ ਚਲ
ਨਿਕਲੀ ॥

ਇਹ ਭਾਰਤਵਰਖ ਵਿਖੇ ਮਿਲਦੀ ਤਾਂ ਹਰ ਥਾਉਂ
ਹੈ, ਪਰ ਉੱਤਰ ਪੱਛਮੀ ਜ਼ਿਲਿਆਂ ਅਤੇ ਪੰਜਾਬ ਵਿ

ਹ ਬਹੁਤ ਹੁੰਦੀਆਂ ਹਨ। ਇਹ ਸਾਰਾ ਸਾਲ ਇਸ ਦੇਸ ਵਖੇ ਨਹੀਂ ਟਿਕਦੀ, ਸਿਆਲੇਦੇ ਨਾਲਹੀ ਆ ਪਹੁੰਚਦੀ , ਉਨ੍ਹਾਲ ਆਇਆ ਤਾਂ ਹੋਰਨਾਂ ਠੰਡਿਆਂ ਦੇਸਾਂ ਨੂੰ ਠ ਨੱਠੀ, ਜਾਂ ਤਾਂ ਏਸ਼ੀਆ ਦੇ ਉੱਤਰ ਨੂੰ ਚਲੀ ਜਾਂਦੀ ਹੈ, ਯਾਂ ਯੂਰੋਪ ਨੂੰ, ਉੱਥੇ ਹੀ ਆਂਡੇ ਦੇਕੇ ਬੱਚੇ ਕੱਢਦੀ ਹੈ, ਬਾਹਲਾ ਗਿੱਲੀ ਭੋਂ ਪੁਰ ਇੱਕ ਸਿੱਧਾ ਪੱਧਰਾ ਆਲ੍ਹਣਾ ਬਣਾ ਲੈਂਦੀ ਹੈ, ਉਸ ਵਿਖੇ ਗੂੜ੍ਹੇ ਸਾਵੇ ਰੰਗ ਦੇ ਦੋ ਆਂਡੇ ਦਿੰਦੀ ਹੈ, ਜਿਨ੍ਹਾਂ ਪੁਰ ਭੂਰੀਆਂ ਭੂਰੀਆਂ ਚਿੱਤੀਆਂ ਬੀ ਹੁੰਦੀਆਂ ਹਨ। ਜਦ ਆਂਡਿਆਂ ਵਿੱਚੋਂ ਬੱਚੇ ਨਿਕਲਦੇ ਹਨ ਤਾਂ ਉਨ੍ਹਾਂ ਦੇ ਡੀਲ ਨਿੱਕੇ ਨਿੱਕੇ ਹੁੰਦੇ ਹਨ, ਕੂਲੀ ਕੂਲੀ ਲੂੰਈ, ਲੰਮੀਆਂ ਲੰਮੀਆਂ ਲੱਤਾਂ, ਇੱਕ ਅਚਰਜ ਰੂਪ ਵਿਖਾਲੀ ਦਿੰਦਾ ਹੈ॥

ਕੂੰਜ ਵਡੇ ਮੁਨ੍ਹੇਰੇ ਅਤੇ ਡੂੰਘੀਆਂ ਤਰਕਾਲਾਂ ਦੇ ਵੇਲੇ ਚਰਦੀ ਚੁਗਦੀ ਹੈ, ਅਰ ਜਿੱਥੇ ਅਨਾਜ ਦੀ ਪੈਲੀ ਵੇਂਹਦੀ ਹੈ, ਖਰਾਬ ਕਰ ਦਿੰਦੀ ਹੈ। ਜਾਂ ਦਿਹੁ ਚੜ੍ਹੇ ਧੁੱਪ ਤ੍ਰਿੱਖੀ ਹੋ ਜਾਂਦੀ ਹੈ, ਤਾਂ ਛੰਭਾਂ ਅਤੇ ਨਦੀਆਂ ਦੇ ਕੰਢੇ ਚਲੀ ਜਾਂਦੀ ਹੈ, ਜਾਂ ਤਾਂ ਉੱਥੇ ਹੀ ਅਰਾਮ ਕਰਦੀ ਹੈ, ਜਾਂ ਜਲ ਵਿਖੇ ਤੁਰ ਫਿਰਕੇ ਦਿਨ ਟਪਾਉਂਦੀ ਹੈ, ਇੱਸ ਲਈ ਜਲਚਰਾਂ ਪੰਖੀਆਂ ਵਿਖੇ ਗਿਣੀ ਜਾਂਦੀ ਹੈ॥



ਸ਼ੁਤਰ ਮੁਰਗ਼

[illegible]] MAYO SCHOOL OF ART, LAHORE.

ਇਸ ਦਾ ਮਾਸ ਸੁਆਦੀ ਹੁੰਦਾ ਹੈ, ਇੱਸੇ ਲਈ ਲੋਕ ਇਸਦਾ ਸ਼ਿਕਾਰ ਕਰਦੇ ਹਨ, ਇਸਦੇ ਕਈ ਰਾਹ ਹਨ। ਕਦੇ ਤਾਂ ਇਸ ਪੁਰ ਫੈਹਰੀ ਛੱਡਦੇ ਹਨ, ਇਹ ਵੱਡਾ ਤਮਾਸ਼ੇ ਦਾ ਸ਼ਿਕਾਰ ਹੁੰਦਾ ਹੈ, ਪਰ ਫੈਹਰੀ ਚੰਗੀ ਸਿਖਲਾਈ ਹੋਈ ਹੋਣੀ ਚਾਹੀਦੀ ਹੈ, ਕਿ ਐਡੇ ਵੱਡੇ ਪੰਛੀ ਤੀਕ ਪਹੁੰਚੇ, ਅਤੇ ਉਸਨੂੰ ਮਾਰ ਲਏ। ਕਦੇ ਸ਼ਿਕਾਰੀ ਛਹਕੇ ਜਾਂਦੇ ਹਨ, ਅਤੇ ਬੰਦੂਕ ਨਾਲ ਮਾਰਦੇ ਹਨ, ਇਸ ਵਿਖੇ ਚਤੁਰਾਈ ਬੀ ਚਾਹੀਦੀ ਹੈ, ਅਤੇ ਧੀਰਜ ਬੀ, ਕਿਉਂਕਿ ਇਹ ਜਨੌਰ ਬੜਾ ਭੁੜਕਦਾ ਹੈ, ਇਸਦੇ ਕੋਲ ਜਾਣਾ ਸੁਖਾਲਾ ਨਹੀਂ। ਭਾਰਤਵਰਖ ਦੇ ਸ਼ਿਕਾਰੀ ਬਾਹਲੇ ਇਨ੍ਹਾਂ ਦੇ ਚਰਣ ਚੁਗਣ ਦੀ ਥਾਂ ਵੇਖ ਲੈਂਦੇ ਹਨ, ਅਤੇ ਪ੍ਰਭਾਤ ਦੇ ਪਹਿਲੇ ਮੁਨ੍ਹੇਰੇ ਉੱਥੇ ਜਾ ਪੁੱਜਦੇ ਹਨ, ਕਿਸੇ ਓਹਲੇ ਦੀ ਥਾਂ ਛਹ ਮਾਰਕੇ ਬੈਠ ਜਾਂਦੇ ਹਨ, ਅਤੇ ਵੇਂਹਦੇ ਰਹਿੰਦੇ ਹਨ, ਜਾਂ ਇਹ ਜਨੌਰ ਉੱਥੇ ਆਉਂਦੇ ਹਨ, ਤਾਂ ਇਕ ਦੋਂਹ ਨੂੰ ਮਾਰ ਹੀ ਲਿਆਉਂਦੇ ਹਨ॥

## ਸ਼ੁਤਰਮੁਰਗ

ਇਸਦੇ ਸਮਾਨ ਕੋਈ ਪੰਛੀ ਨਹੀਂ, ਡੀਲ ਇਸ ਦਾ ਛਿਆਂ ਫੁੱਟਾਂ ਤੇ ਲੈ ਅੱਠਾਂ ਫੁੱਟਾਂ ਤਕ ਹੁੰਦਾ ਹੈ, ਨਰ

ਫੋਲੋਂ ਮਦੀਨ ਰਤੀ ਨਿੱਕੀ ਹੁੰਦੀ ਹੈ। ਇਸ ਜਨੌਰ ਦੇ ਡੀਲ ਡੌਲ ਉੱਤੇ ਧਯਾਨ ਕਰੋ ਤਾਂ ਸਿਰ ਨਿੱਕਾ ਪ੍ਰਤੀਤ ਹੁੰਦਾ ਹੈ, ਗਰਦਣ ਲੰਮੀ, ਬੱਚਿਆਂ ਦੇ ਸਿਰ ਅਤੇ ਗਰ-ਦਣ ਦੋਵੇਂ ਪਰਾਂ ਨਾਲ ਕੱਜੇ ਰਹਿੰਦੇ ਹਨ, ਪਰ ਜੁਆਨੀ ਤਕ ਨਿਰੀ ਪਤਲੀ ਪਤਲੀ ਲੂੰਈਂ ਰਹਿ ਜਾਂਦੀ ਹੈ, ਉਨ੍ਹਾਂ ਵਿੱਚੋਂ ਚਮੜੀ ਝਲਕਣ ਲਗਦੀ ਹੈ। ਨਰ ਦੇ ਸਰੀਰ ਉੱਤੇ ਕਾਲੇ ਚਮਕ ਵਾਲੇ ਖੰਭ ਹੁੰਦੇ ਹਨ, ਮਦੀਨ ਅਤੇ ਬੱਚਿਆਂ ਦੇ ਖੰਭ ਗੂੜ੍ਹੇ ਘਸਮੈਲੇ, ਉਨ੍ਹਾਂ ਵਿਖੇ ਕਿਤੇ ਕਿਤੇ ਚਿੱਟੇ ਪਰ ਬੀ ਹੁੰਦੇ ਹਨ। ਪੂਛਲ ਅਤੇ ਖੰਭਾਂ ਵਿੱਚੋਂ ਕੂਲੇ ਅਰ ਲੰਮੇ ਲੰਮੇ ਢੰਗੇ ਪਰ ਪਿਛਾਹਾਂ ਨੂੰ ਲਮਕਦੇ ਹੁੰਦੇ ਹਨ, ਉਨ੍ਹਾਂ ਵਿਖੇ ਕੁਝਕ ਕਾਲੇ ਪਰ ਬੀ ਹੁੰਦੇ ਹਨ, ਚਿੱਟਿਆਂ ਪਰਾਂ ਪੁਰ ਕਦੇ ਕਦੇ ਕਾਲੀਆਂ ਚਿੱਤੀਆਂ ਬੀ ਦੇਖਨ ਵਿੱਚ ਆਉਂਦੀਆਂ ਹਨ। ਇਸ ਦੇ ਖੰਭ ਛੋਟੇ ਅਤੇ ਖ੍ਰੋੱਸੂ ਹੁੰਦੇ ਹਨ, ਇਸੇ ਲਈ ਉੱਡ ਨਹੀਂ ਸਕਦਾ, ਹਾਂ ਭੱਜਨ ਵਿਖੇ ਉਨ੍ਹਾਂ ਫੋਲੋਂ ਸਹਾਰਾ ਲੈਂਦਾ ਹੈ॥

ਪੱਟ ਨੰਗੇ ਹੁੰਦੇ ਹਨ, ਉਨ੍ਹਾਂ ਪੁਰ ਨਾ ਤਾਂ ਪਰ ਅਤੇ ਨਾ ਲੂੰਈ ਹੀ ਹੈ, ਲੱਤਾਂ ਨਿੱਗਰ ਅਤੇ ਖਪਰੀਲੀਆਂ, ਇਸ ਦੀਆਂ ਲੱਤਾਂ ਸਭਿਆਰ ਤਕੜੀਆਂ ਹੁੰਦੀਆਂ

ਹਨ, ਇੱਸੇ ਲਈ ਦੌੜਨ ਵਿਖੇ ਤ੍ਰਿੱਖਾ ਹੁੰਦਾ ਹੈ, ਅਜੇਹੇ ਜ਼ੋਰ ਦੀ ਲੱਤ ਮਾਰਦਾ ਹੈ, ਕਿ ਚਿੱਤ੍ਰਾ ਬੀ ਇਸ ਪੁਰ ਹੱਲਾ ਕਰਨ ਤੇ ਜੀ ਲੁਕਾਉਂਦਾ ਹੈ। ਇਸ ਦੀਆਂ ਦੋ ਹੀ ਅੰਗੁਲਾਂ ਹੁੰਦੀਆਂ ਹਨ, ਇੱਕ ਅੰਦਰ ਨੂੰ ਬਹੁਤ ਵੱਡੀ ਹੁੰਦੀ ਹੈ, ਸੱਤ ਇੰਚ ਲੰਮੀ, ਉਸ ਵਿੱਚ ਇੱਕ ਨਹੁੰ ਬੀ ਹੁੰਦਾ ਹੈ, ਦੂਜੀ ਬਾਹਰ ਨੂੰ, ਓਹ ਬਹੁਤ ਨਿੱਕੀ ਜੇਹੀ ਹੁੰਦੀ ਹੈ, ਉਸ ਵਿਖੇ ਨਹੁੰ ਨਹੀਂ ਹੁੰਦਾ। ਇਹ ਜਨੌਰ ਅਜਿਹਾ ਬਲੀ ਹੈ, ਜੋ ਇਸਦੀ ਪਿੱਠ ਪੁਰ ਦੋ ਮਨੁੱਖ ਚੜ੍ਹ ਬਹਿਣ ਤਾਂ ਸੁਖਾਲਾ ਹੀ ਲੈ ਜਾਏ। ਇਸ ਦੇ ਨੇਤ੍ਰ ਵੱਡੇ ਵੱਡੇ ਹੁੰਦੇ ਹਨ, ਪਿਪਨੀਆਂ ਪੁਰ ਝਿੰਮਣੀਆਂ, ਨੀਝ ਅਜੇਹੀ ਤ੍ਰਿੱਖੀ ਕਿ ਖੁੱਲ੍ਹੇ ਮਦਾਨ ਵਿਖੇ ਦੂਰ ਦੂਰ ਤਕ ਵੇਖ ਸਕਦਾ ਹੈ ॥

ਇਸਦੀ ਬੋਲੀ ਵਿਖੇ ਅਜੇਹੀ ਕੜਕ ਹੁੰਦੀ ਹੈ, ਕਿ ਸ਼ੀਂਹ ਦੀ ਗੜ੍ਹਕ ਦਾ ਭੋਲਾ ਪੈਂਦਾ ਹੈ। ਬਾਹਲਾ ਕੜਕਦਾ ਬੀ ਹੈ, ਜਦ ਖਿਝਦਾ ਅਤੇ ਲੱਤਾਂ ਵਗਾਉਂਦਾ ਹੈ, ਤਾਂ ਵੱਡੀ ਭਾਰੀ ਸੀ ਸੀ ਕਰਦਾ ਹੈ ॥

ਅਰਬ ਅਤੇ ਅਫ਼ਰੀਕਾ ਦਿਆਂ ਸੁੱਕਿਆਂ ਰੇਤਲਿਆਂ ਮਦਾਨਾਂ ਵਿਖੇ ਇਨ੍ਹਾਂ ਦੀਆਂ ਟੋਲੀਆਂ ਦੀਆਂ ਟੋਲੀਆਂ ਫਿਰਦੀਆਂ ਹਨ। ਇਹ ਵੱਡਾ * ਖਾਧੜ ਹੈ,

* ਖਾਊ।

ਦਾਣੇ, ਘਾ ਬਹੁਤ ਕੁਝ ਚਰ ਚੁਗ ਜਾਂਦਾ ਹੈ, ਅਨਾਜ ਦੀ ਥੈਲੀ ਨੂੰ ਇਕ ਵੇਲੀ ਥੋੜ੍ਹੇ ਹੀ ਚਿਰ ਵਿੱਚ ਬਰਾਬਰ ਕਰ ਦਿੰਦੀ ਹੈ। ਜਲ ਬਿਨਾ ਚਿਰ ਤਕ ਰਹਿ ਸਕਦਾ ਹੈ, ਅਤੇ ਮਾਰੂ ਥਲ ਦੇ ਤਰਬੂਜ਼ ਖਾ ਕੇ ਤ੍ਰੇਹ ਮਿਟਾ ਲੈਂਦਾ ਹੈ। ਨਿੱਕੇ ਨਿੱਕੇ ਜਨੌਰ ਬਾਹਲੇ ਰੇਤ ਦੇ ਦਾਣੇ ਚੁਗ ਲਿਆ ਕਰਦੇ ਹਨ, ਕਿ ਖਾਧਾ ਪੀਤਾ ਪਚ ਜਾਏ, ਜੇ ਸ਼ੁਤਰ-ਮੁਰਗ ਨੂੰ ਅਜੇਹੀ ਲੋੜ ਪੈ ਜਾਂਦੀ ਹੈ, ਤਾਂ ਵੱਡੇ ਵੱਡੇ ਰੋੜੇ ਲੰਘਾ ਜਾਂਦਾ ਹੈ। ਜਦ ਬੰਦ ਕੀਤਾ ਜਾਏ, ਤਾਂ ਜੋ ਅੱਗੇ ਆ ਜਾਏ, ਗੜੱਪ ਕਰ ਜਾਂਦਾ ਹੈ, ਲੋਹੇ, ਸ਼ੀਸ਼ੇ, ਇੱਟਾਂ ਦਿਆਂ ਟੋਟਿਆਂ,ਪੁਰਾਣੀਆਂ ਜੁੱਤੀਆਂ ਦਿਆਂ ਥਿਗੜਿਆਂ ਨੂੰ ਬੀ ਨਹੀਂ ਛੱਡਦਾ। ਇਕ ਵਾਰ ਕਿਸੇ ਸ਼ੁਤਰਮੁਰਗ ਨੇ ਪੈਸੇ ਚੁਗ ਲਏ, ਉਨ੍ਹਾਂ ਦੀ ਵਿਖ ਅਜੇਹੀ ਚੜ੍ਹੀ ਕਿ ਕੰਮ ਪੂਰਾ ਹੋਗਿਆ ॥

ਸ਼ੁਤਰਮੁਰਗ ਰੇਤ ਨੂੰ ਉੱਪਰੋਂ ਪੁੱਟਕੇ ਟੋਇਆ ਜੇਹਾ ਬਣਾ ਲੈਂਦਾ ਹੈ,ਉਸ ਵਿਖੇ ਮਦੀਨ ਆਂਡੇ ਦਿੰਦੀ ਹੈ, ਅਤੇ ਉਨ੍ਹਾਂ ਨੂੰ ਨੋਕ ਭਾਰ ਟਿਕਾਕੇ ਖੜੇ ਕਰ ਦਿੰਦੀ ਹੈ। ਰਾਤ ਨੂੰ ਤਾਂ ਮਦੀਨ ਸੇਉਂਦੀ ਹੈ, ਦਿਨ ਨੂੰ ਸੂਰਜ ਦੀ ਗਰਮੀ,ਇੱਸੇਨਾਲ ਆਂਡਿਆਂ ਵਿੱਚ ਬੱਚੇ ਬਣਦੇ ਜਾਂਦੇ ਹਨ। ਅਫ਼ਰੀਕਾ ਦੇ ਦੱਖਣ ਨੂੰ, ਨਰ ਦਿਨ ਦੇ ਵੇਲੇ

ਸੋਉਂਦਾ ਹੈ। ਤੋਲ ਵਿੱਚ ਆਂਡਾ ਡੂਢ ਸੇਰ ਦੇ ਲਗਭਗ
ਹੁੰਦਾ ਹੈ, । ਿਲੜ ਮੋਟਾ ਅਤੇ ਨਿੱਗਰ ਹੁੰਦਾ ਹੈ, ਦੇਖਣ
ਨੂੰ ਮਲਾਈ ਦੇ ਰੰਗ ਦਾ ਹੁੰਦਾਹੈ,ਅਤੇ ਬਹੁਤ ਤਰ੍ਹਾਂ ਕਰਕੇ
ਕੰਮ ਆਉਂਦਾ ਹੈ,ਉਸ ਵਿਖੇ ਜਲ ਪਾਉਂਦੇ ਹਨ, ਢਾਈਕੁ
ਸੇਰ ਆ ਜਾਂਦਾ ਹੈ। ਬਰਾਬਰ ਦੋ ਟੁੱਕ ਕਰ ਲੈਂਦੇ ਹਨ,
ਤਾਂ ਖਰੇ ਦੋ ਕਟੋਰੇ ਬਣ ਜਾਂਦੇ ਹਨ, ਟੁੱਟਿਆਂ ਭੁੱਟਿਆਂ
ਟੁਕੜਿਆਂ ਦੀਆਂ ਕੜਛੀਆਂ ਅਤੇ ਚਮਚੇ ਬਣਾਉਂਦੇ
ਹਨ, ਆਂਡਿਆਂ ਨੂੰ ਐਉਂ ਬਣਾਉਂਦੇ ਹਨ, ਕਿ ਢੱਲ
ਨੂੰ ਅੰਗਿਆਰਿਆਂ ਉੱਤੇ ਟਿਕਾ ਦਿੰਦੇ ਹਨ, ਅਤੇ
ਉੱਪਰ ਇੱਕ * ਵੇਹੁ ਕਰ ਦਿੰਦੇ ਹਨ, ਇੱਕ ਨਿੱਕੀ
ਜਿਹੀ ਦੋ ਫਾਂਕੀ ਲੱਕੜ ਉਸ ਵਿਖੇ ਪਾ ਕੇ ਉਸਨੂੰ ਫੇਰਦੇ
ਰਹਿੰਦੇ ਹਨ,ਥੋੜੇ ਚਿਰ ਮਗਰੋਂ ਲਾਹਕੇ ਖਾ ਲੈਂਦੇ ਹਨ।
ਅਫਰੀਕਾ ਵਾਲਿਆਂ ਨੂੰ ਇਨ੍ਹਾਂ ਦੇ ਆਂਡੇ ਅਤਿ ਭਾਉਂਦੇ
ਹਨ, ਅਤੇ ਓਹ ਇਨ੍ਹਾਂ ਦਿਆਂ ਬੱਚਿਆਂ ਨੂੰ ਬੀ ਛਕ
ਜਾਂਦੇ ਹਨ॥

ਸ਼ੁਤਰਮੁਰਗ਼ ਸੁਖਾਲਾ ਰਲ ਮਿਲ ਜਾਂਦਾ ਹੈ,
ਦੱਖਣੀ ਅਫ਼ਰੀਕਾ ਵਿਖੇ ਜਿੱਥੇ ਅੰਗਰੇਜ਼ਾਂ ਦੀ ਵਾਸੀ ਹੈ

---

* ਛੇਕ॥

ਲੋਕ ਖੰਭਾਂ ਦੇ ਲੋਭ ਤੇ ਇਨ੍ਹਾਂ ਦੀਆਂ ਟੋਲੀਆਂ ਦੀਆਂ ਟੋਲੀਆਂ ਹੀ ਪਾਲਦੇ ਹਨ। ਇਹ ਖੰਭ ਜਾਕੇ ਯੂਰਪ ਵਿਖੇ ਵਿਕਦੇ ਹਨ, ਟੋਪੀਆਂ ਆਦਿਕਾਂ ਵਿਖੇ ਸੁਹੱਪਣ ਲਈ ਟੰਗੇ ਜਾਂਦੇ ਹਨ। ਖੰਭਾਂ ਅਤੇ ਪੂਛ ਦੇ ਚਿੱਟੇ ਲੰਮੇ ਪਰ ਵੱਡਾ ਮੁਲ ਪਾਉਂਦੇ ਹਨ। ਇਨ੍ਹਾਂ ਨੂੰ ਅਤੇ ਪੂਛਲ ਦਿਆਂ ਕਾਲਿਆਂ ਪਰਾਂ ਨੂੰ ਸਾਲ ਵਿੱਚ ਦੋ ਵਾਰ ਪੱਟਦੇ ਹਨ। ਇਨ੍ਹਾਂ ਦੇ ਬੱਚੇ ਐਉਂ ਕੱਢਦੇ ਹਨ ਕਿ ਆਂਡਿਆਂ ਨੂੰ ਲੈਕੇ ਸੰਦੂਕਾਂ ਵਿਖੇ ਰੱਖਦੇ ਹਨ, ਉਨ੍ਹਾਂ ਦੇ ਉੱਪਰ ਤੱਤੇ ਪਾਣੀ ਦੀਆਂ ਪਰਾਤਾਂ ਰੱਖ ਦਿੰਦੇ ਹਨ, ਹੇਠੋਂ ਦੀਵੇ ਨਾਲ ਸੇਕ ਦਿੰਦੇ ਹਨ, ਅਤੇ ਹਰ ਦਿਨ ਆਂਡਿਆਂ ਨੂੰ ਉਲਟਦੇ ਪਲਟਦੇ ਰਹਿੰਦੇ ਹਨ। ਇਸ ਪ੍ਰਕਾਰ ਛੇਆਂ ਸਾਤਿਆਂ ਵਿਖੇ ਬੱਚੇ ਨਿਕਲ ਆਉਂਦੇ ਹਨ॥

ਪਰਾਂ ਲਈ ਲੋਕ ਤਰਮੁਰਗ਼ ਦਾ ਸ਼ਿਕਾਰ ਬੀ ਕਰਦੇ ਹਨ, ਦੌੜਨ ਵਿਖੇ ਘੋੜੇ ਕੋਲੋਂ ਬਹੁਤ ਤ੍ਰਿੱਖਾ ਜਾਂਦਾ ਹੈ, ਜੇ ਸਿੱਧਾ ਨੱਸਦਾ, ਤਾਂ ਕਿਸੇ ਦੇ ਹੱਥ ਨਾ ਆਉਂਦਾ, ਪਰ ਇਸਦਾ ਸੁਭਾਉ ਹੈ, ਕਿ ਵਿੰਗਾ ਜਾਂਦਾ ਹੈ, ਸ਼ਿਕਾਰੀ ਅਟਕਲ ਲੈਂਦਾ ਹੈ, ਕਿ ਇਸਦੀ ਮੁਹਾਰ ਕਿੱਧਰ ਨੂੰ ਹੈ, ਉੱਸੇ ਪਾਸੇ ਜਾ ਲੱਗਦਾ ਹੈ, ਜਦ ਮਾਰ ਪੂਰ

ਆਇਆ, ਅਤੇ ਗੋਲੀ ਮਾਰੀ। ਦੱਖਣੀ ਅਫ਼ਰੀਕਾ ਵਾਲੇ ਇਨ੍ਹਾਂ ਦੀਆਂ ਖੱਲਾਂ ਪਹਿਨਦੇ ਹਨ, ਅਤੇ ਇਨ੍ਹਾਂ ਦਾ ਭੇਸ ਵਟਾਕੇ ਇਨ੍ਹਾਂ ਦੀਆਂ ਟੋਲੀਆਂ ਦੇ ਪਾਸ ਜਾ ਪਹੁੰਚਦੇ ਹਨ, ਬਾਹਲੇ ਬਿਖ ਵਿੱਚ ਬੁੱਝੇ ਹੋਏ ਤੀਰ ਰੱਖਦੇ ਹਨ, ਉਨ੍ਹਾਂ ਨਾਲ ਇਕ ਇਕ ਕਰਕੇ ਝਟ ਮਾਰ ਲੈਂਦ ਹਨ॥

ਸੁਤਰਮੁਰਗ ਅਤੇ ਇਸ ਤਰ੍ਹਾਂ ਦੇ ਹੋਰ ਜਨੌਰ ਦੌੜਨ ਵਾਲੇ ਪੰਛੀ ਸਦਾਉਂਦੇ ਹਨ, ਅਤੇ ਭਾਰਤਵਰਖ ਵਿਖੇ ਨਹੀਂ ਹੁੰਦੇ॥

——



ਪੱਟ ਦੇ ਕੀੜੇ

G.E.: Mayo School of Art, Lahore.

# ਕੀੜਿਆਂ ਦਾ ਵਰਣਨ ॥

## ਪੱਟ ਦੇ ਕੀੜੇ

ਜੋ ਲਾਭ ਪੱਟ ਦਿਆਂ ਕੀੜਿਆਂ ਤੇ ਹੁੰਦਾ ਹੈ, ਸੋ ਕਿਸੇ ਕੀੜੇ ਤੇ ਨਹੀਂ ਹੁੰਦਾ, ਤੁਹਾਨੂੰ ਚੇਤੇ ਹੈ, ਤੂਤ ਦੀ ਵਾਰਤਾ ਵਿਖੇ ਬੀ ਇਸਦੀ ਗੱਲ ਆਈਹੈ, ਕਿ ਏਹਉਨ੍ਹਾਂ ਕੀੜਿਆਂ ਵਿੱਚੋਂ ਹਨ ਜੋ ਰੂਪ ਵਟਾਉਂਦੇ ਹਨ। ਇਨ੍ਹਾਂਦੇ ਆਂਡੇ ਰਾਈ ਦਿਆਂ ਦਾਣਿਆਂ ਕੋਲੋਂ ਬੀ ਨਿੱਕੇ ਨਿੱਕੇ ਹੁੰਦੇ ਹਨ,ਹਰਆਂਡੇ ਵਿੱਚੋਂ ਇੱਕ ਨਿੱਕਾ ਜਿਹਾ ਕ੍ਰਿਮਨਿਕਲਦਾ ਹੈ, ਪਹਿਲਾਂ ਕੋਈ ਪਾ ਇੰਚ ਤੇ ਵਧੀਕ ਨਹੀਂ ਹੁੰਦਾ,ਪਰ ਖਾਂਦਾ ਢੇਰ ਹੈ, ਅਤੇ ਛੇਤੀ ਛੇਤੀ ਵੱਡਾ ਹੁੰਦਾ ਜਾਂਦਾ ਹੈ, ਥੋੜੇ ਹੀ ਚਿਰ ਵਿੱਚ ਐਂਨਾ ਹੋ ਜਾਂਦਾ ਹੈ, ਕਿ ਖੱਲ ਵਿੱਚ ਨਹੀਂ ਮੇਉਂਦਾ ਉਸਨੂੰ ਸਿਰ ਦੇ ਪਾਸਿਓਂ ਫਾੜਦਾਹੈ ਅਤੇ ਕੁੰਜ ਵਾਕਰ ਲਾਹਕੇ ਸਿੱਟ ਪਾਉਂਦਾ ਹੈ । ਨਵੀਂ ਖੱਲ ਪਹਿਲਾਂ ਬੜੀ ਢਿੱਲੀ ਢਿੱਲੀ ਅਤੇ ਕੂਲੀ ਕੂਲੀ ਹੁੰਦੀ ਹੈ, ਉੱਸੇ ਵਿਖੇ ਛੇਤੀ ਛੇਤੀ ਵੱਡਾ ਹੁੰਦਾ ਚਲਿਆ ਜਾਂਦਾ ਹੈ, ਏਸ ਤਰ੍ਹਾਂ ਚਾਰ ਪੰਜ ਖੱਲਾਂ ਲਾਹੁੰਦਾ ਹੈ। ਜਾਂ ਪੂਰਾ ਡੀਲ

ਕੱਢ ਚੁਕਦਾ ਹੈ, ਤਾਂ ਲਮਿੱਤਨ ਵਿਖੇ ਤਿੰਨਾਂ ਇੰਚਾਂ ਦੇ
ਲਗ ਭਗ ਹੋ ਜਾਂਦਾ ਹੈ, ਪੀਲੀ ਭਾਹਦਾਰ ਮਿੱਟੀ ਰੰਗ
ਹੁੰਦਾ ਹੈ, ਸਰੀਰ ਦੇ ਦੁਆਲੇ ਬਾਰਾਂ ਛੱਲੇ, ਦੋਹਾਂ ਵੱਖੀਆਂ
ਵਿਖੇ ਨੌਂ ਨੌਂ ਛੇਕ, ਕਿ ਜਿਨ੍ਹਾਂ ਵਿੱਚੋਂ ਸਾਹ ਲੈਂਦਾ ਹੈ, ਸੋਲਾਂ
ਲੱਤਾਂ, ਦੋਹਾਂ ਕਨੂਣੀਆਂ ਵਿਖੇ ਸੱਤ ਸੱਤ ਨੇਤ੍ਰ, ਦੋ
ਪਤਲੀਆਂ ਪਤਲੀਆਂ ਨਲਕੀਆਂ ਦੇਹ ਵਿਖੇ ਦੂਰ ਤਕ
ਖਿੱਲਟੀਆਂ ਹੋਈਆਂ, ਨਲਕੀਆਂ ਦੇ ਮੂੰਹ ਠੀਕ ਜਬਾੜੇ
ਦੇ ਹੇਠ ਹੁੰਦੇ ਹਨ, ਉਨ੍ਹਾਂ ਵਿਖੇ ਇੱਕ ਲੇਸਦਾਰ ਵਸਤੁ
ਹੁੰਦੀ ਹੈ, ਇਨ੍ਹਾਂ ਨਲਕੀਆਂ ਨਾਲ ਹੀ ਪੱਟ ਬਨਾਉਂਦਾ
ਹੈ। ਇਸ ਨੂੰ ਬਹੁਤੇ ਸ਼ਹਤੂਤ ਦੇ ਪੱਤੇ ਖੁਲਾਉਂਦੇ ਹਨ,
ਕਿ ਏਹ ਹੋਰਨਾਂ ਰੁੱਖਾਂ ਦਿਆਂ ਪੱਤਿਆਂ ਕੋਲੋਂ ਵਧੀਕ
ਸੁਆਦੀ ਹਨ। ਜਿੰਨਾਂ ਵਧਣਾ ਹੁੰਦਾ ਹੈ, ਕੋਈ ਛਿਆਂ
ਸਾਤਿਆਂ ਵਿੱਚ ਵਧ ਚੁਕਦਾ ਹੈ, ਹੁਣ ਖਾਣਾ ਛੱਡ ਦਿੰਦਾ
ਹੈ, ਅਤੇ ਪੱਟ ਕੱਢਣਾ ਲਾ ਦਿੰਦਾ ਹੈ, ਬੈਠਾ ਬੈਠਾ ਸਿਰ
ਨੂੰ ਏਧਰ ਓਧਰ ਮੋੜਦਾ ਹੈ, ਇੱਥੇ ਤਕ ਕਿ ਪੱਟ ਦੀ
ਟੂਟੀ ਆਪਣੇ ਉੱਪਰ ਬਣਾ ਲੈਂਦਾ ਹੈ। ਇਸ ਪੱਟ ਦੀ ਹਰ
ਤਾਰ ਦੋਹਰੀ ਹੁੰਦਾ ਹੈ, ਕਿਉਂਕਿ ਇਨ੍ਹਾਂ ਹੀ ਦੋਹਾਂ ਨਿੱਕੀਆਂ
ਨਲਕੀਆਂ ਵਿੱਚੋਂ ਨਿਕਲਦਾ ਹੈ, ਅਤੇ ਇਹ ਤਾਰ ਲੰਮੀ
ਬੀ ਬਹੁਤ ਹੁੰਦੀ ਹੈ ॥

ਇਹ ਟੂਟੀ ਤਿੰਨ ਚਹੁੰ ਦਿਨਾਂ ਵਿਚ ਬਣਦੀ ਹੈ, ਕਦੇ ਪੰਜਾਂ ਦਿਨਾਂ ਵਿਖੇ ਬੀ। ਇਹ ਐਂਨੀ ਵੱਡੀ ਹੁੰਦੀ ਹੈ, ਕਿ ਜਿੰਨਾਂ ਕਬੂਤਰ ਦਾ ਆਂਡਾ ਅਤੇ ਰੰਗ ਉਸਦਾ ਫਿੱਕਾ ਸੁਨੈਹਰੀ ਹੁੰਦਾ ਹੈ। ਇਨ੍ਹਾਂ ਦਿਨਾਂ ਵਿਖੇ ਘਟਦਾ ਘਟਦਾ ਇਹ ਪਹਿਲਾਂ ਕੋਲੋਂ ਅੱਧਾ ਰਹਿ ਜਾਂਦਾ ਹੈ, ਇਸ ਲਈ ਕਿ ਪੱਟ ਨੂੰ ਆਪਣੇ ਉੱਪਰ ਤਣਦਾ ਹੈ, ਅਤੇ ਖਾਣਾ ਨਿਰਾਪੁਰਾ ਛੱਡ ਦਿੰਦਾ ਹੈ। ਹੁਣ ਇਕ ਖੱਲ ਫੇਰ ਲਾਹੁੰਦਾ ਹੈ, ਇਸ ਵੇਲੇ ਉਹ ਮੁਰਦਾ ਜੇਹਾ ਹੋ ਜਾਂਦਾ ਹੈ, ਚੀਕਣੀ ਚੀਕਣੀ ਚਮੜੀ ਹੋ ਜਾਂਦੀ ਹੈ, ਭੂਰਾ ਰੰਗ, ਇੱਕ ਪਾਸਿਓਂ ਨੋਕਦਾਰ ਸਰੀਰ। ਜਦ ਕੋਈ ਕੀੜਾ ਇਸ ਹਾਲ ਵਿਖੇ ਹੁੰਦਾ ਹੈ, ਤਾਂ ਅੰਗਰੇਜ਼ੀ ਵਿਖੇ ਉਸਨੂੰ ਕ੍ਰਿਸ ਲਿਸ ਕਹਿੰਦੇ ਹਨ। ਦੋ ਤਿੰਨਾਂ ਸਾਤਿਆਂ ਤਕ ਟੂਟੀ ਦੇ ਅੰਦਰ ਇਹ ਉੱਸੇ ਤਰ੍ਹਾਂ ਪਿਆ ਰਹਿੰਦਾ ਹੈ, ਅਤੇ ਐਂਨੇ ਨੂੰ ਅੰਦਰੋਂ ਅੰਦਰ ਪਰ ਕੱਢਕੇ ਪਤੰਗ ਬਣ ਜਾਂਦਾ ਹੈ। ਪਹਿਲਾਂ ਖੱਲ ਨੂੰ ਪਾੜਦਾ ਹੈ, ਫੇਰ ਟੂਟੀ ਵਿੱਚੋਂ ਨਿਕਲਨ ਦਾ ਇਹ ਯਤਨ ਕਰਦਾ ਹੈ, ਕਿ ਉਸਦੀਆਂ ਤਾਰਾਂ ਨੂੰ ਜੋ ਚੀਪ ਜੇਹੀ ਲੱਗੀ ਹੁੰਦੀ ਹੈ, ਉਸਨੂੰ ਮੂੰਹ ਦੀ ਥੁਕ ਲਾਕੇ ਗਿੱਲੀ ਕਰ ਲੈਂਦਾ ਹੈ, ਅਤੇ ਉਨ੍ਹਾਂ ਨੂੰ ਹਟਾਕੇ ਬਾਹਰ ਆਉਣ ਲਈ ਰਾਹ ਬਣਾ ਲੈਂਦਾ ਹੈ, ਪਰ ਇਸਤੇ ਪੱਟ ਖਰਾਬ

ਹੋ ਜਾਂਦਾ ਹੈ। ਇਹਦੇ ਬਚਾਉਣ ਦਾ ਇਹ ਰਾਹ ਹੈ, ਕਿ ਜਿਨ੍ਹਾਂ ਕੀੜਿਆਂ ਦੇ ਆਂਡੇ ਲੈਣੇ ਹੁੰਦੇ ਹਨ, ਉਨ੍ਹਾਂ ਦੀ ਟੂਟੀ ਵੱਖਰੀ ਕਰ ਲੈਂਦੇ ਹਨ, ਬਾਕੀ ਦਿਆਂ ਨੂੰ ਉੱਬਲਦੇ ਜਲ ਵਿੱਚ ਪਾ ਦਿੰਦੇ ਹਨ, ਯਾ ਤੰਦੂਰ ਵਿੱਚ ਸੇਕ ਲੈਂਦੇ ਹਨ, ਯਾ ਕੋਈ ਹੋਰ ਉਪਾਇ ਕਰ ਲੈਂਦੇ ਹਨ, ਕਿ ਜਿਸ ਤੇ ਕੀੜੇ ਅੰਦਰੋਂ ਅੰਦਰ ਮਰ ਜਾਂਦੇ ਹਨ॥

ਆਂਡਿਆਂ ਲਈ ਜਿਨ੍ਹਾਂ ਟੂਟੀਆਂ ਨੂੰ ਵੱਖਰੀਆਂ ਕਰਦੇ ਹਨ, ਉਨ੍ਹਾਂ ਨੂੰ ਅਜੇਹੀ ਕੋਠੀ ਵਿਖੇ ਚਿੱਟੇ ਕੱਪੜੇ ਪੁਰ ਵਿਛਾ ਦਿੰਦੇ ਹਨ, ਕਿ ਜਿਸ ਵਿੱਚ ਕੁਝ ਅਨ੍ਹੇਰਾ ਹੁੰਦਾ ਹੈ। ਆਂਡਿਆਂ ਵਿੱਚੋਂ ਜਦ ਪਤੰਗੇ ਬਣਕੇ ਨਿਕਲਦੇ ਹਨ, ਤਾਂ ਉੱਡ ਜਾਣ ਦਾ ਮਨ ਨਹੀਂ ਕਰਦੇ, ਕੱਪੜੇ ਪੁਰ ਪਏ ਰਹਿੰਦੇ ਹਨ, ਅਤੇ ਮਦੀਨ ਇੱਥੇ ਹੀ ਆਂਡੇ ਦੇਂਦੀ ਹੈ। ਇਸ ਹਾਲ ਵਿੱਚ ਪਤੰਗੇ ਕੁਝ ਖਾਂਦੇ ਨਹੀਂ; ਥੋੜ੍ਹਿਆਂ ਦਿਨਾਂ ਵਿੱਚ ਮਰ ਜਾਂਦੇ ਹਨ॥

ਪੱਟ ਨੂੰ ਜਦ ਚਰਖੀ ਪੁਰ ਚੜ੍ਹਾਉਂਦੇ ਹਨ, ਤਾਂ ਟੂਟੀਆਂ ਨੂੰ ਤੱਤੇ ਜਲ ਵਿਖੇ ਪਾ ਦਿੰਦੇ ਹਨ, ਕਿ ਚੀਪ ਲਹਿ ਜਾਏ, ਅਤੇ ਤਾਰਾਂ ਵੱਖੋ ਵੱਖ ਹੋ ਜਾਣ। ਫੇਰ ਚਹੁੰ ਪੰਜਾਂ ਤਾਰਾਂ ਦੇ ਸਿਰ ਲੈਂਦੇ ਹਨ, ਉਨ੍ਹਾਂ ਨੂੰ ਵੱਟਕੇ

ਧਾਗਾ ਬਣਾਉਂਦੇ ਹਨ, ਅਤੇ ਚਰਖੀ ਪੁਰ ਲਪੇਟਦੇ ਜਾਂਦੇ ਹਨ ॥

ਸਭ ਤੇ ਪਹਿਲਾਂ ਪੱਟ ਚੀਨ ਵਿਖੇ ਬਣਿਆ ਸੀ, ਅਤੇ ਸਭ ਚੰਗੇ ਕੀੜ ਬੀ ਉੱਥੋਂ ਹੀ ਹੱਥ ਲੱਗੇ ਸਨ, ਤੇਰਾਂ ਸੌ ਬਰਸਾਂ ਤੇ ਵਧੀਕ ਹੋਏ, ਕਿ ਇਹ ਕੀੜੇ ਯੂਰਪ ਵਿਖੇ ਅਚਰਜ ਪ੍ਰਕਾਰ ਨਾਲ ਪਹੁੰਚੇ। ਚੀਨੀ ਚਾਹੁੰਦੇ ਸਨ, ਕਿ ਸਾਥੋਂ ਛੁੱਟ ਕਿਸੇ ਦੂਏ ਕੋਲ ਨਾਂ ਹੋਣ, ਪਰ ਯੂਰਪ ਦੇ ਦੋ ਪਾਦਰੀ ਉੱਥੇ ਉਪਦੇਸ਼ ਕਰਨ ਗਏ, ਉਨ੍ਹਾਂ ਨੇ ਇਨ੍ਹਾਂ ਦੇ ਪਾਲਣ ਦੀ ਸਾਰੀ ਬਿਧ ਸਿੱਖੀ, ਅਤੇ ਕਿਸੇ ਚਤੁਰਾਈ ਨਾਲ ਆਂਡੇ ਬੀ ਲਏ। ਇਨ੍ਹਾਂ ਨੂੰ ਇਕ ਪੋਲੇ ਬੈਂਤ ਵਿੱਚ ਲੁਕਾਕੇ ਇਸਤੰਬੋਲ ਨੂੰ ਲੈ ਗਏ। ਜਾਂ ਰੁੱਤ ਆਈ, ਤਾਂ ਆਂਡਿਆਂ ਵਿੱਚੋਂ ਕੀੜੇ ਨਿਕਲੇ, ਉਨ੍ਹਾਂ ਨੂੰ ਜੰਗਲੀ ਤੂਤ ਦਿਆਂ ਪੱਤਿਆਂ ਨਾਲ ਪਾਲਿਆ, ਫੇਰ ਤਾਂ ਉਨ੍ਹਾਂ ਦਾ ਪੂੰਗ ਵਧਿਆ ਅਤੇ ਕਟੋੜਾਂ ਕੀੜੇ ਹੋ ਗਏ। ਉਨ੍ਹਾਂ ਦੀ ਹੀ ਵੰਸ ਯੂਰਪ ਅਤੇ ਏਸ਼ੀਆ ਦਿਆਂ ਬਹੁਤੇਰਿਆਂ ਦੇਸਾਂ ਵਿੱਚ ਖਿੱਲਰੀ ਹੈ ॥

ਭਾਰਤਵਰਖ ਵਿਖੇ ਪੱਟ ਦਾ ਕੱਪੜਾ ਜੋ ਬਣਦਾ ਹੈ, ਉਸ ਵਿੱਚੋਂ ਬਹੁਤੇਰਾ ਉਸ ਪੱਟ ਦਾ ਹੈ ਕਿ ਜੋ ਹੋਰਨਾਂ ਦੇਸਾਂ ਤੇ ਆਉਂਦਾ ਹੈ। ਪੰਜਾਬ ਦਿਆਂ ਕਈਆਂ ਜ਼ਿਲਿਆਂ


ਵਿਖੇ, ਜੋ ਪਹਾੜ ਦੇ ਨੇੜੇ ਹਨ, ਅਤੇ ਭਾਰਤਵਰਖ ਵਿਖੇ ਕਿਤੇ ਕਿਤੇ ਹੋਰਥੇ ਬੀ ਇਨ੍ਹਾਂ ਚੀਨੀ ਪੱਟ ਦਿਆਂ ਕੀੜਿਆਂ ਦੀ ਵੰਸ ਨੂੰ ਪਾਲਦੇ ਹਨ, ਪਰ ਭਾਰਤਵਰਖ ਵਿਖੇ ਪੱਟ ਦੇ ਕੀੜੇ ਹੋਰ ਪ੍ਰਕਾਰ ਦੇ ਬੀ ਹੁੰਦੇ ਹਨ, ਇਨ੍ਹਾਂ ਵਿੱਚੋਂ ਵੱਡੇ ਪ੍ਰਸਿੱਧ ਟੱਸਰ ਦੇ ਕੀੜੇ ਹਨ॥

ਟੱਸਰ ਦੇ ਕੀੜੇ ਭਾਰਤਵਰਖ ਦਿਆਂ ਜੰਗਲਾਂ ਵਿਖੇ ਢੇਰ ਹੁੰਦੇ ਹਨ, ਅਤੇ ਹਿਮਾਲਯ ਗਿਰ ਦੇ ਹੇਠਾਂ ਹੇਠਾਂ ਢੇਰ ਥਾਂ ਮਿਲਦੇ ਹਨ। ਸਾਲ ਭਰ ਵਿੱਚ ਇਨ੍ਹਾਂ ਦੀਆਂ ਟੂਟੀਆਂ ਦੀਆਂ ਦੋ ਫ਼ਸਲਾਂ ਹੁੰਦੀਆਂ ਹਨ, ਬਰਖਾ ਰੁੱਤ ਦੇ ਆਉਂਦੇ ਹੀ ਪਤੰਗੇ ਨਿਕਲ ਆਉਂਦੇ ਹਨ, ਇਨ੍ਹਾਂ ਵਿੱਚੋਂ ਮਦੀਨਾਂ ਕਈ ਭਾਂਤ ਦਿਆਂ ਬਿਰਛਾਂ ਦਿਆਂ ਪੱਤਿਆਂ ਅਤੇ ਟਾਹਣੀਆਂ ਪੁਰ ਆਂਡੇ ਦੇ ਦਿੰਦੀਆਂ ਹਨ। ਪਹਿਲੋ ਪਹਿਲ ਆਂਡੇ ਚਿਪਚਿਪੇ ਹੁੰਦੇ ਹਨ, ਜਿੱਥੇ ਦਿੰਦੀਆਂ ਹਨ, ਉੱਥੇ ਹੀ ਚੰਬੜੇ ਰਹਿੰਦੇ ਹਨ। ਇਕ ਇਕ ਮਦੀਨ ਸੌ ਸੌ ਦੋ ਦੋ ਸੌ ਆਂਡਾ ਦਿੰਦੀ ਹੈ, ਅਤੇ ਇੱਕ ਦੋ ਦਿਨਾਂ ਵਿੱਚ ਨਰ ਅਤੇ ਮਦੀਨ ਸਾਰੇ ਦੇ ਸਾਰੇ ਮਰ ਜਾਂਦੇ ਹਨ। ਆਂਡਿਆਂ ਵਿੱਚੋਂ ਨਿੱਕੇ ਨਿੱਕੇ ਭੂਰੇ ਰੰਗ ਦੇ ਕ੍ਰਿਮ ਨਿਕਲ ਆਉਂਦੇ ਹਨ, ਅਤੇ ਪੱਤਰਾਂ ਨੂੰ ਖਾ ਖਾ ਕੇ ਬਹੁਤ ਛੇਤੀ ਵਧ ਜਾਂਦੇ ਹਨ, ਪਹਿਲਾਂ ਉਨ੍ਹਾਂ ਦਾ

ਰੰਗ ਪੀਲਾ ਹੋ ਜਾਂਦਾ ਹੈ, ਉਸ ਵਿਖੇ ਕਾਲੇ ਕਾਲੇ ਛੱਲੇ ਅਤੇ ਚਿੱਤੀਆਂ ਪੈ ਜਾਂਦੀਆਂ ਹਨ, ਫੇਰ ਸਾਵਾ ਹੋ ਜਾਂਦਾ ਹੈ, ਉਸ ਵਿਖੇ ਸਭਿਆਰ ਸੁਹਾਵਣੀਆਂ ਨਿੱਕੀਆਂ ਨਿੱਕੀਆਂ ਚਿੱਤੀਆਂ ਹੁੰਦੀਆਂ ਹਨ, ਕੁਝ ਰੱਤੀਆਂ, ਕੁਝ ਨੀਲੀਆਂ, ਅਤੇ ਕੁਝ ਸੁਨਹਿਰੀ। ਜਦ ਪੂਰੇ ਡੀਲ ਦੇ ਹੋ ਜਾਂਦੇ ਹਨ, ਤਾਂ ਟੂਟੀਆਂ ਬਣਾਉਂਦੇ ਹਨ, ਅਤੇ ਫੇਰ ਰੂਪ ਵਟਾਕੇ ਉਹੋ ਜੇਹੇ ਮੁਰਦਾਰ ਹੋ ਜਾਂਦੇ ਹਨ । ਆਂਡੇ ਣ ਤੇ ਕੋਈ ਤ੍ਰੈ ਮਹੀਨੇ ਮਗਰੋਂ ਨਵੇਂ ਪਤੰਗੇ ਨਿਕਲ ਆਉਂਦੇ ਹਨ,ਇਹ ਬੀ ਆਂਡੇ ਦਿੰਦੇ ਹਨ,ਅਤੇ ਮਰ ਜਾਂਦੇ ਹਨ, ਜੋ ਕਿਹਮ ਨਵਿਆਂ ਆਂਡਿਆਂ ਵਿੱਚੋਂ ਨਿਕਲਦੇ ਹਨ, ਓਹ ਆਪਣੀਆਂ ਟੂਟੀਆਂ ਸਿਆਲੇ ਦੇ ਆਰੰਭ ਵਿਖੇ ਬਣਾ ਲੈਂਦੇ ਹਨ, ਬਾਕੀ ਸਿਆਲੇ ਅਤੇ ਉਨ੍ਹਾਲੇ ਭਰ ਮੁਰਦੇ ਜੇਹੇ ਪਏ ਰਹਿੰਦੇ ਹਨ, ਫੇਰ ਪਿਛਲੇ ਵਤ੍ਹੋ ਵਾਕਰ ਬਰਖਾ ਰੁਤ ਆਉਂਦੇ ਪਤੰਗੇ ਨਿਕਲਦੇ ਹਨ। ਸਰਕਾਰ ਨੇ ਟੱਸਰ ਦੀ ਉੱਨਤਿ ਲਈ ਵੱਡਾ ਯਤਨ ਕੀਤਾ ਹੈ ਅਤੇ ਹੁਣ ਬੀ ਕਰ ਰਹੀ ਹੈ, ਕਿ ਉਸਦੇ ਤਿਆਰ ਕਰਣ ਦੀ ਕੋਈ ਚੰਗੀ ਡੌਲ ਨਿਕਲ ਆਵੇ, ਅਤੇ ਲਾਗਤ ਬੀ ਘਟ ਆਏ, ਨਿਸਚਯ ਹੈ ਕਿ ਇਹ ਮਨੋਰਥ ਸਿੱਧ ਹੋ ਜਾਇਗਾ। ਜੇ ਇਹ ਗੱਲ ਪੂਰੀ ਹੋਗਈ,ਤਾਂ ਭਾਰਤਵਰਖ

ਵਿੱਚੋਂ ਇਹ ਵਸਤ ਦਿਸੌਰਾਂ ਅਤੇ ਵਿਲਾਇਤਾਂ ਨੂੰ ਬਹੁ
ਜਾਯਾ ਕਰੇਗੀ, ਅਤੇ ਇਸ ਬੁਪਾਰ ਨਾਲ ਇੱਥੇ ਦੇ
ਅਤੇ ਰੌਨਕ ਦਾ ਵਾਧਾ ਹੋਇਗਾ ॥

ਅਟਕਲੋਂ ਕੋਈ ਬਾਰਾਂ ਹਜ਼ਾਰ ਪ੍ਰਕਾਰ ਦੇ ਪਤੰਗੇ
ਅਤੇ ਭੰਬੀਰੀਆਂ ਹਨ, ਸਾਰੇ ਪੱਟ ਦੇ ਕੀੜੇ ਵਾਕਰ ਰੂ
ਵਟਾਉਂਦੇ ਹਨ, ਜਾਂ ਖੰਭ ਉੱਗਦੇ ਹਨ, ਤਾਂ ਇਨ੍ਹਾਂ ਦੇ
ਚਾਰ ਪਰ ਹੁੰਦੇ ਹਨ, ਉਨ੍ਹਾਂ ਦੇ ਉੱਪਰ ਖਪਰੈਲ ਦੀਆਂ
ਢੱਟੀਆਂ ਦੀ ਤਰ੍ਹਾਂ ਇਕ ਦੂਜੇ ਦੇ ਉੱਪਰ ਨਿੱਕੇ ਨਿੱਕੇ
ਛਿੱਲੜ ਛਾਏ ਹੋਏ ਹੁੰਦੇ ਹਨ । ਜੇ ਪਤੰਗੇ ਯਾ ਭੰਬੀਰੀ
ਦੇ ਖੰਭ ਪਕੜੋ ਤਾਂ ਉਹੋ ਨਿੱਕੇ ਨਿੱਕੇ ਛਿੱਲੜ ਚੂੰਹਡੇ
ਵਿੱਚ ਲੱਗ ਜਾਣਗੇ, ਅਤੇ ਅਜੇਹੇ ਦਿੱਸਣਗੇ, ਕਿ
ਜਿੱਕੁਰ ਰੰਗਿਆ ਹੋਇਆ ਘੱਟਾ ਹੁੰਦਾ ਹੈ। ਇਨ੍ਹਾਂ ਵਿੱਚੋਂ
ਅਨੇਕ ਕੀੜੇ ਅਜੇ ਹਨ, ਕਿ ਜੋ ਪੱਟ ਦੇ ਕੀੜੇ ਵਾਕਰ
ਟੂਟੀ ਬਣਾਉਂਦੇ ਹਨ, ਪਰ ਸਾਡੇ ਕੰਮ ਦੇ ਘੱਟ ਹੀ ਹੁੰਦੇ
ਹਨ। ਕਈ ਵੱਡਾ ਹਾਣ ਕਰਦੇ ਹਨ, ਉਂਨੀ ਕੱਪੜਿਆਂ
ਅਤੇ ਪੋਸਤੀਨਾਂ ਵਿਖੇ ਆਂਡੇ ਦੇ ਦਿੰਦੇ ਹਨ। ਜਾਂ ਕ੍ਰਿਮ
ਆਂਡੇ ਵਿੱਚੋਂ ਨਿਕਲਦਾ ਹੈ, ਤਾਂ ਉੱਸੇ ਉੱਨ ਯਾ ਸੰਬੂਰ ਨੂੰ
ਖਾਂਦਾ ਹੈ, ਉੱਸੇ ਦਾ ਨਿੱਕਾ ਜਿਹਾ ਘਰ ਬਣਾ ਲੈਂਦਾ
ਹੈ ਇੱਕ ਪਾਸਿਓਂ ਉਸਦਾ ਮੂੰਹ ਖੁੱਲ੍ਹਾ ਰੱਖਦਾ ਹੈ ਅਤੇ




ਮਧੁ ਮੱਖੀ

G.H.: MAYO SCHOOL OF ART, LAHORE.

ਉੱਨਾਂ ਚਿਰ ਉਸ ਵਿਖੇ ਰਹਿੰਦਾ ਹੈ, ਕਿ ਜਦ ਤਕ *ਕ੍ਰਿਸਲਿਸ ਹੋਣ ਦਾ ਵੇਲਾ ਨਾ ਆ ਜਾਏ। ਫੇਰ ਪ੍ਰਕਾਰ ਦੀਆਂ ਅਜੇਹੀਆਂ ਭੰਬੀਰੀਆਂ ਹਨ, ਕਿ ਜਿਨ੍ਹਾਂ ~ ਕ੍ਰਿਮ ਬੂਟਿਆਂ ਦਾ ਵੱਡਾ ਹਾਨ ਕਰਦੇ ਹਨ। ਕਈ ਭੰਬੀਟੀਆਂ ਸਭਿਆਰ ਮੁੰਦਰ ਹੋ ਜਾਂਦੀਆਂ ਹਨ, ਉਨ੍ਹਾਂ ਦਿਆਂ ਪਰਾਂ ਵਿਖੇ ਭਾਂਤ ਭਾਂਤ ਦੇ ਟੰਗ ਚਮਕਦੇ ਹਨ, ਅਤੇ ਇਹਸਭ ਉਨ੍ਹਾਂ ਹੀ ਨਿੱਕਿਆਂ ਨਿੱਕਿਆਂ ਛਿੱਲੜਾਂ ਦੀ ਬਦੌਲਤ ਹਨ । ਵੁੱਲਾਂ ਪੁਰ ਏਹ ਉੱਡਦੀਆਂ ਫਿਰਦੀਆਂ ਹਨ, ਅਤੇ ਲੰਮੀਆਂ ਲੰਮੀਆਂ ਸੂਹਲ ਸੁੰਡਾਂ ਨਾਲ ਉਨ੍ਹਾਂ ਦਾ ਰਸਚੁੰਘਦੀਆਂਹਨ,ਪਰ ਅਰਮਾਨਇਹਹੈ,ਕਿਜੀਉਂਦੀਆਂ ਬਹੁਤ ਦੋੜਾ ਚਿਰ ਹਨ, ਥੋੜ੍ਹੇ ਦਿਨ ਹੀ ਜੀਵਨ ਦਾ ਸੁਆਦ ਚੱਖਦੀਆਂ ਹਨ, ਅਤੇ ਮਰਜਾਂਦੀਆਂ ਹਨ॥

---

## ਮਧੁਮੱਖੀ

ਇਹ ਵੇਖਣ ਵਿੱਚ ਕੇਹੀ ਨਿਕੰਮੀ ਅਤੇ ਨਿੱਕੀ ਜੇਹੀ ਹੈ, ਭੂਰੇ ਰੰਗ ਦਾ ਸਿੱਧਾ ਪੱਧਰਾ ਵਸਤ੍ਰ ਪਹਨਿਆ ਹੈ,

---

* ਇਹ ਸ਼ਬਦ ਅੰਗ੍ਰੇਜ਼ੀ ਹੈ, ਅਤੇ ਇਹ ਪੱਟ ਦੇ ਕੀੜੇ ਦੀ ਇਕ ਅਵਸਥਾ ਦਾ ਨਾਉਂ ਹੈ।

ਭੜਕਦਾਰ ਰੰਗ, ਜੋ ਕਈਆਂ ਕੀੜਿਆਂ ਵਿੱਚ ਹੁੰਦੇ ਹ
ਇਸ ਵਿਖੇ ਇਕ ਨਹੀਂ, ਤਾਂ ਬੀ ਇਸ ਕੋਲੋਂ ਵਧੀ
ਕੋਈ ਜਨੌਰ ਧਯਾਨ ਨਾਲ ਵੇਖਨ ਦੇ ਜੋਗ ਨਹੀਂ, ਇ
ਤੇ ਵਧੀਕ ਕਿਸੇ ਦੇ ਕੰਮ ਕਾਜ ਨੂੰ ਦੇਖਕੇ ਸੁਆਦ ਨਹੀਂ
ਆਉਂਦਾ, ਨਾ ਬਨਾਉਟ ਵਿਖੇ ਇਸ ਕੋਲੋਂ ਵਧਕੇ ਕੋ
ਸੋਹਣਾ ਹੀ ਵਿਖਾਲੀ ਦਿੰਦਾ ਹੈ । ਅਨੇਕ ਵਿਦ੍ਵਾਨਾਂ
ਇਨ੍ਹਾਂ ਦੇ ਖੋਜ ਵਿਖੇ ਆਪਣਾ ਸਾਰਾ ਜੀਵਨ ਬਿ
ਦਿੱਤਾ ॥

ਮਧੁਮੱਖੀਆਂ ਰਲ ਮਿਲਕੇ ਰਹਿੰਦੀਆਂ ਹਨ
ਜੇ ਜਾਂਗਲੀ ਹੋਣ, ਤਾਂ ਬਾਹਲਾ ਬਿਰਛ ਦੇ ਪੁਲਾੜ ਵਿ
ਘਰ ਬਣਾ ਲੈਂਦੀਆਂ ਹਨ,ਪਰ ਅਜੇਹੇ ਕਈ ਦੇਸ ਹਨ
ਕਿ ਜਿੱਥੇ ਲੋਕ ਇਨ੍ਹਾਂ ਨੂੰ ਬਹੁਤ ਪਾਲਦੇ ਹਨ, ਇਨ੍ਹਾਂ ਦੇ
ਰਹਿਨ ਲਈ ਇਕ ਵੱਖਰਾ ਘਰ ਬਣਾ ਦਿੰਦੇ ਹਨ, ਉਸ
ਵਿਖੇ ਦਸ ਹਜ਼ਾਰ ਤੇ ਲੈ ਸੱਠ ਹਜ਼ਾਰ ਤਕ ਰਹਿਦੀਆਂ
ਹਨ। ਇਨ੍ਹਾਂ ਵਿੱਚ ਇੱਕ ਰਾਣੀ ਹੁੰਦੀ ਹੈ, ਛੇਸੈ ਤੇ ਲੈ ਦੋ
ਹਜ਼ਾਰ ਤਕ ਨਰ ਹੁੰਦੇ ਹਨ, ਜੋ ਸਾਰੇ ਮਖੱਟੂ ਹੁੰਦੇ ਹਨ,
ਹੋਰ ਸਾਰੀਆਂ ਕੰਮ ਕਰਨ ਵਾਲੀਆਂ । ਇਹ ਤਿੰਨੇ ਤ੍ਰੈ
ਅਵਸਥਾ ਵਟਾਉਂਦੀਆਂ ਹਨ, ਜਾਂ ਤੀਜੀ ਅਵਸਥਾ ਵਿਖੇ
ਆਉਂਦੀਆਂ ਹਨ, ਤਾਂ ਛਾਤੀ ਵਾਲੇ ਭਾਗ ਵਿਖੇ

ੱਤਾਂ ਹੁੰਦੀਆਂ ਹਨ ਅਤੇ ਹਰ ਲੱਤ ਦੇ ਸਿਰੇ ਪੁਰ ਹੀਨ ਮਹੀਨ ਕੁੰਡੀਆਂ ਹੁੰਦੀਆਂ ਹਨ। ਇਨ੍ਹਾਂ ਹੀ ਨਾਲ ਆਪਣੇ ਘਰਦੇ ਛੱਤ ਉੱਤੇ ਟੁਰਦੀਆਂ ਫਿਰਦੀਆਂ ਹਨ, ਅਤੇ ਆਪੋ ਵਿੱਚੋਂ ਐਉਂ ਲਮਕ ਜਾਂਦੀਆਂ ਹਨ, ਕਿ ਉੱਪਰਲੀ ਦੀ ਪਿਛਲੀ ਲੱਤ ਦੀ ਕੁੰਡੀ, ਹੇਠਲੀ ਦ ਅਗਲੇ ਪੈਰ ਦੀ ਕੁੰਡੀ ਵਿਖੇ ਅਟਕ ਜਾਂਦੀ ਹੈ। ਇਨ੍ਹਾਂ ਦੇ ਸਿਰ ਉੱਪਰ ਦੋ ਮਹੀਨ ਮਹੀਨ ਟਾਹਣੀਆਂ ਜੇਹੀਆਂ ਅੱਗੇ ਵੱਲ ਵਧੀਆਂ ਹੁੰਦੀਆਂ ਹਨ, ਕਿ ਜਿਨ੍ਹਾਂ ਨਾਲ ਵਸਤਾਂ ਨੂੰ ਟੋਹ ਲੈਂਦੀਆਂ ਹਨ, ਉਨ੍ਹਾਂ ਦੇ ਸਹਾਰੇ ਨਾਲ ਅਨ੍ਹੇਰੇ ਵਿਖੇ ਕੰਮ ਕਰਦੀਆਂ ਹਨ, ਉਨ੍ਹਾਂ ਹੀ ਦੇ ਨਾਲ ਕਿਸੇ ਤਟ੍ਹਾਂ ਘਰ ਦੇ ਕੰਮ ਕਾਜ ਦੀ ਖ਼ਬਰ ਇਕ ਦੂਜੀ ਨੂੰ ਪੁਚਾਉਂਦੀਆਂ ਹਨ। ਲੋਕਾਂ ਦਾ ਇਹ ਬੀ ਸਿਧਾਂਤਹੈ, ਕਿ ਓਹੀਓ ਟਾਹਣੀਆਂ ਕੰਨਾਂ ਦਾ ਕੰਮ ਬੀ ਦਿੰਦੀਆਂ ਹਨ, ਅਤੇ ਉਨ੍ਹਾਂ ਹੀ ਨਾਲ ਓਹ ਬੋਲ ਸੁਣਦੀਆਂ ਹਨ। ਦੋਹੀਂ ਪਾਸੀਂ ਦੋਦੋ ਖੰਭ ਬੀ ਹੁੰਦੇ ਹਨ, ਇਹ ਇੱਕ ਮਹੀਨ ਨਿਰਮਲ ਝਿੱਲੀ ਹੁੰਦੀ ਹੈ, ਜੋ ਇੱਕ ਨਿੱਗਰ ਵਸਤੁ ਪੁਰ ਮੜ੍ਹੀ ਹੋਈ ਹੁੰਦੀ ਹੈ, ਅੱਗੇ ਨੂੰ ਦੋ ਵੱਡੀਆਂ ਵੱਡੀਆਂ, ਅਤੇ ਸਿਰ ਦੇ ਉੱਪਰ ਤ੍ਰੈ ਨਿੱਕੀਆਂ ਨਿੱਕੀਆਂ ਅੱਖੀਆਂ ਹਨ, ਛਾਤੀ ਅਤੇ ਢਿੱਡ ਅਤੇ ਲੱਤਾਂ ਪੁਰ ਵਾਲ ਹੁੰਦੇ

ਹਨ, ਹੇਠਲਾ ਬੁੱਲ੍ਹ ਲੰਮਾਂ ਹੋਣ ਤੇ ਇੱਕ ਸੁੰਡ ਜੇਹੀ ਬਣ ਜਾਂਦੀ ਹੈ, ਉਸ ਪੁਰ ਬੀ ਮਹੀਨ ਮਹੀਨ ਵਾਲ ਹੁੰਦੇ ਹਨ, ਮੱਖੀਆਂ ਜੋ ਫੁੱਲਾਂ ਪੁਰ ਉੱਡਦੀਆਂ ਫਿਰਦੀਆਂ ਹਨ, ਇੱਸੇ ਨਾਲ ਰਸ ਚੂੰਘ ਲੈਂਦੀਆਂ ਹਨ, ਇਹੋ ਰਸ ਸ਼ਹਦ ਯਾ ਮਧੁ ਹੈ। ਜਿੰਨਾਂ ਮਾਖਿਓਂ ਚੂਪਦੀਆਂ ਹਨ, ਸਾਰਾ ਨਹੀਂ ਖਾ ਲੈਂਦੀਆਂ, ਇਨ੍ਹਾਂ ਦੇ ਢਿੱਡ ਵਾਲੇ ਭਾਗ ਵਿਖੇ ਇੱਕ ਨਿੱਕੀ ਜੇਹੀ ਥੈਲੀ ਹੁੰਦੀ ਹੈ, ਉਸ ਵਿਖੇ ਕੁਝ ਰੱਖਕੇ ਘਰ ਨੂੰ ਲੈ ਆਉਂਦੀਆਂ ਹਨ। ਕੰਮ ਵਾਲੀਆਂ ਦੀਆਂ ਪਿਛਲੀਆਂ ਲੱਤਾਂ ਵਿਖੇ ਬਾਹਰ ਦੀ ਵੱਲ ਨੂੰ ਦੋ ਖ਼ਾਨੇ ਹੁੰਦੇ ਹਨ, ਜਾਂ ਫੁੱਲਾਂ ਪੁਰ ਬਹਿੰਦੀਆਂ ਹਨ, ਤਾਂ ਮਹੀਨ ਮਹੀਨ ਪਰਾਗ ਜੋ ਫੁੱਲਾਂ ਵਿਖੇ ਹੁੰਦੀ ਹੈ, ਇਨ੍ਹਾਂ ਦੀ ਛਾਤੀ ਢਿੱਡ ਅਤੇ ਲੱਤਾਂ ਦਿਆਂ ਵਾਲਾਂ ਨੂੰ ਚੰਬੜ ਜਾਂਦੀ ਹੈ, ਓਹ ਇਨ੍ਹਾਂ ਵਿੱਚੋਂ ਪਰਾਗ ਸਮੇਟਦੀਆਂ ਹਨ, ਅਤੇ ਉਨ੍ਹਾਂ ਦੋਹਾਂ ਖ਼ਾਨਿਆਂ ਵਿੱਚ ਭਰਕੇ ਘਰ ਨੂੰ ਲੈ ਆਉਂਦੀਆਂ ਹਨ। ਰਾਣੀ ਅਤੇ ਮਖੱਟੂਆਂ ਦੀਆਂ ਲੱਤਾਂ ਵਿਖੇ ਇਹ ਖਾਨੇ ਨਹੀਂ ਹੁੰਦੇ। ਰਾਣੀ ਅਤੇ ਕੰਮ ਵਾਲੀਆਂ ਦੇ ਢਿੱਡ ਦੇ ਸਿਰੇ ਪੁਰ ਇੱਕ ਡੰਗ ਹੁੰਦਾ ਹੈ, ਡੰਗ ਕੀ ਹੁੰਦਾ ਹੈ, ਦੋ ਬਰਛੀਆਂ ਜੇਹੀਆਂ ਹੁੰਦੀਆਂ ਹਨ, ਵਾਲ ਨਾਲੋਂ ਬੀ ਮਹੀਨ, ਇਨ੍ਹਾਂ ਦੋਹਾਂ ਵਿਖੇ ਬਾਹਰ ਦੀ ਵੱਲ

ਨੂੰ ਏਧਰ ਓਧਰ ਨੋਕਾਂ ਦੇ ਕੋਲ ਇੱਕ ਦੂਜੀ ਨੋਕ ਪਛਾਹਾਂ ਨੂੰ ਉਠੀ ਹੋਈ ਹੁੰਦੀ ਹੈ, ਜਿੱਕੁਰ ਮੱਛੀਆਂ ਫੜਨ ਵਾਲੀਆਂ ਕੁੰਡੀਆਂ ਵਿਖੇ, ਅਤੇ ਅਜੇਹੀਆਂ ਮਹੀਨ, ਕਿ ਦੂਰਬੀਨ ਬਿਨਾਂ ਦਿਸਦੀਆਂ ਹੀ ਨਹੀਂ। ਏਹ ਬਰਛੀਆਂ ਗਾਤਰੇ ਵਿੱਚ ਹੁੰਦੀਆਂ ਹਨ, ਉਹ ਵਿਹੁ ਇਹਦੀ ਥੈਲੀ ਨਾਲ ਮਿਲਿਆ ਹੋਇਆ ਹੁੰਦਾ ਹੈ, ਜੋ ਇਸਦੇ ਢਿਡ ਵਾਲੇ ਭਾਗ ਵਿੱਚ ਹੁੰਦੀ ਹੈ। ਜਾਂ ਵੈਰੀ ਪੁਰ ਹੱਲਾ ਕਰਦੀਆਂ ਹਨ, ਤਾਂ ਗਾਤਰੇ ਨੂੰ ਦੇਹ ਵਿਖੇ ਚੋਭ-ਦੀਆਂ ਹਨ, ਥੈਲੀ ਵਿੱਚੋਂ ਵਿਹੁ ਨਿਕਲ ਕੇ ਘਾਉ ਵਿੱਚ ਦੌੜਜਾਂਦਾ ਹੈ, ਬਰਛੀ ਦੀਆਂ ਨੋਕਾਂ ਘਾਉ ਨੂੰ ਵਧੇਰੇ ਡੂੰਘਾ ਕਰ ਦਿੰਦੀਆਂ ਹਨ। ਮਖੱਟੂਆਂਦੇ ਏਹ ਡੰਗ ਨਹੀਂ ਹੁੰਦੇ।

ਕੰਮ ਵਾਲੀਆਂ ਅਤੇ ਮਖੱਟੂ ਦੋਹਾਂ ਕੋਲੋਂ ਰਾਣੀ ਵੱਡੀ ਹੁੰਦੀ ਹੈ, ਅਤੇ ਸਾਰੇ ਆਂਡੇ ਇਹੋ ਦਿੰਦੀ ਹੈ। ਕੰਮ ਵਾਲੀਆਂ ਬਹੁਤ ਸਾਰੇ ਨਿੱਕੇ ਨਿੱਕੇ ਖ਼ਾਨੇ ਬਣਾ ਛੱਡਦੀਆਂ ਹਨ, ਉਨ੍ਹਾਂ ਹੀ ਵਿੱਚ ਬੱਚੇ ਨਿਕਲਦੇ ਹਨ। ਜਾਂ ਰਾਣੀ ਆਂਡੇ ਦਿੰਦੀ ਹੈ, ਤਾਂ ਬਾਰਾਂਕੁ ਕੰਮ ਵਾਲੀਆਂ*ਬਾਡੀ-ਗਾਰਡ ਵਾਕਰ ਉਸਦੇ ਨਾਲ ਰਹਿੰਦੀਆਂ ਹਨ। ਰਾਣੀ ਹਰ ਖ਼ਾਨੇ ਵਿੱਚ ਇੱਕ ਇੱਕ ਆਂਡਾ ਦਿੰਦੀ ਫਿਰਦੀ ਹੈ,

*ਰਖਵਾਲਿਆਂ।

ਏਹ ਸਿਪਾਹੀ ਇਸ ਹਾਲ ਵਿੱਚ ਉਸ ਨੂੰ ਥੋੜੇ ਥੋੜੇ ਚਿਰ ਮਗਰੋਂ ਮਾਖਿਓਂ ਖਵਾਉਂਦੇ ਹਨ। ਇਹਦਿਆਂ ਆਂਡਿਆਂ ਦੀ ਗਿਣਤੀ ਰੁੱਤ ਪੁਰ ਹੈ, ਕਿਸੇ ਰੁੱਤ ਵਿਖੇ ਘੱਟ ਹੁੰਦੇ ਹਨ, ਕਿਸੇ ਵਿਖੇ ਵੱਧ, ਪਰ ਬਾਹਲੇ ਦੋ ਤ੍ਰੈ ਸੌ ਆਂਡੇ ਰੋਜ਼ ਦਿੰਦੀ ਹੈ ਅਤੇ ਕਦੇ ੨ ਇਸ ਕੋਲੋਂ ਬੀ ਵਧੀਕ ॥

ਤਿੰਨਾਂ ਦਿਨਾਂ ਦੇ ਅੰਦਰ ਆਂਡੇ ਤਿੜਕ ਕੇ ਬੱਚੇ ਨਿਕਲ ਆਉਂਦੇ ਹਨ, ਬਹੁਤ ਹੀ ਨਿੱਕੇ ਨਿੱਕੇ ਚਿੱਟੇ ਕਿਰਮ ਹੁੰਦੇ ਹਨ, ਇਨ੍ਹਾਂ ਦੀਆਂ ਲੱਤਾਂ ਮੁੱਢੋਂ ਨਹੀਂ ਹੁੰਦੀਆਂ*ਪਲੇਸਣੀ ਮਾਰ ਆਪਣੇ ਖਾਨੇ ਵਿੱਚ ਪਏ ਰਹਿੰਦੇ ਹਨ। ਕੰਮ ਵਾਲੀਆਂ ਉਹੋ ਫੁੱਲਾਂ ਦੀ ਪਰਾਗ ਅਤੇ ਮਧੁ ਲੈਕੇ ਪਾਨੀ ਵਿਖੇ ਰਲਾਉਂਦੀਆਂ ਹਨ, ਅਤੇ ਪੰਜਾਂ ਦਿਨਾਂ ਤਕ ੍ਹਾਂ ਨੂੰ ਚਟਾਉਂਦੀਆਂ ਹਨ । ਐਨੇ ਚਿਰ ਨੂੰ ਐਨੀਆਂ ਵਧ ਜਾਂਦੀਆਂ ਹਨ, ਕਿ ਖ਼ਾਨਿਆਂ ਵਿੱਚ ਬਹੁਤ ਥੋੜੀ ਥਾਂ ਰਹਿ ਜਾਂਦੀਹੈ। ਫੇਰ ਕੰਮਵਾਲੀਆਂ ਇਨ੍ਹਾਂ ਖ਼ਾਨਿਆਂ ਦਿਆਂ ਮੂੰਹਾਂ ਨੂੰ ਬਾਹਰੋਂ ਬੰਦ ਕਰ ਦਿੰਦੀਆਂ ਹਨ, ਓਹ ਅੰਦਰੋਂ ਅੰਦਰ ਪੱਟ ਦੇ ਕੀੜੇ ਦੀ ਤਰ੍ਹਾਂ ਤੂਟੀ ਬਣਾਉਂਦੇ ਹਨ, ਅਤੇ ਇੱਸੇ ਪ੍ਰਕਾਰ ਦੂਜਾ ੫ ਵਟਾਕੇ ਮੁਰਦੇ ਜੇਹੇ ਹੋ ਜਾਂਦੇ ਹਨ । ਜਦ ਮੱਖੀਆਂ

*ਕੁੰਡਲੀ ।

ਬਣ ਜਾਂਦੇ ਹਨ, ਤਾਂ ਟੁਟੀ ਨੂੰ ਭੰਨ ਕੇ ਬਾਹਰ ਨਿਕਲ ਆਉਂਦੇ ਹਨ। ਕੰਮ ਵਾਲੀਆਂ ਇਨ੍ਹਾਂ ਦੀ ਵੱਡੀ ਆਉ ਭਗਤ ਕਰਦੀਆਂ ਹਨ, ਅਤੇ ਭੋਜਨ ਪੁਚਾਉਂਦੀਆਂ ਹਨ ॥

ਮਖੱਟੂਆਂ ਲਈ ਜੋ ਖ਼ਾਨੇ ਬਣਦੇ ਹਨ, ਕੰਮ ਵਾਲੀਆਂ ਦਿਆਂ ਖ਼ਾਨਿਆਂ ਕੋਲੋਂ ਵੱਡੇ ਹੁੰਦੇ ਹਨ, ਰਾਣੀ ਅਜੇਹੀ ਸੁਚੱਜੀ ਹੈ ਕਿ ਮਖੱਟੂਆਂ ਦੇ ਆਂਡੇ ਉਨ੍ਹਾਂ ਦਿਆਂ ਹੀ ਖਾਨਿਆਂ ਵਿੱਚ ਦਿੰਦੀ ਹੈ, ਅਤੇ ਕੰਮ ਵਾਲੀਆਂ ਦੇ ਆਂਡੇ ਕੰਮ ਵਾਲੀਆਂ ਦਿਆਂ ਖ਼ਾਨਿਆਂ ਵਿੱਚ। ਕੰਮ ਵਾਲੀਆਂ ਜੋ ਖ਼ਾਨੇ ਰਾਣੀਆਂ ਮੱਖੀਆਂ ਲਈ ਬਨਾਉਂਦੀਆਂ ਹਨ ਓਹ ਹੋਰਨਾਂ ਖ਼ਾਨਿਆਂ ਕੋਲੋਂ ਬਹੁਤ ਹੀ ਵੱਡੇ ਬਨਾਉਂਦੀਆਂ ਹਨ, ਪਰ ਜਿਨ੍ਹਾਂ ਆਂਡਿਆਂ ਵਿੱਚੋਂ ਰਾਣੀਆਂ ਅਤੇ ਕੰਮ ਵਾਲੀਆਂ ਜੰਮਦੀਆਂ ਹਨ, ਓਹ ਇੱਕੋ ਤਰ੍ਹਾਂ ਦੇ ਹੁੰਦੇ ਹਨ, ਬੱਚਿਆਂ ਦਾ ਰਾਣੀ ਹੋਣਾ, ਯਾ ਕੰਮ ਵਾਲੀ ਹੋਣਾ ਉਨ੍ਹਾਂ ਦੇ ਖ਼ਾਨੇ ਪੁਰ ਹੈ। ਦੇਖੋ ਕੇਹੀ ਅਦਭੁਤ ਲੀਲ੍ਹਾ ਹੈ, ਕਿ ਜਦ ਕਿਸੇ ਕਾਰਣ ਰਾਣੀ ਨਾ ਰਹੇ, ਤਾਂ ਕਦੇ ਕਦੇ ਕੰਮ ਵਾਲੀਆਂ ਤਿੰਨਾਂ ਘਰਾਂ ਨੂੰ ਤੋੜਕੇ ਇੱਕ ਵਡਾ ਘਰ ਬਣਾ ਲੈਂਦੀਆਂ ਹਨ, ਦੋਹਾਂ ਖ਼ਾਨਿਆਂ ਵਿਚ ਜੋ ਨਿੱਕੇ ਨਿੱਕੇ ਕਿਰਮ ਪਏ ਹੁੰਦੇ ਹਨ, ਉਨ੍ਹਾਂ ਨੂੰ ਕੱਢਕੇ ਸਿੱਟ ਪਾਉਂਦੀਆਂ ਹਨ, ਅਤੇ ਤੀਜੇ ਲਈ ਰਾਜਸ਼ਾਹੀ ਭੋਜਨ

ਲਿਆਉਣੇ ਲਾ ਦਿੰਦੀਆਂ ਹਨ, ਵੱਡੀ ਹੋ ਕੇ ਉਹੋ ਰਾਣੀ ਬਣ ਜਾਂਦੀ ਹੈ ॥

ਇੱਕ ਘਰ ਵਿੱਚ ਦੋ ਰਾਣੀਆਂ ਨਹੀਂ ਰਹਿ ਸਕਦੀਆਂ, ਜੇ ਕਿਤੇ ਕਿਸੇ ਤਰ੍ਹਾਂ ਮਿਲ ਬੀ ਜਾਣ, ਤਾਂ ਦੋਹਾਂ ਵਿੱਚ ਅਜੇਹਾ ਕਠਿਨ ਯੁੱਧ ਹੁੰਦਾ ਹੈ ਕਿ ਇੱਕ ਮਰ ਜਾਂਦੀ ਹੈ," ਅਤੇ ਜੇ ਰਾਣੀ ਦਾ ਵੱਸ ਚੱਲੇ ਤਾਂ ਜਿਨ੍ਹਾਂ ਖ਼ਾਨਿਆਂ ਵਿੱਚ ਬੱਚੀਆਂ ਰਾਣੀਆਂ ਪਲ ਰਹੀਆਂ ਹਨ, ਉਨ੍ਹਾਂ ਨੂੰ ਧਿੰਗੋਜ਼ੋਰੀ ਭੰਨ ਦਿੱਤੇ, ਅਤੇ ਡੰਗ ਮਾਰ ਮਾਰਕੇ ਉਨ੍ਹਾਂ ਨੂੰ ਮਾਰ ਦਿੱਤੇ, ਪਰ ਕੰਮ ਵਾਲੀਆਂ ਅਜੇਹਾ ਨਹੀਂ ਕਰਨ ਦਿੰਦੀਆਂ। ਜਦ ਘਰਵਿਖੇ ਮੱਖੀਆਂ ਢੇਰ ਹੋ ਜਾਂਦੀਆਂ ਹਨ, ਅਤੇ ਇਨ੍ਹਾਂ ਵਿੱਚ ਕੋਈ ਨਵੀਂ ਰਾਣੀ ਬੀ ਆਪਣੇ ਖ਼ਾਨੇ ਵਿੱਚੋਂ ਨਿਕਲਨ ਪੁਰ ਹੁੰਦੀ ਹੈ, ਤਾਂ ਬਹੁਤ ਸਾਰੀਆਂ ਕੰਮ ਵਾਲੀਆਂ ਆਕੇ ਅੱਗੋਂ ਪੁਰਾਣੀ ਰਾਣੀ ਨੂੰ ਘੇਰ ਲੈਂਦੀਆਂ ਹਨ, ਅਤੇ ਉਹ ਨੂੰ ਨਵੀਂ ਰਾਣੀ ਪੁਰ ਪੈਣ ਨਹੀਂ ਦਿੰਦੀਆਂ। ਪੁਰਾਣੀ ਰਾਣੀ ਘਾਬਰ ਕੇ ਤੜਫੜਾਉਂਦੀ ਹੈ, ਅਤੇ ਓੜਕ ਨੂੰ ਉੱਡ ਜਾਂਦੀ ਹੈ, ਉਸ ਦੇ ਨਾਲ ਹੋਰ ਢੇਰ ਮੱਖੀਆਂ ਇੱਕ ਜੱਥਾ ਬੰਨ੍ਹਦੀਆਂ ਹਨ, ਅਤੇ ਇਕੱਠੀਆਂ ਉੱਡ ਜਾਂਦੀਆਂ ਹਨ, ਜੋ ਕਿਤੇ ਜਾਕੇ ਨਵੀਂ ਵਾਸੀ ਪਾਉਣ। ਜੋ ਮੱਖੀਆਂ ਪੁਰਾਣੇ

ਵਤਨ ਵਿਖੇ ਰਹਿ ਜਾਂਦੀਆਂ ਹਨ, ਓਹ ਇੱਥੇ ਨਵ ਰਾਣੀ ਨੂੰ ਰਾਜ ਸਿੰਘਾਸਣ ਪੁਰ ਬਹਾਲਦੀਆਂ ਹਨ,ਸਾਲ ਵਿਖੇ ਦੋ ਦੋ ਤ੍ਰੈ ਤ੍ਰੈ ਦਲ ਨਿਕਲ ਜਾਂਦੇ ਹਨ। ਰਾਣੀਆਂ ਬਾਹਲਾ ਤ੍ਰੈ ਵਰ੍ਹਿਆਂ ਤੇ ਵਧੀਕ ਜੀਉਂਦੀਆਂ ਹਨ॥

ਮਖੱਟੂ ਸਭਿਆਰ*ਘਾਉਲੀ ਹੁੰਦੇ ਹਨ, ਕੰਮ ਮੂੱਢੋਂ ਨਹੀਂ ਕਰਦੇ, ਖਾਂਦੇ ਢੇਰ ਹਨ। ਸਾਲ ਭਰ ਵਿਖੇ ਇੱਕ ਵਾਰ ਜਿੱਨੇ ਮਖੱਟੂ ਹੁੰਦੇ ਹਨ, ਕੰਮ ਵਾਲੀਆਂ ਉਨ੍ਹਾਂ ਨੂੰ ਕੱਢਕੇ ਮਾਰ ਸੱਟਦੀਆਂ ਹਨ॥

ਕੰਮ ਵਾਲੀਆਂ ਘਰ ਦਾ ਸਾਰਾ ਕੰਮ ਕਰਦੀਆਂ ਹਨ,ਖੱਨੇ ਬਣਾਉਂਦੀਆਂ ਹਨ,ਮਾਖਿਓਂ ਲਿਆ ਇਕੱਠਾ ਕਰਦੀਆਂ ਹਨ, ਰਾਣੀ ਦੀ ਚੌਕੀ ਅਤੇ ਟਹਿਲ ਵਿੱਚ ਰੁਝੀਆਂ ਰਹਿੰਦੀਆਂ ਹਨ, ਬੱਚਿਆਂ ਨੂੰ ਪਾਲਦੀਆਂ ਹਨ, ਮਖੱਟੂਆਂ ਨੂੰ ਮਾਰ ਸਿੱਟਦੀਆਂ ਹਨ, ਘਰ ਦੀ ਰਾਖੀ ਕਰਦੀਆਂ ਹਨ। ਇਨ੍ਹਾਂ ਦੇ ਖਾਂਨੇ ਮੋਮ ਦੇ ਹੁੰਦੇ ਹਨ, ਅਚਰਜ ਇਹ ਹੈ ਕਿ ਮੋਮ ਮਧੁ ਵਿੱਚੋਂ ਨਿਕਲਦਾ ਹੈ, ਅਤੇ ਕੰਮ ਵਾਲੀਆਂ ਦੇ ਢਿੱਡ ਵਿਖੇ ਤਿਆਰ ਹੁੰਦਾ ਹੈ। ਖ਼ਾਨੇ ਬਰਾਬਰ ਬਰਾਬਰ ਡਾਢੇ ਸੋਹਣੇ ਬਣਾਏ ਹੋਏ ਹੁੰਦੇ ਹਨ। ਤੁਹਾਨੂੰ ਚੇਤੇ ਹੈ? ਹੁਣੇ ਅਸੀਂ ਕਹਿ ਆਏ ਹਾਂ ਕਿ

* ਆਲਸੀ।

ਇਨ੍ਹਾਂ ਵਿੱਚੋਂ ਹੀ ਕੋਈਆਂ ਦੇ ਬੱਚੇ ਨਿਕਲਦੇ ਹਨ। ਅਤੇ ਬਾਕੀ ਦੀਆਂ ਬੱਚਿਆਂ ਲਈ ਭੋਜਨ ਅਤੇ ਖੰਭਾਂ ਵਾਲੀਆਂ ਮੱਖੀਆਂ ਲਈ ਮਧੁ ਇਕੱਠਾ ਕਰਦੀਆਂ ਹਨ। ਇਨ੍ਹਾਂ ਖ਼ਾਨਿਆਂ ਦੀ ਬੀੜ ਨੂੰ ਮਖੀਰ ਸੱਦਦੇ ਹਨ। ਇਹ ਮਖੀਰ ਖੱਖਰ ਦੀਆਂ ਛੱਤਾਂ ਨਾਲ ਲੱਗਿਆ ਹੋਇਆ ਹੁੰਦਾ ਹੈ, ਅਤੇ ਹਰ ਮਖੀਰ ਵਿਖੇ ਖ਼ਾਨਿਆਂ ਦੀਆਂ ਦੋ ਤਹਿਆਂ ਹੁੰਦੀਆਂ ਹਨ, ਕਿ ਇੱਕ ਦੀ ਪਿੱਠ ਦੂਜੀ ਦੀ ਪਿੱਠ ਨਾਲ ਜੁੜੀ ਹੋਈ ਹੁੰਦੀ ਹੈ। ਮਖੀਰ ਜਾਨੋ ਮੋਮ ਦਾ ਫੱਟ ਜਿਹਾ ਹੁੰਦਾ ਹੈ, ਜਿਸ ਵਿਖੇ ਛੇ ਨੁੱਕਰੇ ਖ਼ਾਨੇ ਦੋਹੀਂ ਵੱਲੀਂ ਉੱਕਰੇ ਹੋਏ ਹੁੰਦੇ ਹਨ। ਮੱਖੀਆਂ ਖੱਖਰ ਨੂੰ ਉੱਪਰੋਂ ਬਣਾਉਣ ਲੱਗਦੀਆਂ ਹਨ, ਫੇਰ ਨਾਲ ਨਾਲ ਮੋਮ ਚੜ੍ਹਾਉਂਦੀਆਂ ਜਾਂਦੀਆਂ ਹਨ, ਤੇ ਪੂਰੇ ਆਕਾਰ ਵਿਖੇ ਲੈ ਆਉਂਦੀਆਂ ਹਨ। ਏਹ ਚਤੁਰ ਕਾਰੀਗਰਨੀਆਂ ਅਜੇਹੀ ਛੇਤੀ ਕੰਮ ਕਰਦੀਆਂ ਹਨ, ਕਿ ਕਦੇ ਕਦੇ ਮਖੀਰ ਚੌਦਾਂ ਇੰਚ ਲੰਮਾਂ ਅਤੇ ਸੱਤ ਇੰਚਾਂ ਚੌੜਾ ਜਿਸ ਵਿਖੇ ਚਾਰ ਸਹੰਸ੍ਰ ਖਾਨੇ ਸੇ, ਇੱਕ ਦਿਨ ਰਾਤ ਵਿਖੇ ਬਣਾ ਲਿਆ ਹੈ। ਇੱਕ ਇੱਕ ਘਰ ਵਿਖੇ ਕਈ ਕਈ ਮਖੀਰ ਛੱਤਾਂ ਨਾਲ ਲਮਕਦੇ ਹੁੰਦੇ ਹਨ। ਅਰਮਾਣ ਇਹ ਹੈ, ਕਿ ਕੰਮ ਵਾਲੀਆਂ ਦੀ ਉਮਰ ਬਹੁਤ ਨਹੀਂ ਹੁੰਦੀ, ਵਿਚਾਰੀਆਂ


ਵਿਹੁਓਂ ਅੰਦਰ ਹੀ ਮਰ ਜਾਂਦੀਆਂ ਹਨ, ਵਰ੍ਹਾ ਨਹੀਂ ਟਪਾਉਂਦੀਆਂ ॥

ਫੁੱਲਾਂ ਦੀ ਪਰਾਗ ਅਤੇ ਮਾਖਿਓਂ ਛੁਟ ਕੰਮ ਵਾਲੀਆਂ ਇੱਕ ਚਿਪਚਿਪੀ ਵਸਤੂ ਬੀ ਇਕੱਠੀ ਕਰਦੀਆਂ ਹਨ, ਕਿ ਜੋ ਕਿਸੇ ਕਿਸੇ ਬਿਰਛ ਦੀਆਂ ਕਲੀਆਂ ਵਿੱਚੋਂ ਕੱਢਦੀਆਂ ਹਨ, ਉਸ ਨੂੰ ਘਰ ਦੀ ਛੱਤ ਵਿੱਚ ਬਾਹਲਾ ਉਸ ਥਾਂ ਚਿਪਕਾਉਂਦੀਆਂ ਹਨ ਕਿ ਜਿੱਥੇ ਮਖੀਰ ਲਾਉਨ ਦਾ ਮਨ ਹੋਏ। ਇੱਸੇ ਨਾਲ ਮਖੀਰ ਦਿਆਂ ਖਾਨਿਆਂ ਨੂੰ ਪੱਕਾ ਕਰਦੀਆਂ ਹਨ,ਜੇ ਘਰ ਵਿਖੇ ਕਿਤੇ ਛੇਕ ਹੋ ਜਾਏ, ਤਾਂ ਇਸੇ ਨਾਲ ਬੰਦ ਕਰ ਲੈਂਦੀਆਂ ਹੈਨ, ਜੇ ਕੋਈ ਵੱਡਾ ਸਾਰਾ ਕੀੜਾ ਆ ਜਾਏ, ਜਿਸਨੂੰ ਕੱਢ ਨਾ ਸੱਕਣ ਤਾਂ ਇਸ ਵਿੱਚ ਲਪੇਟ ਦਿੰਦੀਆਂ ਹਨ, ਅਤੇ ਇੱਸੇ ਵਿਖੇ ਉਸ ਦੀ ਸਮਾਧ ਬਣਾ ਦਿੰਦੀਆਂ ਹਨ ॥

ਕਸ਼ਮੀਰ ਅਤੇ ਹੋਰ ਹੋਰ ਪਹਾੜੀ ਦੇਸਾਂ ਵਿਖੇ ਲੋਕ ਮਧੁਮੱਖੀਆਂ ਪਾਲਦੇ ਹਨ, ਮਖੀਰ ਲਈ ਕੰਧ ਦੇ ਅੰਦਰ ਘਰ ਬਣਾ ਦਿੰਦੇ ਹਨ, ਉਸ ਵਿਖੇ ਦੋਹੀਂ ਪਾਸੀਂ ਮੂੰਹ ਰੱਖਦੇ ਹਨ, ਇੱਕ ਆਪਣੇ ਘਰ ਵਿਖੇ ਅੰਦਰਲੀ ਵੱਲ ਨੂੰ, ਅਤੇ ਦੂਜਾ ਬਾਹਰਲੀ ਵੱਲ, ਇਨ੍ਹਾਂ ਨੂੰ ਮਿੱਟੀ ਦੀਆਂ ਰਕੇਬੀਆਂ ਨਾਲ ਕੱਜ ਦਿੰਦੇ ਹਨ । ਬਾਹਰਲੀ

ਰਕੇਬੀ ਦੇ ਵਿਚਕਾਰ ਆਉਣ ਜਾਣ ਲਈ ਇੱਕ ਮਹੀਨ ਨਿੱਕਾ ਜਿੰਨਾ ਗੋਲ ਛੇਕ ਰਖਦੇ ਹਨ । ਬਾਹਲਾ ਬਰਖਾ ਕਾਲ ਤੇ ਥੋੜਾ ਫਿਰ ਮਗਰੋਂ ਮਖੀਰ ਚੋ ਲੈਂਦੇ ਹਨ। ਇੱਕ ਦਿਨ ਸਾਈਂ ਆਉਂਦਾ ਹੈ, ਇਨ੍ਹਾਂ ਦੇ ਘਰ ਦੇ ਦੋਵੇਂ ਬੂਹੇ ਖੋਲ੍ਹ ਦਿੰਦਾ ਹੈ, ਅਤੇ ਆਪਣੇ ਘਰ ਦੇ ਅੰਦਰੋਂ ਮਖੀਰਨੂੰ ਧੂੰਆਂ ਦਿੰਦਾ ਹੈ,ਮਖੀਰ ਉੱਤੇ ਮੱਖੀਆਂ ਦੇ ਦਲਾਂ ਦੇ ਦਲ ਬੈਠੇ ਹੁੰਦੇ ਹਨ, ਧੂੰਏ ਨਾਲ ਇਨ੍ਹਾਂਦੇ ਸਾਹ ਘੁੱਟਣ ਲੱਗਦੇ ਹਨ, ਬਾਹਰਲੀ ਵੱਲੋਂ ਨਿਕਲ ਨਿਕਲ ਕੇ ਉੱਡ ਜਾਂਦੀਆਂ ਹਨ। ਫੇਰ ਸਾਈਂ ਕੋਈ ਖੱਖਰਾਂ ਮਧੁ ਸਣੇ ਲੈਂਦਾ ਹੈ, ਬਾਕੀ ਮੱਖੀਆਂ ਲਈ ਛੱਡ ਦਿੰਦਾ ਹੈ, ਕਿ ਸਿਆਲੇ ਵਿੱਚ ਇਨ੍ਹਾਂ ਦੇ ਕੰਮ ਆਉਂਣ, ਕਿਉਂਕਿ ਇਸ ਰੁੱਤ ਵਿਖੇ ਉੱਥੇ ਫੁੱਲ ਮੁੱਢੋਂ ਨਹੀਂ ਹੁੰਦੇ ॥

ਪਰਮੇਸੁਰ ਦੀ ਰਚਨਾ ਵਿਖੇ ਕੋਈ ਅਜੇਹੀ ਵਸਤੁ ਨਹੀਂ, ਕਿ ਜਿਸ ਨੂੰ ਧਯਾਨ ਨਾਲ ਵੇਖਣ ਤੇ ਉਸ ਵਿੱਚੋਂ ਕੁਝ ਲਾਭ ਨਾ ਹੋਏ, ਕੋਈ ਜਨੌਰ, ਅਜੇਹਾ ਨਹੀਂ ਕਿ ਜਿਸ ਤੇ ਕੁਝ ਲਾਭ ਹੁੰਦਾ ਪ੍ਰਤੀਤ ਨਾ ਹੋਏ, ਪਰ ਸਾਰੀ ਸ੍ਰਿਸ਼ਟੀ ਵਿਖੇ ਮਧੁਮੱਖੀ ਕੋਲੋਂ ਵਧੀਕ ਉਪਦੇਸ਼ ਹੋਰ ਕਿਸੇ ਕੋਲੋਂ ਨਹੀਂ ਲੱਭਦਾ। ਇਹ ਨਿਕਾ ਜੇਹਾ ਕੀੜਾ ਸਾਨੂੰ ਅਚਰਜ ਗੱਲਾਂ ਦੱਸਦਾਹੈ,ਸੁੰਦਰਵਿਧਿ, ਆਗਯਾਕਾਰਤਾ,



ਸੇਉਂਕ,

L.E., MAYO SCHOOL OF ART, LAHORE.

ਪਰਿਸ਼੍ਰਮ, ਦਯਾ ਅਤੇ ਸਮਝ ਵਿਚਾਰ ਸਿਖਲਾਉਂਦਾ ਹੈ। ਇਹਦੇ ਘਰਦੇ ਕੰਮ ਕਾਜ ਅਤੇ ਉਪਾਵਾਂ ਤੇ ਉੱਤਮ ਬਿਧਿ ਸਿੱਖੋ, ਰਾਣੀ ਦੇ ਮਾਨ ਮਰਜਾਦਾ, ਨਿਯਮਾਂ ਅਤੇ ਬਿਧੀਆਂ ਦੀ ਅਧੀਨਤਾ ਤੇ ਆਗਯਾਕਾਰਤਾ ਦਾ ਉਪਦੇਸ਼ ਲਓ, ਸਦਾ ਅਪਣੇ ਕੰਮ ਵਿੱਚ ਲੱਗਿਆ ਰਹਿੰਦਾ ਹੈ, ਇਸ ਤੇ ਪੁਰਖਾਰਥ ਦੀ ਸਿੱਖਿਆ ਲਓ, ਬੱਚਿਆਂ ਨੂੰ ਕੇਹੇ ਸਨੇਹ ਅਤੇ ਯਤਨ ਨਾਲ ਪਾਲਦਾ ਹੈ, ਇਸ ਤੇ ਸਨੇਹ ਅਤੇ ਦਯਾ ਦਾ ਨਮੂਨਾ ਲਓ, ਅਤੇ ਉਨ੍ਹਾਲੇ ਵਿਖੇ ਵਡਾ ਪ੍ਰਸੰਨ ਹੋ ਉੱਦਮ ਕਰਦਾ ਹੈ, ਅਤੇ ਸਿਆਲੇ ਲਈ ਭੰਡਾਰਾ ਭਰਦਾ ਹੈ, ਇਸ ਕੋਲੋਂ ਦੂਰਅੰਦੇਸ਼ੀ ਦਾ ਪਾਠ ਸਿੱਖੋ॥

## ਸਿਉਂਕ

ਸਾਰੇ ਜਾਣਦੇ ਹਨ, ਕਿ ਇਹ ਕੇਹੀ ਸੱਤਯਾਨਾਸ ਕਰਨ ਵਾਲੀ ਹੈ, ਭਾਵੇਂ ਤੁਸਾਂ ਬੀ ਡਿੱਠਾ ਹੋਇਗਾ, ਕਿ ਇਨ੍ਹਾਂ ਦੁਖਦਾਈਆਂ ਕੀੜਿਆਂ ਨੇ ਚੰਗੀ ਪੱਕੀ ਦਰੀ ਨੂੰ ਰਾਤ ਭਰ ਵਿੱਚ ਛਾਨਣੀ ਕਰ ਦਿੱਤਾ ਹੈ, ਕਦੇ ਕਿਸੇ ਸੰਦੂਕ ਦਾ ਜੰਦ੍ਰਾ ਖੋਲ੍ਹਦੇ ਡਿੱਠਾ ਹੋਇਗਾ, ਕਿ ਦੁਸਾਰ ਛੇਕ ਕਰਕੇ ਰਾਹ ਬਨਾ ਲਏ ਹਨ, ਉਨ੍ਹਾਂ ਪੁਰ ਮਿੱਟੀ ਦੀ ਤਹ ਚੜ੍ਹਾ ਦਿੱਤੀ ਹੈ; ਅਤੇ ਜੋ ਵਸਤਾਂ ਅੰਦਰ ਰੱਖੀਆਂ

ਸਨ, ਸਾਰੀਆਂ ਖੇਹ ਨਾਲ ਰਲਾ ਦਿੱਤੀਆਂ ਹਨ। ਅਚਰਜ ਨਹੀਂ, ਅਜੇਹਾ ਬੀ ਹੋਇਆ ਹੋਏ, ਕਿ ਛੱਤ ਇੱਕੋ ਵਾਰਗੀ ਢੇ ਪਈ ਹੋਏ ਅਤੇ ਤੁਸੀਂ ਹੇਠਾਂ ਆਉਣ ਤੇ ਬਚ ਗਏ ਹੋ, ਵੇਖਣ ਨੂੰ ਤਾਂ ਕੜੀਆਂ ਭਲੀਆਂ ਚੰਗੀ-ਆਂ ਨਰੋਈਆਂ ਦਿਸਦੀਆਂ ਹੋਣਗੀਆਂ, ਪਰ ਸੇਉਂਕ ਨੇ ਅੰਦਰੋਂ ਗੁੱਲੀ ਖਾ ਲਈ ਹੋਇ, ਉੱਪਰ ਛਿੱਲੜ ਹੀ ਛਿੱਲੜ ਰਹਿ ਗਿਆ ਹੋਏ। ਇਸ ਪ੍ਰਕਾਰ ਅਨੇਕਾਂ ਦੀਆਂ ਜਾਨਾਂ ਗਈਆਂ ਹੋਣਗੀਆਂ। ਜੇ ਕਦੇ ਚੰਗੀ ਪ੍ਰਾਲਬਧ ਨਾਲ ਇਹ ਮਲੂਮ ਹੋ ਜਾਂਦਾ ਹੈ, ਕਿ ਸੇਉਂਕ ਨੇ ਅੰਦਰੋਂ ਲੱਕੜ ਖਾ ਲਈ ਹੈ, ਤਾਂ ਨਵੀਆਂ ਕੜੀਆਂ ਪਾਉਣ ਵਿੱਚ ਵੱਡੀ ਲਾਗਤ ਆਉਂਦੀ ਹੈ ॥

ਸੇਉਂਕ ਐਂਨੇ ਜਾਨ ਕਰਦੀ ਹੈ, ਫੇਰ ਬੀ ਇਸ ਦੀਆਂ ਗੱਲਾਂ ਦੇਖਕੇ ਇੱਕ ਬੜੀ ਮੌਜ ਬਣਦੀ ਹੈ। ਅਚ-ਰਜ ਆਉਂਦਾ ਹੈ, ਕਿ ਐਂਨਾਂ ਨਿੱਕਾ ਜੇਹਾ ਜਨੌਰ ਘਰਾਂ ਦੇ ਬਣਾਉਣ ਵਿੱਚ ਅਜੇਹਾ ਸੁਘੜ, ਅਤੇ ਘਰ ਬਾਰ ਦੇ ਕੰਮ ਕਾਜ ਵਿਖੇ ਅਜੇਹਾ ਚਤੁਰ ਹੈ ॥

ਬਹੁਤਿਆਂ ਦੇਸਾਂ ਵਿਖੇ ਅਨੇਕ ਪ੍ਰਕਾਰ ਦੀ ਸੇਉਂਕ ਹੁੰਦੀ ਹੈ। ਬਹੁਤੇਰੀਆਂ ਇਕੱਠੀਆਂ ਰਹਿੰਦੀਆਂ ਹਨ, ਅਤੇ ਸਦਾ ਵੱਡੇ ਵੱਡੇ ਜਾਨ ਕਰਦੀਆਂ ਹਨ ॥

ਬਹੁਤਿਆਂ ਕੀੜਿਆਂ ਦੀ ਤਰ੍ਹਾਂ ਸੇਉਂਕ ਤ੍ਰੈ ਰੂਪ ਨਹੀਂ ਵਟਾਉਂਦੀ। ਜਾਂ ਖੰਭ ਆ ਜਾਂਦੇ ਹਨ, ਤਾਂ ਇਨ੍ਹਾਂਦੇ ਚਾਰ ਪਰ ਹੁੰਦੇ ਹਨ, ਪਰ ਸਾਰੀਆਂ ਸੇਉਂਕਾਂ ਪਰਾਂ ਵਾਲੀਆਂ ਨਹੀਂ ਹੁੰਦੀਆਂ। ਜਿਨ੍ਹਾਂ ਦੇ ਖੰਭ ਨਹੀਂ ਹੁੰਦੇ ਓਹ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ, ਸਿਪਾਹੀ, ਅਤੇ ਕੰਮ ਵਾਲੀਆਂ। ਸਿਪਾਹੀ ਪਰਾਂ ਵਾਲਿਆਂ ਕੋਲੋਂ ਨਿੱਕੇ ਨਿੱਕੇ ਹੁੰਦੇ ਹਨ, ਅਤੇ ਕੰਮ ਵਾਲੀਆਂ ਸਿਪਾਹੀਆਂ ਕੋਲੋਂ ਨਿੱਕੀਆਂ ਹੁੰਦੀਆਂ ਹਨ॥

ਬਰਖਾਰੁੱਤ ਦੇ ਆਉਂਦੇ ਹੀ ਬੇਓੜਕ ਪਰਾਂ ਵਾਲੀਆਂ ਸੇਉਂਕਾਂ ਆਪਣਿਆਂ ਘਰਾਂ ਤੇ ਨਿਕਲ ਪੈਂਦੀਆਂ ਹਨ, ਜਾਂ ਰਾਤ ਨੂੰ ਵਾਉ ਬੰਦ ਹੁੰਦੀ ਹੈ, ਤਾਂ ਦੀਵਿਆਂ ਅਤੇ ਲਾਟਾਂ ਦਾ ਪ੍ਰਕਾਸ਼ ਦੇਖਕੇ ਹਜ਼ਾਰਾਂ ਸਾਡਿਆਂ ਘਰਾਂ ਵਿਖੇ ਆ ਜਾਂਦੀਆਂ ਹਨ,ਅਤੇ ਆਪਣਿਆਂ ਕੂਲਿਆਂ ਕੂਲਿਆਂ ਖੰਭਾਂ ਨੂੰ ਲੋ ਪੁਰੋਂ ਵਾਰ ਕੇ ਧਰਤੀ ਪੁਰ ਯਾ ਵਿਛੌਣਿਆਂ ਪੁਰਢੈ ਪੈਂਦੀਆਂ ਹਨ॥

ਇਨ੍ਹਾਂਦੇ ਖੰਭ ਐਉਂ ਬੀ ਚਿਰ ਤੀਕ ਨਹੀਂ ਰਹਿੰਦੇ, ਦੀਵਿਆਂ ਅਤੇ ਲਾਟਾਂ ਤੇ ਜੋ ਬਚ ਜਾਂਦੇ ਹਨ, ਉਨ੍ਹਾਂ ਦੀ ਬੀ ਇਹ ਸੂਰਤ ਹੁੰਦੀ ਹੈ, ਕਿ ਘਰੋਂ ਨਿਕਲੀਆਂ ਅਤੇ ਕੱਲ੍ਹ ਹੀ ਬੇਪਰ ਅਤੇ ਬੇਘਰ ਧਰਤੀ ਪੁਰ ਪਈਆਂ

ਮੁਰਕਦੀਆਂ ਹਨ। ਬਹੁਤ ਕੀੜੇ, ਵਧੇਰੇ ਕੀੜੀਆਂ ਇਨ੍ਹਾਂ ਦੀ ਭਾਲ ਵਿੱਚ ਰਹਿੰਦੀਆਂ ਹਨ, ਭਾਂਤ ਭਾਂਤ ਦੇ ਜਨੌਰ ਬੀ ਇਨ੍ਹਾਂ ਦਾ ਸ਼ਿਕਾਰ ਕਰਦੇ ਹਨ, ਬਹੁਤ ਘੱਟ ਹੀ ਬਚਦੀਆਂ ਹਨ। ਕੰਮ ਵਾਲੀਆਂ, ਕਿ ਜਿਨ੍ਹਾਂ ਦੇ ਝੁੰਡਾਂ ਦੇ ਝੁੰਡ ਏਧਰ ਓਧਰ ਘੁੰਮਦੇ ਰਹਿੰਦੇ ਹਨ, ਬਚੀਆਂ ਹੋਈਆਂ ਵਿੱਚੋਂ ਇੱਕ ਇੱਕ ਨਰ ਅਤੇ ਇੱਕ ਇੱਕ ਮਦੀਨ ਨੂੰ ਫੜਕੇ ਲੈ ਜਾਂਦੀਆਂ ਹਨ, ਅਤੇ ਉਨ੍ਹਾਂ ਨੂੰ ਆਪਣਾ ਰਾਜਾ ਅਤੇ ਰਾਣੀ ਬਣਾ ਲੈਂਦੀਆਂ ਹਨ,ਇਨ੍ਹਾਂ ਦੇ ਰਹਿਣ ਲਈ ਇੱਕ ਨਿੱਕਾ ਜੇਹਾ ਮਿੱਟੀ ਦਾ ਘਰ ਬਣਾ ਦਿੰਦੀਆਂ ਹਨ, ਅਤੇ ਬੂਹਾ ਐਡਾ ਰੱਖਦੀਆਂ ਹਨ, ਕਿ ਜਿਸ ਵਿੱਚੋਂ ਆਪ ਯਾ ਸਿਪਾਹੀ ਲੰਘ ਸੱਕਣ,ਰਾਜਾ ਅਤੇ ਰਾਣੀ ਨਿਕਲ ਨਾ ਸੱਕਣ। ਏਹ ਦੋਵੇਂ ਉਸ ਕੈਦਖ਼ਾਨੇ ਵਿੱਚ ਆਪਣੀ ਬਾਕੀ ਉਮਰ ਕੱਟਦੇ ਹਨ। ਕੰਮ ਵਾਲੀਆਂ ਇਨ੍ਹਾਂ ਲਈ ਬਰਾਬਰ ਭੋਜਨ ਪੁਚਾਉਂਦੀਆਂ ਰਹਿੰਦੀਆਂ ਹਨ, ਰਾਣੀ ਆਂਡੇ ਦੇਣ ਵਿੱਚ ਬਲਾ ਹੈ ਕਦੇ ਇੱਕ ਮਿਨਟ ਵਿਖੇ ਸੱਠ ਅਰਥਾਤ ਦਿਨਰਾਤ ਵਿਖੇ ਅੱਸੀ ਹਜ਼ਾਰ ਤੇ ਬੀ ਵਧੀਕ ਆਂਡੇ ਦਿੰਦੀ ਹੈ, ਅਤੇ ਇਸ ਹਾਲ ਵਿਖੇ ਦੋ ਵਰ੍ਹੇ ਜੀਉਂਦੀ ਹੈ, ਅੱਗੇ ਤੁਸੀਂ ਆਪ ਵਿਚਾਰ ਲਓ, ਕਿ ਕਿੰਨਾਂ ਟੱਬਰ ਹੋਇਆ॥

ਸੇਉਂਕਾਂ ਦੇ ਜੱਥੇ ਵਿਖੇ ਕੰਮ ਵਾਲੀਆਂ ਸਭਨਾਂ ਕੋਲੋਂ ਵਧੀਕ ਹੁੰਦੀਆਂ ਹਨ, ਅਤੇ ਸਿਪਾਹੀ ਸੌ-ਵਿੱਚੋਂ ਇੱਕ। ਕੰਮ ਵਾਲੀਆਂ ਘਰ ਬਨਾਉਂਦੀਆਂ ਹਨ, ਸੁਆ-ਰਦੀਆਂ ਰਹਿੰਦੀਆਂ ਹਨ, ਭੰਡਾਰ ਇਕੱਠਾ ਕਰਦੀਆਂ ਰਹਿੰਦੀਆਂ ਹਨ, ਰਾਜੇ ਅਤੇ ਰਾਣੀ ਦੇ ਦਰਬਾਰ ਵਿਖੇ ਵਿਦਜਮਾਨ ਰਹਿੰਦੀਆਂ ਹਨ, ਅਤੇ ਬਹੁਤ ਸਾਰੇ ਖ਼ਾਨੇ ਤਿਆਰ ਰੱਖਦੀਆਂ ਹਨ, ਜਿੱਥੇ ਰਾਣੀ ਨੇ ਆਂਡੇ ਦਿੱਤੇ, ਓਹ ਚੁੱਕਕੇ ਖ਼ਾਨੇ ਵਿੱਚ ਰੱਖ ਆਉਂਦੀਆਂ ਹਨ, ਇਨ੍ਹਾਂ ਖ਼ਾਨਿਆਂ ਦੀ ਸੋਝੀ ਰਖਦੀਆਂ ਹਨ, ਆਂਡਿਆਂ ਵਿੱਚੋਂ ਬੱਚੇ ਨਿਕਲਦੇ ਹਨ, ਤਾਂ ਦਾਈ ਦਾ ਕੰਮ ਦਿੰਦੀਆਂ ਹਨ, ਜਦ ਤਕ ਓਹ ਆਪ ਆਪਣਾ ਕੰਮ ਕਰਨੇ ਦੇ ਜੋਗ ਨਾ ਹੋਣ, ਉਨ੍ਹਾਂ ਨੂੰ ਪਾਲਦੀਆਂ ਹਨ, ਅਤੇ ਉਨ੍ਹਾਂ ਦੀ ਸੋਝੀ ਰਖਦੀਆਂ ਹਨ। ਏਹ ਆਪਣਾ ਕੰਮ ਸਦਾ ਅਨ੍ਹੇਰੇ ਵਿੱਚ ਕਰਦੀਆਂ ਹਨ ॥

ਸਿਪਾਹੀਆਂ ਦੇ ਸਿਰ ਅਤੇ ਜਬਾੜ੍ਹੇ ਵੱਡੇ ਵੱਡੇ ਹੁੰਦੇ ਹਨ, ਓਹ ਘਰ ਦਾ ਕੰਮ ਨਹੀਂ ਕਰਦੇ, ਸੰਤਰੀਆਂ ਵਾਕਰ ਰਾਖੀ ਕਰਦੇ ਹਨ, ਵੈਰੀ ਆਜਾਏ, ਤਾਂ ਉਸ ਨਾਲ ਲੜਦੇ ਹਨ, ਕੰਮ ਵਾਲੀਆਂ ਦੀ ਰੱਛਿਆ ਕਰਦੇ ਹਨ, ਰਾਜੇ ਅਤੇ ਰਾਣੀ ਦੀ ਰਖਵਾਲੀ ਕਰਨ ਵਿਖੇ ਲਗੇ ਰਹਿੰਦੇ ਹਨ॥

ਭਾਰਤਵਰਖ ਵਿਖੇ ਸੇਉਂਕ ਦੇ ਘਰ ਧਰਤੀਓਂ ਹਿਠਾਹਾਂ ਹੁੰਦੇ ਹਨ, ਕੰਮ ਵਾਲੀਆਂ ਉਨ੍ਹਾਂਹੀ ਵਿੱਚ ਬੱਚਿਆਂ ਲਇਾ ਬਹੁਤ ਸਾਰੇ ਖ਼ਾਨੇ ਅਤੇ ਭੰਡਾਰ ਲਈ ਕੋਠੜੀਆਂ ਬਣਾ ਦਿੰਦੀਆਂ ਹਨ, ਅਤੇ ਉਨ੍ਹਾਂ ਵਿੱਚ ਆਉਣ ਜਾਣ ਲਈ ਰਾਹ ਰੱਖਦੀਆਂ ਹਨ, ਧਰਤੀਓਂ ਹੇਠਾਂ ਬੀ ਦੂਰ ਦੂਰ ਤਕ ਮਿੱਟੀ ਖੋਤਰਕੇ ਰਾਹ ਬਣਾਉਂਦੀਆਂ ਹਨ, ਕਿ ਭੋਜਨਦੀ ਭਾਲਵਿੱਚ ਨਿਕਲਦੀਆਂ ਹਨ, ਤਾਂ ਏਹੀਓ ਇਨ੍ਹਾਂ ਦੀਆਂ ਸੜਕਾਂ ਹੋਜਾਂਦੀਆਂ ਹਨ। ਬਹੁਤਿਆਂ ਘਰਾਂ ਦੀਆਂ ਕੰਧਾਂ ਵਿਖ ਬੀ ਰਾਹ ਕੱਢ ਲੈਂਦੀਆਂ ਹਨ, ਵਧੇਰੇ ਕੱਚੀਆਂ ਕੰਧਾਂ ਵਿਖੇ, ਕਿਉਂਕਿ ਇਨ੍ਹਾਂ ਦੀ ਮਿੱਟੀ ਵਿਖੇ ਤੂੜੀ ਰਲੀ ਹੁੰਦੀ ਹੈ, ਅਤੇ ਓਹ ਇਨ੍ਹਾਂ ਦਾ ਖਾਜਾ ਹੈ। ਇਨ੍ਹਾਂ ਹੀ ਰਾਹਾਂ ਤੇ ਕੜੀਆਂ ਤਕ ਜਾ ਪਹੁੰਚਦੀਆਂ ਹਨ, ਲੱਕੜ ਦੀ ਜਾਨ ਪੀ ਜਾਂਦੀਆਂ ਅਤੇ ਕਾਲਜਾ ਖਾ ਜਾਂਦੀਆਂ ਹਨ, ਅਤੇ ਅੰਦਰ ਸੁੱਕੀ ਮਿੱਟੀ ਭਰ ਦਿੰਦੀਆਂ ਹਨ, ਕਦੇ ਇਸੇ ਪ੍ਰਕਾਰ ਰੱਖਾਂ ਪੁਰ ਬੀ ਰਾਹ ਕਰਕੇ ਚੜ੍ਹ ਜਾਂਦੀਆਂ ਹਨ, ਇਨ੍ਹਾਂ ਦੀਆਂ ਪੱਟੀਆਂ ਹੋਈਆਂ ਸੜਕਾਂ ਕਦੇ ਕਦੇ ਕੜੀਆਂ, ਕੰਧਾਂ ਅਤੇ ਬਿਰਛਾਂ ਦੀਆਂ ਟਾਹਣੀਆਂ ਪੁਰ ਬੀ ਬਾਹਰਵਾਰ ਦਿਸਦੀਆਂ ਹਨ॥


ਲਾਖ ਦਾਕੀ

ਕਦੇ ਕਦੇ ਨਾਗਫਨ ਥੋਹਰ, ਯਾ ਕਿਸੇ ਹੋਰ ਛੋਟੀ ਝਾੜੀ ਪੁਰ, ਜਿਸ ਨੂੰ ਏਹ ਖਾ ਜਾਂਦੀਆਂ ਹਨ, ਮਿੱਟੀ ਦਾ ਇਕ ਢੇਰ ਇਕੱਠਾ ਕਰ ਦਿੰਦੀਆਂ ਹਨ। ਕਈਆਂ ਦੇਸਾਂ ਵਿਖੇ ਆਪਣੇ ਵੱਸਣ ਲਈ ਮਿੱਟੀ ਦੇ ਟਿੱਲੇ ਬਣਾ ਲੈਂਦੀਆਂ ਹਨ। ਏਹ ਟਿੱਲੇ ਅਫ਼ਰੀਕਾ ਵਿਖੇ ਬਹੁਤੇ ਬਾਰਾਂ ਫੁੱਟਾਂ ਕਦੇ ਸੋਲਾਂ ਫੁੱਟਾਂ ਤਕ ਪਹੁੰਚ ਜਾਂਦੇ ਹਨ, ਅਤੇ ਅਜੇਹੇ ਪੱਕੇ ਹੁੰਦੇ ਹਨ, ਕਿ ਮਨੁੱਖ ਯਾ ਚੌਖੁਰ ਚੜ੍ਹ ਜਾਏ, ਤਾਂ ਬੀ ਉਨ੍ਹਾਂ ਨੂੰ ਖਬਰ ਨਾ ਹੋਏ ॥

## ਲਾਖ ਦਾ ਕੀੜਾ

ਕਸ਼ਮੀਰੀ ਲਿਲਾਰੀਆਂ ਦਿਆਂ ਕਾਰਖ਼ਾਨਿਆਂ ਵਿਖੇ ਭਾਵੇਂ ਤੁਸਾਂ ਡਿਠਾ ਹੋਇਗਾ, ਕਿ ਲਾਲ ਲਾਲ ਉੱਨੀ ਕੱਪੜੇ ਪਏ ਸੁੱਕਦੇ ਹਨ, ਜੇ ਲਿਲਾਰੀ ਕੋਲੋਂ ਪੁੱਛੋ ਕਿ ਏਹ ਸੁਹਣਾ ਰੰਗ ਕਿਸ ਵਸਤੂ ਵਿੱਚੋਂ ਨਿਕਲਿਆ ਹੈ, ਉਹ ਉੱਤਰ ਦੇਵੇਗਾ, ਕਿ ਮੌਲ ਜੀ! ਇਹ ਰੰਗ ਲਾਖਦਾ ਹੈ। ਭਾਵੇਂ ਤੁਹਾਨੂੰ ਮਲੂਮ ਨਹੀਂ, ਇਹ ਸੁੰਦਰ ਰੰਗ ਇਕ ਨਿੱਕੇ ਜੇਹੇ ਕੀੜੇ ਵਿੱਚੋਂ ਨਿਕਲਦਾ ਹੈ, ਅਤੇ ਉੱਸੇ ਤੋਂ ਹ ਚਪੜਾ ਲਾਖ ਨਿਕਲਦੀ ਹੈ, ਜੋ ਅਨੇਕਾਂ ਹੀ ਵਸਤਾਂ ਦੇ ਬਣਾਉਣ ਦੇ ਕੰਮ ਆਉਂਦੀ ਹੈ ॥

ਤੁਸਾਂ ਬਹੁਤ ਵਾਰ ਦੇਖਿਆ ਹੋਇਗਾ, ਕਿ ਬੇਰ ਦੀਆਂ ਟਾਹਣੀਆਂ ਉੱਪਰ ਨਿੱਕੇ ਨਿੱਕੇ ਬੁਲ ਬੁਲੇ ਜੇਹੇ ਉੱਠੇ ਹੋਏ ਹੁੰਦੇ ਹਨ, ਦੇਖਣ ਨੂੰ ਸ਼ੀਸ਼ੇ ਵਾਕਰ ਸਾਫ਼, ਹੱਥ ਲਾਓ ਤਾਂ ਕੁਝ ਚਿਪ ਚਿਪੇ, ਲਾਖ ਦਿਆਂ ਕੀੜਿਆਂ ਦੇ ਏਹੋ ਘਰ ਹਨ, ਅਤੇ ਏਹੋ ਇਨ੍ਹਾਂ ਵਿਚਾਰਿਆਂ ਦੀਆਂ ਸਮਾਧਾਂ ਹਨ। ਇਹ ਨਿੱਕਾ ਜੇਹਾ ਕੀੜਾ ਪੱਧਰਾ ਗੋਲ ਹੁੰਦਾ ਹੈ, ਰੰਗ ਗੂੜ੍ਹਾ ਲਾਲ, ਬ੍ਰਿਖਾਂ ਦਾ ਚਿਪ ਚਿਪਾ ਰਸ ਪੀਂਦਾ ਹੈ, ਬਾਹਲਾ ਪਿੱਪਲ, ਪਲਾਹ, ਅਤੇ ਬਹੁਤਾ ਬੇਰੀ ਪੁਰ ਰਹਿੰਦਾ ਹੈ, ਜੋ ਬੰਜਰ ਭੋਂ ਵਿਖੇ ਬਹੁਤ ਹੁੰਦੀ ਹੈ। ਜਦ ਮਦੀਨ ਕਿਸੇ ਟਾਹਣੀ ਦਾ ਰਸ ਚੂਪਦੀ ਹੈ, ਤਾਂ ਟਾਹਣੀ ਵਿੱਚੋਂ ਇਕ ਲੇਸ ਜੇਹੀ ਨਿਕਲਦੀ ਹੈ, ਅਤੇ ਇਸਦੇ ਦੁਆਲੇ ਚੰਬੜ ਜਾਂਦੀ ਹੈ, ਮਦੀਨ ਉਸ ਵਿਖੇ ਇਕ ਨਿੱਕੀ ਜੇਹੀ ਪੋਟਲੀ, ਵਾਕਰ ਦਿਸਦੀ ਹੈ, ਜੋ ਅਣੂ ਦੇ ਬਰਾ-ਬਰ ਹੋਇ, ਲਾਲ ਰੰਗ ਨਾਲ ਭਰੀ ਹੋਈ। ਇੱਸੇ ਲਾਲ ਰੰਗ ਤੇ ਲਾਖ ਦਾ ਰੰਗ ਬਣਦਾ ਹੈ, ਕਿ ਜਿਸ ਨਾਲ ਵਸਤਾਂ ਰੰਗੀ-ਆਂ ਜਾਂਦੀਆਂ ਹਨ। ਜਿਸ ਚੀਜ਼ ਵਿਖੇ ਮਦੀਨ ਬੰਦ ਹੈ, ਓਹ ਵਾਉ ਨਾਲ ਸੁੱਕਕੇ ਲਾਖ ਬਣ ਜਾਂਦੀ ਹੈ। ਚੀਪ ਤੇ ਜੋ ਘਰ ਜਿਹਾ ਬਣ ਗਿਆ ਹੈ, ਉਸ ਵਿਖੇ ਮਦੀਨ ਬਹੁਤ ਸਾਰੇ ਆਂਡੇ ਦਿੰਦੀ ਹੈ, ਬਰਸਾਤ ਤੇ ਕੁਝ ਹੀ ਪਹਿਲਾਂ ਇਨ੍ਹਾਂ

ਵਿੱਚੋਂ ਬੱਚੇ ਨਿਕਲ ਆਉਂਦੇ ਹਨ, ਓਹ ਅੰਦਰੋ ਅੰਦਰ ਮਾਂ ਦਾ ਸਰੀਰ ਖਾਕੇ ਬਾਹਰ ਆਉਂਣ ਲਈ ਰਾਹ ਬਣਾ ਲੈਂਦ ਹਨ, ਅਤੇ ਟਾਹਣੀ ਪੁਰ ਐਂਨੇ ਬਹੁਤ ਖਿੱਲਰਦੇ ਹਨ, ਕਿ ਜੋ ਵੇਤਦਿਆਂ ਲਾਲ ਲਾਲ ਕਿਣਕਿਆਂ ਨਾਲ ਕੱਜੀ ਹੋਈ ਪ੍ਰਤੀਤ ਹੁੰਦੀ ਹੈ । ਇਕ ਟਾਹਣੀ ਪੁਰ ਇਨ੍ਹਾਂ ਦੀਆਂ ਕੋਈ ਕੋਈ ਪੀੜ੍ਹੀਆਂ ਬੀਤ ਜਾਂਦੀਆਂ ਹਨ, ਇੱਸ ਲਈ ਇਸ ਪੁਰ ਲਾਖ ਦੀ ਮੋਟੀ ਤਹਿ ਜੰਮ ਜਾਂਦੀ ਹੈ । ਲਾਖ ਸੌ ਹਜ਼ਾਰ ਨੂੰ ਕਹਿੰਦੇ ਹਨ, ਇਹ ਕੀੜੇ ਜਿਸ ਰੁੱਖ ਪਰ ਰਹਿੰਦੇ ਹਨ, ਉੱਥੇ ਢੇਰਾਂ ਦੇ ਢੇਰ ਹੰਦੇ ਹਨ, ਇਸੇ ਲਈ ਇਨ੍ਹਾਂ ਦਾ ਇਹ ਨਾਉਂ ਪੈ ਗਿਆ ਹੈ । ਇਨ੍ਹਾਂ ਵਿੱਚ ਮਦੀਨਾਂ ਬਹੁਤ ਹੁੰਦੀਆਂ ਹਨ, ਨਰ ਘੱਟ ਹੁੰਦੇ ਹਨ। ਜਾਂ ਨਰ ਆਯੂ ਦੇ ਪੱਕੇ ਹੋ ਜਾਂਦੇ ਹਨ, ਤਾਂ ਉਨ੍ਹਾਂ ਦੇ ਦੋ ਖੰਭ ਨਿਕਲ ਆਉਂਦੇ ਹਨ ॥

ਜਿਨ੍ਹਾਂ ਟਾਹਣੀਆਂ ਉੱਤੇ ਲਾਖ ਹੁੰਦੀ ਹੈ, ਸਾਲ ਵਿੱਚ ਉਨ੍ਹਾਂ ਨੂੰ ਦੋ ਵਾਰ ਇਕੱਠਾ ਕਰਦੇ ਹਨ, ਪਹਿਲਾਂ ਉਨ੍ਹਾਲ ਦੇ ਲਗਦਿਆਂ ਮਦੀਨ ਦੇ ਆਂਡੇ ਦੇਣ ਤੇ ਮੁਹਰੇ, ਕਿਉਂਕਿ ਉਸ ਵੇਲੇ ਇਸ ਦੇ ਸਰੀਰ ਵਿਖੇ ਰੱਤ ਭਰੀ ਹੁੰਦੀ ਹੈ, ਅਤੇ ਰੰਗ ਲੈਣ ਲਈ ਇਹੋ ਸਮਯ ਚੰਗਾ ਹੈ, ਅਤੇ ਫੇਰ ਬਰਸਾਤ ਲੰਘੇ, ਇਸ ਵੇਲੇ ਰੰਗ ਘੱਟ ਰਹਿ ਜਾਂਦਾ ਹੈ ॥

ਜਾਂ ਟਾਹਣੀਆਂ ਨੂੰ ਇਕੱਠਾ ਕਰ ਲੈਂਦੇ ਹਨ, ਤਾਂ ਲਾਖ ਨੂੰ ਕੀੜਿਆਂ ਸਣੇ ਉਨ੍ਹਾਂ ਪੁਰੋਂ ਲਾਹ ਲੈਂਦੇ ਹਨ, ਇਹਦਾ ਨਾਉਂ ਕੱਚੀ ਲਾਖ ਹੈ। ਫੇਰ ਪਾਣੀ ਵਿੱਚ ਭੇਉਂ ਛੱਡਦੇ ਹਨ, ਕਿ ਜਿਸ ਤੇ ਰੰਗ ਨਿਕਲ ਆਉਂਦਾ ਹੈ। ਭੇਉਣ ਤੇ ਲਾਖ ਦੀਆਂ ਡਲੀਆਂ ਟੁੱਟਕੇ ਚੂਰ ਹੋ ਜਾਂਦੀਆਂ ਹਨ, ਇਸ ਨੂੰ ਦਾਣਾ ਲਾਖ ਕਹਿੰਦੇ ਹਨ॥

ਲਾਖ ਦਾਣੇ ਨੂੰ ਇੱਕ ਕਪੜੇ ਵਿੱਚ ਲਪੇਟ ਲੈਂਦੇ ਹਨ ਅਤੇ ਉਸਨੂੰ ਕੋਲੇ ਦੀ ਅੱਗ ਪੁਰ ਸੇਕਦੇ ਹਨ, ਜਾਂ ਓਹ ਢਲ ਜਾਂਦੀ ਹੈ, ਤਾਂ ਕੱਪੜੇ ਨੂੰ ਵੱਟ ਚਾੜ੍ਹ ਕੇ ਨਚੋੜਦੇ ਹਨ, ਪਿਘਲੀ ਹੋਈ ਲਾਖ ਉਸ ਵਿੱਚੋਂ ਛਣ ਜਾਂਦੀ ਹੈ, ਉਸਨੂੰ ਕੇਲੇ ਦਿਆਂ ਕਲਿਆਂ ਕੂਲਿਆਂ ਪੱਤਰਾਂ ਪੁਰ ਸਿੱਟਕੇ ਠੰਡਾ ਕਰਦੇ ਹਨ। ਇਸ ਤਰ੍ਹਾਂ ਪਤਲੇ ਪਤਲੇ ਪੱਤਰੇ ਬਣ ਜਾਂਦੇ ਹਨ, ਇਸ ਨੂੰ ਚਪੜਾ ਲਾਖ ਕਹਿੰਦੇ ਹਨ, ਜੋ ਬਜ਼ਾਰਾਂ ਵਿੱਚ ਬਿਕਦੀ ਹੈ॥

ਮੁਹਰ ਲਾਉਣ ਵਾਲੀ ਲਾਖ ਵਿਖੇ ਰੰਗ ਅਤੇ ਹੋਰ ਵਸਤਾਂ ਬੀ ਰਲਾਉਣੀਆਂ ਪੈਂਦੀਆਂ ਹਨ, ਲਾਖਦੀਆਂ ਵੰਙਾਂ ਬੀ ਬਣਦੀਆਂ ਹਨ, ਕਿ ਜਿਨ੍ਹਾਂ ਉੱਤੇ ਟੋਤ ਅਰ ਪਨੀ ਲਾਉਂਦੇ ਹਨ, ਭਾਰਤਵਰਖ ਦੀਆਂ ਇਸਤ੍ਰੀਆਂ ਇਨ੍ਹਾਂ ਨੂੰ ਬਹੁਤ ਪਹਿਨਦੀਆਂ ਹਨ। ਲਾਖ ਵਿਖੇ ਮੋਮ

ਗੰਧਕ ਅਤੇ ਕਈ ਰੰਗ ਰਲਾਕੇ ਰੰਗ ਬਣਾਉਂਦੇ ਅਤੇ ਕੱਚ ਦੀਆਂ ਵੰਙਾਂ ਅਤੇ ਲੱਕੜ ਦੀਆਂ ਵਸਤਾਂ ਪੁਰ ਚੜ੍ਹਾਉਂਦੇ ਹਨ, ਬਾਹਲੇ ਖ਼ਰਾਦੀ ਲੋਕ ਇਸਨੂੰ ਬਹੁਤ ਵਰਤਦੇ ਹਨ, ਪਲੰਘਾਂ ਦਿਆਂ ਪਾਵਿਆਂ ਨੂੰ, ਡੱਬੀਆਂ ਅਤੇ ਡੱਬਿਆਂ ਖਿਲੌਣਿਆਂ, ਕਾਠ ਦੀਆਂ ਹੋਰਨਾਂ ਵਸਤਾਂ ਪੁਰ ਜੋ ਘਰਾਂ ਨੂੰ ਸਿੰਗਾਰਨ ਲਈ ਹੁੰਦੀਆਂ ਹਨ, ਰੰਗ ਚਾੜ੍ਹਦੇ ਹਨ, ਅਤੇ ਲਾਖ ਦੇ ਕਾਰਣ ਭਾਂਤ ਭਾਂਤ ਦੇ ਰੂਪ ਰੰਗ ਦਿਖਾਉਂਦ ਹਨ। ਜਾਂ ਕੋਈ ਕਾਰੀਗਰ ਇਹ ਚੜ੍ਹਾਉਂਦਾ ਹੈ, ਤਾਂ ਅਚਰਜ ਰਸ ਆਉਂਦਾ ਹੈ, ਭਾਂਤ ਭਾਂਤ ਦੇ ਨਮੂਨੇ ਬਣਾਉਂਦਾ ਹੈ, ਕਿਹੀ ਛੋਟੀ ਕੰਮ ਕਰਦਾ ਹੈ, ਕਿਹਾ ਇਕ ਇਕ ਰੰਗ ਨੂੰ ਖੋ ਵੱਖਰਾ ਕਰਕੇ ਦਿਖਲਾਉਂਦਾ ਹੈ॥

ਲਾਖ ਦੇ ਰੰਗ ਨੂੰ ਪਤਲਾ ਹੀ ਰੱਖਦੇ ਹਨ, ਪਰ ਕਦੇ ਕਦੇ ਪਾਣੀ ਸੁਕਾਕੇ ਰੰਗਦੀਆਂ ਟਿੱਕੀਆਂ ਬੀ ਬਣਾ ਲੈਂਦੇ ਹਨ। ਘਟ ਮੁੱਲਾ ਪੱਟ ਅਤੇ ਉੱਨੀ ਕੱਪੜੇ ਜਿਹੀ ਕਿ ਲੋਈਆਂ ਆਦਿਕ ਲਾਖ ਦੇ ਰੰਗ ਨਾਲ ਰੰਗੀਆਂ ਜਾਂਦੀਆਂ ਹਨ, ਖਟੀਕ ਅਰਥਾਤ ਚਮਰੰਗ ਲੋਗ ਇਸ ਨਾਲ ਭੇਡਾਂ ਅਤੇ ਬੱਕਰੀਆਂ ਦੀਆਂ ਖੱਲਾਂ ਰੰਗਦੇ ਹਨ, ਰਾਜ ਲੋਕ ਘਰ ਵਿਖੇ ਭਾਂਤ ਭਾਂਤ ਦੇ ਬੰਨ ਸਬੰਨੇ ਬੂਟੇ




S.S. | MAYO SCHOOL OF ART, LAHORE.

ਵੇਲਾਂ ਬਨਾਉਂਦੇ ਹਨ, ਚਿਤ੍ਰਕਾਰ ਅਤੇ ਕੁਮਾਂਗਰ ਬੀ ਆਪੋ ਆਪਣੀਆਂ ਚਤੁਰਾਈਆਂ ਦੱਸਦੇ ਹਨ ॥

ਕਿਰਮ ਦਾ ਰੰਗ ਵਧੀਕ ਮੁਲ੍ਹਾ ਹੁੰਦਾ ਹੈ,ਇਸ ਨਾਲ ਵਡਮੁੱਲਾ ਪੱਟ ਅਤੇ ਸ਼ਾਲਾਂ ਅਰ ਦੁਸ਼ਾਲੇ ਰੰਗੇ ਜਾਂਦੇ ਹਨ। ਇਹ ਰੰਗ ਬੀ ਇੱਕ ਅਜਿਹੇ ਹੀ ਕੀੜੇ ਤੋਂ ਬਣਦਾ ਹੈ, ਪਰ ਇਸਦਾ ਕੀੜਾ ਨਾਗਫਣੀ ਥੋਹਰ ਪੁਰ ਰਹਿੰਦਾ ਹੈ। ਭਾਰਤਵਰਖ ਵਿਖੇ ਇਹ ਰੰਗ ਹੋਰਨਾਂ ਦੇਸਾਂ ਤੇ ਆਉਂਦਾ ਹੈ, ਇੱਥੇ ਕਿਤੇ ਕਿਤੇ ਹੁੰਦਾ ਹੈ, ਓਹ ਬੀ ਬਹੁਤ ਥੋੜਾ ॥

## ਮਗਰਮੱਛ

ਇਹ ਵੱਡਾ ਗੁਸੈਲਾ ਅਤੇ ਡਰਾਉਣਾ ਜਨੌਰ ਹੈ, ਸ਼ਿਕਾਰੀ ਜਨੌਰਾਂ ਵਿਖੇ ਸਾਰਿਆਂ ਕੋਲੋਂ ਬਲਵਾਨ ਹੈ, ਬਹੁਤਾ ਨਦੀਆਂ ਵਿਖੇ ਰਹਿੰਦਾ ਹੈ, ਕਿਤੇ ਕਿਤੇ ਸਮੁੰਦਰ ਵਿਖੇ ਭੀ ਮਿਲਦਾ ਹੈ, ਪਰ ਕੰਢਿਓਂ ਦੂਰ ਨਹੀਂ ਜਾਂਦਾ। ਇੱਕ ਹੋਰ ਪ੍ਰਕਾਰ ਦਾ ਮਗਰਮੱਛ ਹੈ, ਜੋ ਬਹੁਤਾ ਛੰਭਾਂ ਵਿਖੇ ਰਹਿੰਦਾ ਹੈ,ਪਰ ਇਨ੍ਹਾਂ ਦੋਹਾਂ ਵਿਖੇ ਕੁਝ ਬੜਾ ਭੇਦ ਨਹੀਂ ਹੁੰਦਾ। ਮਗਰਮੱਛ ਦਾ ਆਕਾਰ ਅਜਿਹਾ ਹੁੰਦਾ ਹੈ, ਕਿ ਜਿੱਕੁਰ ਵੱਡੀ ਸਾਰੀ ਕਿਰਲੀ, ਚੌੜਾ ਚਬੜਾ ਮੂੰਹ

ਜਬਾੜ੍ਹਿਆਂ ਵਿਖੇ ਵੱਡੀਆਂ ਵੱਡੀਆਂ ਦੰਦੀਆਂ*ਪੰਡੀਲਾਂ ਜਿਨ੍ਹਾਂ ਤੇ ਵੱਡੀ ਡਰਾਉਣੀ ਅਤੇ ਭਯਾਣਕ † ਨੁਹਾਰ ਬਣ ਜਾਂਦੀ ਹੈ, ਸਰੀਰ ਪੁਰ ਸਿੰਗ ਦਿਆਂ ਛਿਲਕਿਆਂ ਵਰਗੇ ਛਿੱਲੜ ਛਾਏ ਹੁੰਦੇ ਹਨ, ਬਚਾਓ ਲਈ ਪਿੱਠ ਪੁਰ ਲੰਮੀ ਅਤੇ ਮੋਟੀ ਹੱਡੀ ਦੀਆਂ ਢਾਲਾਂ, ਚਾਰ ਨਿਕੀਆਂ ਨਿਕੀਆਂ ਤਕੜੀਆਂ ਲਤਾਂ, ਅਗਲਿਆਂ ਪੈਰਾਂ ਵਿਖੇ ਪੰਜ ਅਤੇ ਪਿਛਲਿਆਂ ਵਿਖੇ ਚਾਰ ਉਂਗਲੀਆਂ, ਹਰ ਪੈਰ ਦੀਆਂ ਤ੍ਰੈ ਅੰਦਰ ਵਾਲੀਆਂ ਉਂਗਲੀਆਂ ਵਿੱਚ ਨਹੁੰ, ਪੈਰ ਦੇ ਪਾਸ ਅੰਗੁਲੀਆਂ ਪੁਰ ਝਿੱਲੀ ਛਾਈ ਹੋਈ, ਜਿਸ ਤੇ ਤਰਨ ਵਿਖੇ ਬੜਾ ਸਹਾਰਾ ਮਿਲਦਾ ਹੈ, ਪੀਲਾ ਸਾਵੀ ਭਾਹ ਮਾਰਦਾ ਰੰਗ, ਉਸ ਪੁਰ ਕਾਲੇ ਕਾਲੇ ਟਿਪਕਣੇ, ਅੱਖਾਂ ਪੁਰ ਪਿੱਪਣੀਆਂ ਜਿਨ੍ਹਾਂ ਨਾਲ ਖੁਲ੍ਹਦੀਆਂ ਮਿਟ-ਦੀਆਂ ਹਨ, ਕੰਨਾਂ ਪੁਰ ਭੀ ਖੁਲ੍ਹਣ ਮੀਟਣ ਵਾਲੇ ਢੱਪਨ, ਇਸ ਲਈ ਜਾਂ ਚੁੱਭੀ ਮਾਰੇ ਉਨ੍ਹਾਂ ਵਿਖੇ ਜਲ ਨ ਭਰ ਜਾਏ, ਜੀਭ ਪੱਠਿਆਂ ਵਾਕਰ ਨਿੱਗਰ, ਅਤੇ ਅਜਿਹੀ ਮੋਟੀ, ਕਿ ਜਿਹਾ ਮਾਸ ਦਾ ਵੱਡਾ ਲੋਥੜਾ, ਇਹ ਹੇਠਲੇ ਜਬੜੇ ਨਾਲ ਚੰਬੜੀ ਹੁੰਦੀ ਹੈ, ਇਸੇ ਲਈ ਲੋਕ ਕਹਿੰਦੇ ਹਨ, ਕਿ ਮਗਰਮੱਛ ਦੀ ਜੀਭ ਹੀ ਨਹੀਂ ਹੁੰਦੀ।

---

* ਪਾਲਾਂ। † ਸੂਰਤ।

ਲੰਮੀ ਅਤੇ ਵੱਡੀ ਤਕੜੀ ਪੂਛਲ, ਉਸ ਪੁਰ ਬਰਾਬਰ ਬਰਾਬਰ ਕੰਡਿਆਂ ਦੀ ਪੰਡੀਲ, ਜਾਂ ਤਰਦਾ ਹੈ ਤਾਂ ਅਗਾਹਾਂ ਵਧਣ ਲਈ ਪੂਛ ਦਾ ਵੱਡਾ ਸਹਾਰਾ ਹੁੰਦਾ ਹੈ ਮਗਰਮੱਛ ਵੀਹਾਂ ਫੁੱਟਾਂ ਕੋਲੋਂ ਵਧੀਕ ਲੰਮਾ ਹੁੰਦਾ ਹੈ ਅਤੇ ਕਈ ਤੀਹਾਂ ਫੁੱਟਾਂ ਤੇ ਭੀ॥

ਮਗਰਮੱਛ ਬਹੁਤਾ ਨਦੀਆਂ ਦੇ ਕੰਢੇ ਕਾਲੇ ਚਿੱਕੜ ਪੁਰ ਪਏ ਧੁੱਪ ਸੇਕਦੇ ਰਹਿੰਦੇ ਹਨ, ਦੂਰੋਂ ਵੇਖੋ ਤਾਂ ਐਉਂ ਜਾਪਦੇ ਹਨ, ਕਿ ਜਿਉਂ ਚਿੱਕੜ ਨਾਲ ਲਿੱਬੜੀਆਂ ਹੋਈਆਂ ਗੇਲੀਆਂ ਹੁੰਦੀਆਂ ਹਨ। ਅਜਿਹੇ ਅਚੇਤ ਸੌਂਦੇ ਹਨ, ਕਿ ਅਗਨ ਬੋਟ ਬੜੇ ਉੱਚੇ ਉੱਚੇ ਗੜ ਗੜਾਉਂਦੇ ਅਤੇ ਛਿੱਟਾਂ ਉਡਾਉਂਦੇ ਕੋਈ ਦਸਾਂ ਗਜਾਂ ਦੀ ਵਿੱਥ ਪੁਰੋਂ ਲੰਘ ਜਾਂਦੇ ਹਨ, ਇਨ੍ਹਾਂ ਨੂੰ ਖ਼ਬਰ ਬੀ ਨਹੀਂ ਹੁੰਦੀ, ਮੱਛੀਆਂ ਕੱਛੂਕੁੰਮੇ ਅਤੇ ਮੁਰਦਾਰ ਖਾਂਦੇ ਹਨ, ਜੋ ਜਨੌਰ ਕੰਢੇ ਪੁਰ ਪਾਣੀ ਪੀਣ ਆਉਂਦੇ ਹਨ, ਉਨ੍ਹਾਂ ਨੂੰ ਬੀ ਆਕੇ ਫੜ ਲੈਂਦੇ ਹਨ, ਅਤੇ ਐਂਨਾ ਚਿਰ ਜਲ ਦੇ ਅੰਦਰ ਦੱਬੀ ਰੱਖਦੇ ਹਨ, ਕਿ ਓਹ ਸਾਹ ਘੁੱਟ ਕੇ ਮਰ ਜਾਂਦੇ ਹਨ, ਪਰ ਖਾਂਦੇ ਤਦੇ ਹਨ, ਕਿ ਜਦ ਮਾਸ ਸੜਨ ਲਗਦਾ ਹੈ॥

ਨ੍ਹਾਉਂਦਿਆਂ ਪੁਰਖਾਂ ਇਸਤ੍ਰੀਆਂ ਅਤੇ ਬਾਲਾਂ ਨੂੰ ਭੀ ਲੈ ਜਾਂਦੇ ਹਨ, ਇੱਸੇ ਲਈ ਕਿਤੇ ਕਿਤੇ ਇਨ੍ਹਾਂ ਤੇ ਰੱਛਿਆ ਲਈ ਨਦੀ ਵਿਖੇ ਘਾਟਾਂ ਦੇ ਮੂਹਰੇ ਲੱਕੜੀਆਂ ਗੱਡ ਦਿੰਦੇ ਹਨ, ਕਿ ਲੋਕ ਨਿਸਚਿੰਤ ਹੋਕੇ ਨ੍ਹਾਉਣ, ਅਤੇ ਜਲ ਭਰ ਭਰ ਕੇ ਲੈ ਜਾਣ, ਪਰ ਕਿਸੇ ਵੇਲੇ ਇਹ ਕੰਢੇ ਪੁਰ ਚੜ੍ਹਕੇ ਸੁੱਕੀ ਭੋਂ ਵੱਲੋਂ ਹਾਤੇ ਦੇ ਅੰਦਰ ਆ ਜਾਂਦੇ ਹਨ। ਇਕ ਵਾਰ ਕਿਸੇ ਹਿੰਦੂ ਦੀ ਧੀ ਘਾਟ ਪੁਰ ਘੜਾ ਭਰਨ ਆਈ, ਓਹ ਕੂਰ ਤੱਕ ਲਾਈ ਬੈਠਾ ਸਾ, ਜਦ ਪਾਣੀ ਵਿਖੇ ਪੈਰ ਰਖਿਆ ਝਟ ਆ ਕੇ ਝਪੱਟਾ ਮਾਰਿਆ, ਅਤੇ ਅਪਣੇ ਭਯਾਣਕ ਜਬਾੜੇ ਵਿਖੇ ਫੜ ਕੇ ਕੰਢੇ ਪੁਰ ਚੜ੍ਹ ਗਿਆ। ਉਹ ਕੁੜੀ ਵਿਚਾਰੀ ਹੱਥ ਪੈਰ ਮਾਰਦੀ ਅਤੇ ਚੀਕ ਚਿਹਾੜਾ ਪਾਉਂਦੀ ਰਹੀ, ਛੁਡਾਉਣ ਲਈ ਕੋਈ ਪਹੁੰਚ ਨ ਸੱਕਿਆ। ਉਹ ਨਿਰ-ਦਈ ਉਸਨੂੰ ਲੈਕੇ ਨਦੀ ਵਿਖੇ ਚਲਿਆ ਗਿਆ। ਡੁੱਬਣ ਦੇ ਵੇਲੇ ਇੱਕ ਚੀਕ ਆਈ, ਪਾਣੀ ਪੁਰ ਘੁੱਮਰ ਘੇਰ ਪੈਂਦੇ ਰਹੇ, ਫੇਰ ਕੁਝਕ ਬੁਲਬੁਲੇ ਉੱਠ ਓੜਕ ਨੂੰ ਵਿਚਾਰੀ ਦਾ ਕੰਮ ਪੂਰਾ ਹੋ ਗਿਆ॥

ਮਗਰਮੱਛ ਜਲ ਵਿੱਚ ਤਾਂ ਤ੍ਰਿੱਖਾ ਤਰ ਸੱਕਦਾ ਹੈ, ਪਰ ਸੁੱਕੀ ਭੋਂ ਪਰ ਚਲਦਾ ਕੋਝਾ ਲਗਦਾ ਹੈ ਅ:

ਡੀਲ ਡੌਲ ਦੀ ਲਮਿੱਤਨ ਦੇ ਕਾਰਣ ਛੇਤੀ ਮੁੜ ਨਹੀਂ ਸੱਕਦਾ, ਫੇਰ ਬੀ ਕਦੇ ਕਦੇ ਸ਼ਿਕਾਰ ਪੁਰ ਹੱਲਾ ਕਰਨ ਲਈ ਪਾਣੀ ਵਿੱਚੋਂ ਬਾਹਰ ਬੀ ਨਿਕਲ ਆਉਂਦਾ ਹੈ ਇੱਕਵਾਰ ਬੰਗਾਲੇ ਦੇਸ ਵਿਖੇ ਕੁਝਕ ਕੈਦੀ ਕੈਦਖਾਨਿਓਂ ਬਾਹਰ ਨਦੀ ਦੇ ਕੰਢੇ ਪੰਡੀਲ ਵੰਨ੍ਹੀ ਖਲੋਤੇ ਸਨ, ਪੈਰਾਂ ਵਿਖੇ ਬੇੜੀਆਂ ਪਈਆਂ ਹੋਈਆਂ ਸਨ, ਮੈਜਿਸਟਰੇਟ ਸਾਹਿਬ ਵੇਖਣ ਲਈ ਆਉਣ ਵਾਲਾ ਸਾ, ਪੁਲੀਸ ਦੇ ਪਹਿਰੇ ਮਣੇ ਸਾਰੇ ਪੰਜਾਹਕੁ ਮਨੁੱਖ ਹੋਨਗੇ, ਅਚਾਣਕ ਇੱਕ ਮਗਰਮੱਛ ਕੰਢੇ ਪੁਰ ਆਇਆ, ਪੰਡੀਲ ਵਿੱਚੋਂ ਇੱਕ ਬੰਦੂਏ ਨੂੰ ਪਕੜਕੇ ਘਸੀਟਦਾ ਘਸੀਟਦਾ ਲੈਗਯਾ। ਲੋਕ ਮਗਰ ਦੌੜਦੇ ਹੀ ਰਹੇ, ਉਹ ਝੱਟ ਨਦੀ ਵਿਖੇ ਲੇ ਵੜਿਆ, ਅਤੇ ਚੁੱਭੀ ਮਾਰ ਲੋਪ ਹੋ ਗਿਆ॥

ਆਂਹਦੇ ਹਨ, ਕਿ ਸੁੱਕੀ ਭੋਂ ਪੁਰ ਕਦੇ ਕਦੇ ਨਿੱਕੇ ਜੇਹੇ ਮਗਰ ਮੱਛ ਉੱਤੇ ਸ਼ੀਂਹ ਹੱਲਾ ਕੀਤਾ ਕਰਦਾ ਹੈ, ਸੁੱਤੇ ਪਏ ਦੀ ਪਿੱਠ ਤੇ ਦੌੜਕੇ ਜਾ ਚੜ੍ਹਦਾ ਹੈ, ਬੂਥੇ ਨਾਲ ਸਿਰਨੂੰ ਉਲਟਕੇ ਗਰਦਣ ਨਾਲ ਐਉਂ ਮਿਲਾ ਦਿੰਦਾ ਹੈ, ਕਿ ਕੰਗਰੋੜ ਦੀ ਹੱਡੀ ਦੀ ਚੂਲ ਉੱਖੜ ਜਾਂਦੀ ਹੈ। ਜਲ ਵਿਖੇ ਹੋਏ, ਤਾਂ ਮਗਰਮੱਛ ਬਲਵਾਨ ਤੇ ਬਲਵਾਨ ਜਨੌਰ ਉੱਪਰ ਬੀ ਪਣੋਂ ਨਹੀਂ ਟਲਦਾ। ਕਈ ਲੋਕ ਕਹਿੰਦੇ ਹਨ,

ਕਿ ਜਦ ਹਾਥੀ ਨਦੀਓਂ ਪਾਰ ਲੰਘਦੇ ਹਨ, ਤਾਂ ਕਦੇ ਕਦੇ ਕਈ ਬਹੁਤ ਹੀ ਵੱਡਾ ਮਗਰਮੱਛ ਇਨ੍ਹਾਂ ਵਿੱਚੋਂ ਬੀ ਕਿਸੇ ਨੂੰ ਜਲ ਵਿੱਚ ਖਿੱਚ ਕੇ ਡੋਬ ਦਿੰਦਾ ਹੈ। ਇੱਕਵਾਰ ਕੋਈ ਜਣਾ ਬਿਰਛ ਦੀ ਡਾਲ ਪਰ ਬੈਠਾ ਹੋਇਆ ਮੱਛੀਆਂ ਫੜ ਰਿਹਾ ਸਾ, ਉਹ ਡਾਲ ਪਾਣੀ ਉੱਤੇ ਛਾਈ ਹੋਈ ਸੀ, ਕੁਝ ਫੁਹਾਰ ਬੀ ਪੈ ਰਹੀ ਸੀ, ਇਸਨੇ ਆਪਨੂੰ ਬਚਾਉਣ ਲਈ ਸਿਰ ਅਤੇ ਮੋਢਿਆਂ ਪੁਰ ਕੱਪੜਾ ਪਾਇਆ ਹੋਇਆ ਸਾ, ਇਸ ਹਾਲ ਵਿੱਚ ਇਸਨੂੰ ਇੱਕ ਬਘੇਲੇ ਨੇ ਡਿੱਠਾ, ਅਤੇ ਚਾਹਿਆ, ਕਿ ਇਸਦੀ ਗਰਾਹੀ ਕਰੀਏ, ਦਬੇ ਪੈਰ ਜੰਗਲ ਤੋਂ ਆਇਆ ਅਤੇ ਅਚਾਣਕ ਉਸ ਪੁਰ ਜਾ ਪਿਆ, ਉਸ ਮਨੁੱਖ ਦੀ ਚੰਗੀ ਪ੍ਰਾਲਬਧ ਸੀ ਕਿ ਬਘੇਲੇ ਦੇ ਮੂੰਹ ਵਿੱਚ ਕੱਪੜਾ ਆਇਆ, ਉਹ ਮਨੁੱਖ ਤਾਂ ਬਚ ਗਿਆ, ਪਰ ਬਘੇਲਾ ਨਦੀ ਵਿਖੇ ਜਾ ਪਿਆ। ਇੱਕ ਮਗਰਮੱਛ ਬੀ ਇਸ ਸ਼ਿਕਾਰੀ ਦੀ ਤਕ ਵਿੱਚ ਬੈਠਾ ਸਾ, ਜਿਹੁਰ ਬਘੇਲਾ ਜਲ ਵਿੱਖੇ ਢੱਠਾ, ਇਸ ਨੇ ਝੱਟ ਜਬਾੜਿਆਂ ਵਿਖੇ ਝੱਪਿਆ ਅਤੇ ਡੂੰਘੇ ਪਾਣੀ ਲੈ ਵੜਿਆ॥

ਮਗਰਮੱਛ ਆਂਡਿਆਂ ਵਿੱਚੋਂ ਜੰਮਦੇ ਹਨ, ਮਦੀਨ ਨਦੀ ਦੇ ਕੰਢੇ ਚਿੱਕੜ ਯਾ ਰੇਤ ਵਿਖੇ ਆਂਡੇ ਦਿੰਦੀ ਹੈ, ਓਹ ਸੂਰਜ ਦੇ ਤਾਉ ਨਾਲ ਤਿੜਕ ਜਾਂਦੇ ਹੈਨ, ਛੀਲ

ਡੌਲ ਪੁਰ ਧਯਾਨ ਕੀਤਾ ਜਾਏ, ਤਾਂ ਮਗਰਮੱਛ ਦ ਆਂਡੇ ਸਭਿਆਰ ਨਿੱਕੇ ਹੁੰਦੇ ਹਨ, ਇਸਦਿਆਂ ਆਂਡਿਆਂ ਨੂੰ ਹੋਰ ਕੋਈ ਜਨੌਰ ਖਾ ਜਾਂਦੇ ਹਨ॥


ਬੱਚੇ ਬਹੁਤ ਨਿੱਕੇ ਕੋਈ ਪੰਜ ਯਾ ਛੇ ਇਚ ਲੰਮੇ ਹੁੰਦੇ ਹਨ, ਜੰਮਦੇ ਹੀ ਜਲ ਵਿਖੇ ਚਲੇ ਜਾਂਦੇ ਹਨ, ਅਤੇ ਜਦ ਤਕ ਆਪਣੇ ਖਾਣ ਪੀਣ ਦਾ ਉਪਾਉ ਕਰਨ ਦੇ ਜੋਗ ਨਹੀਂ ਹੁੰਦੇ ਇਨ੍ਹਾਂ ਨੂੰ ਮਾਂ ਪਾਲਦਾ ਹੈ॥

ਜਾਂ ਤਾੜੂ ਅਜੇਹਾ ਤ੍ਰਿਖਾ ਪੈਂਦਾ ਹੈ, ਕਿ ਢੇਰ ਨਾਲੇ ਅਤੇ ਛੰਭ ਸੁੱਕ ਜਾਂਦੇ ਹਨ, ਤਾਂ ਉਨ੍ਹਾਂ ਵਿੱਚ ਜੋ ਮਗਰ-ਮੱਛ ਰਹਿੰਦੇ ਹਨ, ਉਨ੍ਹਾਂ ਨੂੰ ਨਾ ਤਾਂ ਖਾਣ ਨੂੰ ਕੁਝ ਲਭਦਾ ਹੈ, ਅਤੇ ਨਾ ਜਲ ਹੀ ਮਿਲਦਾ ਹੈ, ਬਹੁਤੇ ਚਿੱਕੜ ਵਿਖੇ ਹੀ ਦੱਬੇ ਜਾਂਦੇ ਹਨ, ਉੱਥੇ ਹੀ ਪਏ ਸੁੱਤੇ ਰਹਿੰਦੇ ਹਨ, ਜਾਂ ਬਰਖਾ ਕਾਲ ਆਉਂਦਾ ਹੈ, ਤਾਂ ਇਨ੍ਹਾਂ ਵਿਖੇ ਪ੍ਰਾਣ ਆ ਪੈਂਦੇ ਹਨ। ਮਹਿਕਮੇ ਨੱਛ ਦੇ ਇੱਕ ਅਫ਼ਸਰ ਦੀ ਇੱਕ ਅਦਭੁਤ ਵਾਰਤਾ ਹੈ। ਉਸਨੇ ਇੱਕ ਸੁੱਕੇ ਹੋਏ ਛੰਭ ਵਿਖੇ ਡੇਰਾ ਕੀਤਾ, ਰਾਤ ਨੂੰ ਮੰਜੀ ਦੇ ਹੇਠਾਂ ਭੋਂ ਹਿਲਦੀ ਪ੍ਰਤੀਤ ਹੋਈ, ਦੂਜੇ ਦਿਨ ਡਿੱਠਾ ਤਾਂ ਸਤਰੰਜੀ ਦੇ ਹੇਠੋਂ ਇੱਕ ਮਗਰਮੱਛ ਨਿਕਲਿਆ॥

ਜਦ ਸਾਰੇ ਨਾਲੇ ਅਤੇ ਤਾਲ ਸੁੱਕ ਜਾਂਦੇ ਹਨ, ਤਾਂ ਕੋਈ ਵਾਰ ਮਗਰਮੱਛ ਜਲ ਦੀ ਭਾਲ ਵਿੱਚ ਜੰਗਲਾਂ ਵਿਖੇ ਬੀ ਪਏ ਫਿਰਦੇ ਹਨ। ਪੁਸਤਕਾਂ ਵਿਖੇ ਇੱਕ ਦੀ ਵਾਰਤਾ ਲਿਖੀ ਹੈ, ਕਿ ਰਾਤ ਦੇ ਵੇਲੇ ਕਿਸੇ ਸੁੱਕੇ ਤਲਾਉ ਵਿੱਚੋਂ ਬਹੁਤ ਸਾਰੇ ਮਗਰਮੱਛ ਨਿਕਲੇ, ਕੋਲ ਹੀ ਇੱਕ ਨਗਰ ਸਾ, ਉਸਦੇ ਦੂਜੇ ਪਾਸੇ ਇੱਕ ਹੋਰ ਤਲਾਉ ਸਾ, ਉਹ ਨਗਰ ਵਿੱਚ ਦੀ ਹੋਕੇ ਦੂਜੇ ਤਾਲ ਵਿਖੇ ਪੱਜੇ, ਇਨ੍ਹਾਂ ਵਿੱਚੋਂ ਕਈ ਬਾਗ਼ ਦੀਆਂ ਵਾੜਾਂ ਵਿੱਚ ਫਸ ਕੇ ਰਹਿ ਗਏ, ਦਿਨ ਚੜ੍ਹੇ ਲੋਕਾਂ ਨੇ ਡਿੱਠਾ ਅਤੇ ਮਾਰ ਸਿੱਟਿਆ॥

ਭਾਰਤਵਰਖ ਦੀ ਕੋਈ ਥਾਂਈਂ ਮਗਰਮੱਛ ਨੂੰ ਪਵਿੱਤ੍ਰ ਜਾਣਦੇ ਹਨ, ਤੀਰਥਾਂ ਪੁਰ ਫ਼ਕੀਰ ਇਨ੍ਹਾਂਨੂੰ ਪਾਲਦੇ ਹਨ, ਯਾਤ੍ਰੀ ਲੋਕ ਜਾਂਦੇ ਹਨ, ਰੁਪਈਏ ਚੜ੍ਹਾਉਂਦੇ ਹਨ, ਫ਼ਕੀਰ ਇਸ ਚੜ੍ਹਾਵੇ ਨਾਲ ਆਪਣੀ ਅਤੇ ਇਨ੍ਹਾਂ ਦੀ ਪਾਲਣਾ ਕਰਦੇ ਹਨ। ਮੰਦਰਾਂ ਦੇ ਮਗਰਮੱਛ ਮੋਟੇ, ਸੁਸਤ ਅਤੇ ਕੁਝਕ ਦਯਾਵਾਨ ਹੋ ਜਾਂਦੇ ਹਨ, ਤਾਲਾਂ ਦੀਆਂ ਪੌੜੀਆਂ ਪੁਰ ਪਏ ਧੁੱਪ ਸੇਕਦੇ ਹਨ, ਯਾ ਚਿੱਕੜ ਵਿਖੇ ਲੇਟਦੇ ਹਨ ॥

ਇੱਸੇ ਪ੍ਰਕਾਰ ਦਾ ਇੱਕ ਹੋਰ ਜਨੌਰ ਬੀ ਹੁੰਦਾ ਹੈ, ਜਿਸ ਨੂੰ ਘੜਿਆਲ ਸੱਦਦੇ ਹਨ, ਇਸ ਦੀ ਥੂਥੀ ਲੰਮੀ



ਮੋਤੀ

MAYO SCHOOL OF ART, LAHORE.

ਅਤੇ ਪਤਲੀ ਹੁੰਦੀ ਹ, ਦੰਦ ਬਰੀਕ ਅਤੇ ਤ੍ਰਿੱਖੇ। ਗੰਗਾ ਅਤੇ ਭਾਰਤਵਰਖ ਦੀਆਂ ਹੋਰ ਨਾਂ ਨੱਦੀਆਂ ਵਿਖੇ ਘੜਿਆਲ ਢੇਰ ਹੁੰਦੇ ਹਨ, ਓਹ ਬਹੁਤਾ ਮੱਛੀਆਂ ਅਤੇ ਮੁਰਦਾਰਾਂ ਨੂੰ ਖਾਂਦੇ ਹਨ, ਜਨੌਰਾਂ ਨੂੰ ਘੱਟ ਫੜ ਦੇ ਹਨ, ਪਰ ਕਦੇ ਕਦੇ ਮਨੁੱਖ ਪੁਰ ਹੱਲਾ ਕਰ ਬਹਿੰਦੇ ਹਨ, ਜਦ ਇੰਗ-ਲਿਸਤਾਨ ਦੇ ਰਾਜ ਕੁਵਰ ਰਾਜਗੱਦੀ ਦੇ ਸਾਂਈਂ ਦਾ ਨਿੱਕਾ ਭਿਰਾ ਭਾਰਤਵਰਖ ਵਿਖੇ ਸੈਲ ਲਈ ਆਇਆ, ਤਾਂ ਨਿਪਾਲ ਦੇ ਬੱਨੇ ਵੱਲ ਨੂੰ ਸ਼ਿਕਾਰ ਖੇਡਣ ਗਿਆ। ਇਕ ਦਿਨ ਇਨ੍ਹਾਂ ਦੇ ਤੰਬੂ ਨਦੀ ਦੇ ਕੰਢੇ ਪਰ ਲੱਗੇ ਹੋਏ ਸਨ, ਇੱਕ ਜਣਾ ਨਦੀ ਦੇ ਪਾਰ ਲੰਘ ਰਿਹਾ ਸਾ, ਕਿ ਘੜਿਆਲ ਨੇ ਉਸ ਉੱਤੇ ਹੱਲਾ ਕੀਤਾ। ਉਸਦੀਆਂ ਚੀਕਾਂ ਅਤੇ ਕੂਕਾਂ ਸੁਣਕੇ ਇੱਕ ਸਿਪਾਹੀ ਨੱਠਾ, ਪਹਿਲੋਂ ਗੋਲੀ ਮਾਰੀ, ਫੇਰ ਜਲ ਵਿਖੇ ਵੜਕੇ ਸੰਗੀਨਾਂ ਚਲਾਈਆਂ, ਐਂਨੇ ਨੂੰ ਇੱਕ ਅਫ਼ਸਰ ਬੀ ਆ ਪਹੁੰਚਾ, ਉਸਨੇ ਬੰਦੂਕ ਦੀ ਗੋਲੀ ਨਾਲ ਉਸ ਦੁਖ ਦਾਈ ਦਾ ਸ਼ਿਕਾਰ ਕੀਤਾ॥

## ਮੋਤੀ

ਭੜਕਦਾਰ ਅਤੇ ਸੋਹਣੇ ਮੋਤੀ ਜਾਂ ਦਿਸਦੇ ਹਨ ਤਾਂ ਕੇਹੇ ਭਾਉਣੇ ਹੁੰਦੇ ਹਨ, ਤੁਸੀਂ ਬੀ ਦੇਖੇ ਹੋਣਗੇ,

ਜੜਾਊ ਗਹਿਣਿਆਂ ਵਿੱਚ ਜੜੇ ਹੋਏ, ਸੋਹਣਿਆਂ ਭੂਖਣਾਂ ਵਿਖੇ ਪਰੋਏ ਹੋਏ, ਯਾ ਲੜੀਆਂ ਵਿਖੇ ਲਟਕਦੇ ਹੋਏ, ਵਡਮੁੱਲਿਆਂ ਵਸਤ੍ਰਾਂ ਵਿਖੇ ਟਾਂਕੇ ਹੋਏ, ਵੱਡਿਆਂ ਵੱਡਿਆਂ ਧਨੀਆਂ ਦੀਆਂ ਟੋਪੀਆਂ ਵਿਖੇ ਅਤੇ ਪੱਗਾਂ ਦੀਆਂ ਕਲਗੀਆਂ ਵਿਖੇ ਝਲਕਦੇ ਹੋਏ, ਯਾ ਗਲ ਦਿਆਂ ਹਾਰਾਂ ਵਿਖੇ ਲਿਸ਼ਕਦੇ ਅਤੇ ਦਮਕਦੇ ਹੋਏ। ਇਹ ਬੀ ਜਾਣਦੇ ਹੋ, ਕਿ ਜੋ ਥਾਂ ਵੱਡਾ ਵਡਿਆਈ ਦੇ ਜੋਗ ਹੁੰਦਾ ਹੈ, ਉਸਦੇ ਨਾਉਂ ਨਾਲ ਬੀ ਮੋਤੀ ਜੋੜ ਦਿੰਦੇ ਹਨ, ਜਿਹਾਕਿ ਮੋਤੀ ਮਸੀਤ, ਮੋਤੀ ਬਾਗ਼, ਮੋਤੀ ਮਹਲ, ਮੋਤੀ ਛੰਭ। ਹਿੰਦੂ ਲੋਕ ਮੋਤੀ ਲਾਲ ਨਾਉਂ ਨੂੰ ਬਹੁਤ ਚੰਗਾ ਜਾਣਦੇ ਹਨ। ਕੋਈ ਜਨੌਰ ਜੋ ਸੋਹਣਾ ਹੁੰਦਾ ਹੈ, ਉਸਦਾ ਨਾਉਂ ਬੀ ਮੋਤੀ ਰੱਖ ਦਿੰਦੇ ਹਨ। ਭਲਾ ਇਹ ਤਾਂ ਦੱਸੋ, ਕਿ ਮੋਤੀ ਆਉਂਦੇ ਕਿੱਥੋਂ ਹਨ? ਅੰਬਰੋਂ ਵੱਸਦੇ ਹਨ? ਯਾ ਰੁੱਖਾਂ ਨਾਲ ਲੱਗਦੇ ਹਨ? ਧਰਤੀ ਵਿੱਚੋਂ ਨਿਕਲਦੇ ਹਨ? ਯਾ ਨਦੀ ਵਿੱਚੋਂ ਉਗਮਦੇ ਹਨ? ਆਓ ਅਸੀ ਤੁਹਾਨੂੰ ਇਸ ਦਾ ਹਾਲ ਸੁਣਾਈਏ॥

ਮੋਤੀ ਇੱਕ ਜਨੌਰ ਵਿਖੇ ਹੁੰਦਾ ਹੈ, ਜੋ ਸਮੁੰਦਰ ਦੇ ਥੱਲੇ ਰਹਿੰਦਾ ਹੈ, ਇਸ ਦਾ ਨਾਉਂ ਮੋਤੀਆ ਜਨੌਰ ਰੱਖ ਲਓ ਤਾਂ ਬਣਦਾ ਹੈ। ਇਸਦੇ ਉੱਪਰ ਇਕ ਪ੍ਰਕਾਰ ਦਾ

ਉਛਾੜ ਹੁੰਦਾ ਹੈ, ਪੱਥਰ ਦੀ ਨਿਆਈਂ ਨਿੱਗਰ। ਮੋਤੀਏ ਜਨੌਰ ਦੀ ਵਾਕਰ ਹੋਰ ਢੇਰ ਜਨੌਰ ਹਨ, ਜੋ ਵੱਖੋ ਵੱਖਰੀਆਂ ਭਰ੍ਹਾਂ ਦਿਆਂ ਨਿੱਗਰ ਉਛਾੜਾਂ ਵਿਚ ਰਹਿੰਦੇ ਹਨ। ਕੋਈ ਸਮੁੰਦਰ ਵਿਖੇ, ਕੋਈ ਛੰਭਾਂ ਅਤੇ ਨਦੀਆਂ ਵਿਖੇ ਅਤੇ ਕੁਝ ਧਰਤੀ ਪੁਰ ਅਜੇਹ। ਥਾਈਂ ਕਿ ਜਿੱਥੇ ਭੋਂ ਗਿੱਲੀ ਹੁੰਦੀ ਹੈ। ਇਸ ਤਰ੍ਹਾਂ ਦੇ ਉਛਾੜ ਨੂੰ ਅੰਗ੍ਰੇਜ਼ੀ ਵਿਖੇ ਸ਼ੈਲ ( ਸਿੱਪੀ ) ਕਹਿੰਦੇ ਹਨ। ਇਨ੍ਹਾਂ ਦੇ ਰੂਪ ਅਤੇ ਆਕਾਰ ਭਾਂਤ ਭਾਂਤ ਦੇ ਹੁੰਦੇ ਹਨ, ਇਨ੍ਹਾਂ ਵਿੱਚੋਂ ਕੋਈ ਤਾਂ ਵੱਡੇ ਸੁਹਣੇ ਹੁੰਦੇ ਹਨ, ਕੋਈ ਪ੍ਰਕਾਰ ਦੇ ਸਿੱਪ ਭਾਰਤਵਰਖ ਵਿਖੇ ਬਹੁਤ ਮਿਲਦੇ ਹਨ, ਕੌਡਾਂ, ਘੁੱਗ, ਸੰਖ, ਸ ਰੇ ਸਿੱਪ ਦੀਆਂ ਜਾਤਾਂ ਹਨ। ਕੌਡਾਂ ਜੋ ਘਰ ਘਰ ਅਤੇ ਹੱਟ ਹੱਟ ਵਿਖੇ ਦੇਖਦੇ ਹੋ, ਸੈਂਕੜਿਆਂ ਕੋਹਾਂ ਪੁਰੋਂ ਆਉਂਦੀਆਂ ਹਨ,ਸਮੁੰਦਰ ਦੀਆਂ ਉਛਾਲੀਆਂ ਨੇ ਇਨ੍ਹਾਂ ਨੂੰ ਕੰਢੇ ਉੱਤੇ ਸਿੱਟ ਦਿੱਤਾ ਹੈ,ਏਹਬੀ ਕਿਸੇ ਸਮਯ ਉਨ੍ਹਾਂ ਨਿਕਿਆਂ ਨਿਕਿਆਂ ਜਨੌਰਾਂ ਦੇ ਘਰ ਸਨ। ਘੁੱਗੇ ਬੀ ਤੁਸਾਂ ਨਦੀਆਂ ਨਾਲਿਆਂ ਅਤੇ ਕੂਲ੍ਹਾਂ ਦਿਆਂ ਕੰਢਿਆਂ ਪੁਰ ਦੇਖੇ ਹੋਣਗੇ। ਸੰਖ ਸਭਨੀਂ ਥਾਈਂ ਸੰਧ੍ਯਾ ਅਤੇ ਸਵੇਰ ਨੂੰ ਹਿੰਦੂਆਂ ਦਿਆਂ ਮੰਦਰਾਂ ਵਿਖੇ ਵੱਜਦੇ ਹਨ, ਢਾਕੇ ਦੇ

ਲੋਕ ਸਖ ਮੁੱਲ ਲੈਂਦੇ ਹਨ, ਅਤੇ ਆਰੀਆਂ ਨਾਲ ਚੀਰ
ਕੇ ਹੱਥਾਂ ਪੈਰਾਂ ਲਈ ਚੂੜੀਆਂ ਬਣਾਉਂਦੇ ਹਨ॥

ਮੋਤੀਆ ਜਨੌਰ ਜਿਸ ਉਛਾੜ ਵਿਖੇ ਰਹਿੰਦਾ ਹੈ, ਉਸ ਦੀਆਂ ਦੋ ਫਾਂਕਾਂ ਹੁੰਦੀਆਂ ਹਨ, ਜਿਹਾ ਕਿ ਦੋ ਥਾਲੀਆਂ ਹੇਠਾਂ ਉੱਪਰ ਕੱਜੀਆਂ ਹੋਈਆਂ। ਹਰ ਫਾਂਕ ਕੋਈ ਨੌਂ ਇੰਚ ਚੌੜੀ ਹੁੰਦੀ ਹੈ, ਇਹ ਦੋਵੇਂ ਫਾਂਕਾਂ ਐਉਂ ਜੁੜੀਆਂ ਹੋਈਆਂ ਹੁੰਦੀਆਂ ਹਨ, ਕਿ ਜਿੱਕੁਰ ਢੱ[illegible] ਕੁਲਫਾਂ ਨਾਲ, ਇੱਸੇ ਲਈ ਜਦ ਚਾਹੁੰਦਾ ਹੈ, ਉਛਾੜ ਨੂੰ ਖੋਹਲ ਲੈਂਦਾ ਹੈ, ਅਤੇ ਬੰਦ ਕਰ ਦਿੰਦਾ ਹੈ। ਇ[illegible] ਜਨੌਰ ਦਾ ਮੂੰਹ ਹੁੰਦਾ ਹੈ ਅਤੇ ਗਲਫੜਿਆਂ [illegible] ਰਾਹੀਂ ਸਾਹ ਲੈਂਦਾ ਹੈ, ਪਰ ਨਾ ਸਿਰ ਅਤੇ ਨਾ ਲੱ[illegible] ਨਾ ਬਾਹਵਾਂ। ਇਨ੍ਹਾਂ ਦੋਹਾਂ ਥਾਲੀਆਂ ਦੇ ਵਿਚਕਾਰੋਂ [illegible] ਦਾ ਇੱਕ ਗੁੱਛਾ ਜੇਹਾ ਨਿਕਲਿਆ ਹੁੰਦਾ ਹੈ, ਇਹ ਲਿ[illegible] ਲੇਸ ਵਾਲੀ ਵਸਤੁ ਹੈ, ਜਿਸਨਾਲ ਇਹ ਜਨੌਰ ਸਮੁੰ[illegible] ਦੇ ਢੱਲੇ ਪੱਥਰਾਂ ਨਾਲ ਚੰਬੜ ਜਾਂਦਾ ਹੈ॥

ਇਨ੍ਹਾਂ ਦੇ ਬੱਚੇ ਢਿੱਡ ਦੇ ਅੰਦਰ ਹੀ ਆਂਡਿ[illegible] ਵਿੱਚੋਂ ਨਿਕਲ ਆਉਂਦੇ ਹਨ, ਅਤੇ ਬਹੁਤ ਨਿੱਕੇ ਹ[illegible] ਅਤੇ ਅਜੇਹੇ ਬਰੀਕ ਬਰੀਕ ਕਿ ਦੂਰਬੀਨ ਤੇ ਬਿਨਾਂ [illegible] ਇੱਕ ਵਿਖਾਲੀ ਨਹੀਂ ਦਿੰਦਾ। ਪਹਿਲੋਂ ਪਹਿਲ ਇ[illegible]

ਉੱਤੇ ਉਛਾੜ ਨਹੀਂ ਹੁੰਦੇ, ਜਿਉਂ ਜਿਉਂ ਵੱਡੇ ਹੁੰਦੇ ਜਾਂਦੇ ਹਨ, ਤਿਉਂ ਤਿਉਂ ਉੱਤੇ ਉਛਾੜ ਬਣਦੇ ਅਤੇ ਵਧਦੇ ਚਲੇ ਜਾਂਦੇ ਹਨ । ਨਿੱਕੇ ਨਿੱਕੇ ਜਨੌਰ ਅਤੇ ਸਮੁੰਦਰ ਦੀਆਂ ਬੂਟੀਆਂ ਇਨ੍ਹਾਂ ਦਾ ਖੱਾਜਾ ਹੈ ॥

ਇਸ ਜਨੌਰ ਦਾ ਸਰੀਰ ਬਹੁਤ ਸੁਹਲ ਹੁੰਦਾ ਹੈ, ਇਸ ਲਈ ਪਰਮੇਸੁਰ ਨੇ ਇਸ ਨੂੰ ਇੱਕ ਅਜੇਹੀ ਵਸਤੁ ਦਿੱਤੀ ਹੈ, ਜੋ ਪਾਣੀ ਜੇਹੀ ਪਤਲੀ ਹੈ, ਉਹੋ ਉਛਾੜ ਦੇ ਅੰਦਰ ਜੰਮਦੀ ਜਾਂਦੀ ਹੈ, ਕਿ ਇਸ ਦੇ ਸੁਹਲ ਸਰੀਰ ਨੂੰ ਬੁਛਾੜ ਦੇ ਖੌਰੇਪਣ ਤੇ ਕਲੇਸ਼ ਨਾ ਹੋਏ। ਫੇਰ ਓਹੀਓ ਨਿੱਗਰ ਹੁੰਦਾ ਹੁੰਦਾ ਇੱਕ ਸੁੰਦਰ ਨਿਰਮਲ ਅਸਤਰ ਬਣ ਜਾਂਦਾ ਹੈ, ਇਸ ਨੂੰ ਸਿੱਪ ਕਹਿੰਦੇ ਹਨ । ਕਦੇ ਕਦੇ ਨਿੱਕੇ ਨਿੱਕੇ ਕਿਰਮ ਇਸ ਦੇ ਉਛਾੜ ਵਿਖੇ ਛੇਕ ਕਰ ਦਿੰਦੇ ਹਨ, ਇਨ੍ਹਾਂ ਛੇਕਾਂ ਨੂੰ ਉਹ ਉੱਸੇ ਵਸਤੁ ਨਾਲ ਬੰਦ ਕਰ ਲੈਂਦਾ ਹੈ, ਕਦੇ ਕਦੇ ਕੋਈ ਰੇਤ ਦਾ ਕਿਣਕਾ ਉਛਾੜਦੇ ਅੰਦਰ ਵੜ ਜਾਂਦਾ ਹੈ, ਅਤੇ ਉਸਦੇ ਚੁੱਭਣ ਨਾਲ ਇਹ ਬੜਾ ਬਯਾਕੁਲ ਹੁੰਦਾ ਹੈ, ਤਾਂ ਉੱਸੇ ਵਸਤੁ ਨੂੰ ਉਸ ਪੁਰ ਲਬੇੜ ਦਿੰਦਾ ਹੈ, ਕਦੇ ਕੋਈ ਆਂਡਾ ਇਸਦੇ ਸਰੀਰ ਅੰਦਰ ਕੱਚਾ ਰਹਿ ਜਾਂਦਾ ਹੈ, ਤਾਂ ਉਸ ਪੁਰ ਬੀ ਓਹੀਓ ਲਬੇੜ ਦਿੰਦਾ ਹੈ । ਨਿੱਕੇ

ਦਾਣੇ ਜੋ ਇਸ ਪ੍ਰਕਾਰ ਬਣਦੇ ਹਨ, ਸੋਈ ਮੋਤੀ ਹਨ ॥

ਅਗਲਿਆਂ ਸਮਿਆਂ ਦੇ ਲੋਕ ਸਮਝਦੇ ਸਨ, ਕਿ ਮੋਤੀਆ ਜਨੌਰ ਬਸੰਤ ਦੀ ਰੁੱਤ ਵਿਖੇ ਆਪਣੇ ਉਛਾੜ ਨੂੰ ਖੋਲ੍ਹਕੇ ਪਾਣੀ ਦੇ ਉੱਪਰ ਉੱਪਰ ਫਿਰਦਾ ਹੈ, ਮੀਂਹ ਯਾ ਤ੍ਰੇਲ ਦੀਆਂ ਬੂੰਦਾਂ ਇਸ ਵਿਖੇ ਪੈ ਜਾਂਦੀਆਂ ਹਨ, ਅਤੇ ਓਹੀਓ ਮੋਤੀ ਬਣ ਜਾਂਦੇ ਹਨ ॥

ਲੰਕਾ ਦੇ ਮੋਤੀ ਸੈਂਕੜਿਆਂ ਵਰ੍ਹਿਆਂ ਤੇ ਪ੍ਰਸਿੱਧ ਹਨ, ਪਰ ਇਨ੍ਹਾਂ ਦੀ*ਰੇਲ ਪੇਲ ਵਿੱਚ ਘਾਟਾ ਆ ਗਿਆ ਹੈ, ਹਾਂ ਹੁਣ ਇਨ੍ਹਾਂ ਜਨੌਰਾਂ ਦੇ ਬਚਾਉਣ ਦੇ ਉਪਾਉ ਕੀਤੇ ਗਏ ਹਨ, ਨਿਸਚਯ ਹੈ ਕਿ ਬਹੁਤ ਵਧ ਜਾਨਗੇ। ਸਮੁੰਦਰ ਦੇ ਕੰਢਿਓਂ ਕੋਈ ਪੰਦਰਾਂ ਮੀਲ ਅੱਗੇ ਨੂੰ ਵੀਹ ਗਜ਼ ਡੂੰਘੇ ਜਲ ਵਿਖੇ ਮੋਤੀਏ ਜਨੌਰ ਮਿਲਦੇ ਹਨ, ਇਨ੍ਹਾਂ ਦਾ ਸ਼ਿਕਾਰ ਉਨ੍ਹਾਲ ਦੀ ਰੁੱਤੇ ਹੁੰਦਾ ਹੈ। ਸਮੁੰਦਰ ਦੇ ਕੰਢੇ, ਜਿੱਥੇ ਪਹਿਲਾਂ ਮਨੁੱਖ ਦਾ ਨਾਉਂ ਥੇਹ ਬੀ ਨਾ ਸਾ, ਉੱਥੇ ਇਨ੍ਹਾਂ ਦਿਨਾਂ ਵਿਖੇ ਨਰੇਲ ਦਿਆਂ ਪੱਤਿਆਂ ਅਤੇ ਵੰਝਾਂ ਦੇ ਹਜ਼ਾਰਾਂ ਘਰ ਦਿਸਦੇ ਹਨ, ਕੋਈ ਡੂਢ ਲੱਖ ਆਦਮੀ ਨਿਰੇ ਲੰਕਾ ਅਤੇ ਭਾਰਤਵਰਖ

* ਬ੍ਰਿਤੰਤ।

ਦੇ ਜੁੜ ਜਾਂਦੇ ਹਨ, ਅੱਧੀ ਰਾਤ ਬੀਤਿਆਂ ਕੋਈ ਕੂਚਕ ਸੌ ਡੌਂਗੀਆਂ ਕੰਢਿਓਂ ਚਲਦੀਆਂ ਹਨ, ਅਤੇ ਲੋ ਲੱਗਦੇ ਹੀ ਸ਼ਿਕਾਰ ਕਰਨਾ ਲਾ ਦਿੰਦੇ ਹਨ ॥

ਮਲਾਹਾਂ ਤੇ ਛੁਟ ਹਰ ਡੌਂਗੀ ਵਿਖੇ ਦਸ ੨ ਟੋਭੇ ਬੀ ਹੁੰਦ ਹਨ, ਏਹ ਵਾਰੋ ਵੱਟੀ ਕੰਮ ਕਰਦੇ ਹਨ, ਪੰਜ ਮਨੁੱਖ ਚੁੱਭੀ ਮਾਰਦੇ ਹਨ, ਪੰਜ ਬੈਠਕੇ ਸਾਹ ਲੈਂਦੇ ਹਨ। ਲੰਮੀ ਜੇਹੀ ਰੱਸੀ ਨਾਲ ਇੱਕ ਭਾਰਾ ਪੱਥਰ ਬੰਨ੍ਹਦੇ ਹਨ, ਓਹਦਾ ਦੂਜਾ ਸਿਰਾ ਡੌਂਗੀ ਨਾਲ ਅਟਕਾ ਛੱਡਦੇ ਹਨ, ਚੁੱਭੀ ਮਾਰਨ ਦੇ ਵੇਲੇ ਪੱਥਰ ਨੂੰ ਜਲ ਵਿੱਚ ਪਾਕੇ ਪੈਰਾਂ ਨੂੰ ਉਸ ਉੱਤੇ ਟਿਕਾ ਲੈਂਦੇ ਹਨ, ਅਤੇ ਰੱਸੀ ਨੂੰ ਫੜ ਲੈਂਦੇ ਹਨ, ਜੋ ਝੱਟ ਪੱਟ ਥੱਲੇ ਜਾ ਲੱਗਦੀ ਹੈ। ਇੱਕ ਪੱਕਾ ਛੁਰਾ ਨਾਲ ਲੈ ਜਾਂਦੇ ਹਨ, ਜਨੌਰ ਜੋ ਪੱਥਰਾਂ ਨਾਲ ਚੰਬੜੇ ਹੋਏ ਹੁੰਦੇ ਹਨ, ਇਸ ਨਾਲ ਉਨ੍ਹਾਂ ਨੂੰ ਵੱਢ ਕੇ ਅੱਡ ਕਰ ਲੈਂਦੇ ਹਨ। ਇਕ ਦੂਜੀ ਰੱਸੀ ਨਾਲ ਜਾਲੀ ਦੀ ਝੋਲੀ ਯਾ ਟੋਕਰੀ ਬੰਨ੍ਹੀ ਹੋਈ ਹੁੰਦੀ ਹੈ, ਟੋਭਾ ਥੱਲੇ ਪਹੁੰਚਦੇ ਹੀ, ਜਿੰਨੇ ਜਨੌਰ ਚੁੱਕ ਸਕਦਾ ਹੈ, ਸਾਰੇ ਸਮੇਟ ਕੇ ਝੋਲੀ ਵਿਖੇ ਭਰ ਲੈਂਦਾ ਹੈ, ਅਤੇ ਰੱਸੀ ਨੂੰ ਖਿੱਚਕੇ ਸੈਨਤ ਕਰਦਾ ਹੈ, ਉੱਪਰੋਂ ਝੱਟ ਦੋ ਮਲਾਹ ਟੋਕਰੀ ਸਣੇ ਉਸਨੂੰ ਖਿੱਚ ਲੈਂਦੇ

ਹਨ । ਟੋਭਾ ਜਲ ਵਿਖੇ ਕੋਈ ਇਕ ਮਿਨਟ ਠਹਿਰਦਾ ਹੈ, ਦਿਨ ਭਰ ਵਿਖੇ ਚਾਲੀ ਯਾ ਪੰਜਾਹ ਚੁੱਭੀਆਂ ਲਾਉਂਦਾ ਹੈ, ਅਤੇ ਹਰ ਚੁੱਭੀ ਵਿਖੇ ਕੋਈ ਸੌ ਜਨੌਰ ਕੱਢ ਲਿਆਉਂਦਾ ਹੈ ॥

ਜੋ ਜਨੌਰ ਬੇੜੀਆਂ ਪੁਰ ਲੱਦੇ ਹੋਏ ਕੰਢੇ ਪਰ ਪਹੁੰਚਦੇ ਹਨ, ਉਨ੍ਹਾਂ ਨੂੰ ਅਜੇਹਿਆਂ ਟੋਇਆਂ ਵਿੱਚ ਪਾ ਦਿੰਦੇ ਹਨ, ਕਿ ਜਿਨ੍ਹਾਂ ਦੀ ਡੂੰਘਿਆਈ ਥੋੜੀ ਹੁੰਦੀ ਹੈ, ਟੋਇਆਂ ਨੂੰ ਉੱਪਰੋਂ ਖੁਲ੍ਹਾ ਰੱਖਦੇ ਹਨ, ਕਿ ਧੁੱਪ ਦੇ ਸੇਕ ਨਾਲ ਜਨੌਰ ਸੜ ਜਾਣ, ਕਿਉਂਕਿ ਸੱਜਰੇ ਹੋਣ ਤਾਂ ਉਛਾੜਾਂ ਦਾ ਖੋਲ੍ਹਣਾ ਵੱਡਾ ਔਖਾ ਹੈ, ਅਤੇ ਖਿੱਚਕੇ ਖੋਲ੍ਹਣ ਵਿਖੇ ਡਰ ਹੈ, ਕਿ ਮੋਤੀ ਖਰਾਬ ਨ ਹੋ ਜਾਏ । ਫੇਰ ਇਨ੍ਹਾਂ ਨੂੰ ਲੰਮਿਆਂ ਲੰਮਿਆਂ ਕਾਠੜਿਆਂ ਵਿੱਚ ਰੱਖਦੇ ਹਨ, ਕਿ ਜੋ ਪੋਲਿਆਂ ਰੁੱਖਾਂ ਦੇ ਬਣੇ ਹੁੰਦੇ ਹਨ; ਹੁਨ ਸਮੁੰਦਰ ਦੇ ਖਾਰੇ ਪਾਣੀ ਨਾਲ ਧੋ ਧੋ ਕੇ ਮੋਤੀ ਕੱਢਦੇ ਹਨ, ਅਤੇ ਇਕੱਠੇ ਕਰਦੇ ਜਾਂਦੇ ਹਨ, ਫੇਰ ਇਨ੍ਹਾਂ ਦੇ ਉੱਪਰ ਆਬ ਚੜ੍ਹਾਉਂਦੇ ਹਨ, ਅਤੇ ਬਹੁਤਿਆਂ ਨੂੰ ਬਿੰਨ੍ਹਆ ਕੇ ਲੜੀਆਂ ਵਿਖੇ ਪਰੁਆ ਲੈਂਦੇ ਹਨ, ਫੇਰ ਬਿੱਪਾਰੀਆਂ ਕੋਲ ਵੇਚ ਸਿੱਟਦੇ ਹਨ ॥

ਚੀਨ ਵਿਖੇ ਇੱਕ ਥਾਂ ਹੈ, ਜਿੱਥੇ ਇੱਸੇ ਪ੍ਰਕਾਰ ਦਾ ਇਕ ਜਨੌਰ ਹੁੰਦਾ ਹੈ, ਉਨ੍ਹਾਂ ਨੂੰ ਬਹੁਤ ਸਾਰੇ ਇਕੱਠੇ ਕਰਕੇ ਤਾਲਾਂ ਵਿਖੇ ਪਾਲਦੇ ਹਨ, ਸਾਲ ਵਿੱਚ ਇੱਕ ਵਾਰ ਉਨ੍ਹਾਂ ਨੂੰ ਇਕੱਠੇ ਕਰਕੇ ਉਨ੍ਹਾਂ ਦੇ ਉਛਾੜ ਖੋਲ੍ਹਦੇ ਹਨ,ਪਿੱਤਲ,ਯਾ ਹੱਡੀ,ਯਾ ਹੋਰ ਕਰੜੀਆਂ ਵਸਤਾਂ ਦੇ ਨਿੱਕੇ ਨਿੱਕੇ ਟੁਕੜੇ ਕਰਕੇ ਉਛਾੜਾਂ ਦੇ ਅੰਦਰ ਰੱਖ ਦਿੰਦੇ ਹਨ, ਇਹ ਬੀ ਕਹਿੰਦੇ ਹਨ,ਕਿ ਇਕ ਪ੍ਰਕਾਰ ਦੀ ਮੱਛੀ ਦਿਆਂ ਛਿੱਲੜਾਂ ਨੂੰ ਪੀਂਦੇ ਹਨ, ਤਾਂ ਉਨ੍ਹਾਂ ਵਿੱਚ ਪਾਣੀ ਰਲਾ-ਉਂਦੇ ਹਨ, ਅਤੇ ਚਮਚੇ ਨਾਲ ਭਰਕੇ ਅੰਦਰ ਪਾ ਦਿੰਦੇ ਹਨ, ਕੋਈ ਦਸਾਂਕੁ ਮਹੀਨਿਆਂ ਵਿੱਚ ਇਨ੍ਹਾਂ ਜਨੌਰਾਂ ਨੂੰ ਫੇਰ ਜਲ ਵਿੱਚੋਂ ਕੱਢਦੇ ਹਨ, ਇਸ ਵੇਲੇ ਪ੍ਰਤੀਤ ਹੁੰਦਾ ਹੈ, ਕਿ ਅੰਦਰ ਨਿੱਕੇ ਨਿੱਕੇ ਮੋਤੀ ਉਛਾੜ ਦੇ ਨਾਲ ਲੱਗੇ ਹੋਏ ਹਨ। ਹੱਡੀ ਯਾਂ ਪਿੱਤਲ ਨੂੰ ਕੱਢ ਸਿੱਟਦੇ ਹਨ, ਅਤੇ ਉਸਦੀ ਥਾਂ ਮੋਮ ਭਰ ਦਿੰਦੇ ਹਨ, ਅਤੇ ਫੇਰ ਰਤੀਕੁ ਉਛਾੜ ਦਾ ਟੁਕੜਾ ਉੱਪਰ ਲਾ ਦਿੰਦੇ ਹਨ, ਕਿ ਵੇਖਣ ਨੂੰ ਸਾਬਤ ਮੋਤੀ ਦਿਸਦੇ ਹਨ, ਪਰ ਏਹ ਵੱਡਾ ਮੁੱਲ ਨਹੀਂ ਪਾਉਂਦੇ, ਕਈ ਪੈਸੇ ਪੈਸੇ ਨੂੰ ਆਉਂਦੇ ਹਨ, ਅਤੇ ਅਜੇਹੇ ਬਹੁਤ ਥੋੜੇ ਹੁੰਦੇ ਹਨ, ਕ ਜਿਨ੍ਹਾਂ ਦਾ ਮੁੱਲ ਤਿੰਨਾਂ ਆਂਨਿਆਂ ਤੋਂ ਵਧ ਹੋਏ। ਕਦੇ



ਨਰੰਗੀ

MAYO SCHOOL OF ART, LAHORE.

ਬੁਧ ਦੀਆਂ ਨਿੱਕੀਆਂ ਨਿੱਕੀਆਂ ਮੂਰਤਾਂ ਬੀ ਬਣਾਕੇ ਉਛਾੜਾਂ ਵਿਖੇ ਪਾ ਦਿੰਦੇ ਹਨ, ਉਨ੍ਹਾਂ ਪੁਰ ਬੀ ਉਹੀ ਵਸਤੁ ਜੰਮ ਜਾਂਦੀ ਹੈ ॥

ਫ਼ਰਾਂਸ ਵਿਖੇ ਅਜੇਹੀ ਚਤੁਰਾਈ ਨਾਲ ਨਿੱਕੇ ਮੋਤੀ ਬਣਦੇ ਹਨ, ਕਿ ਉਨ੍ਹਾਂ ਨੂੰ ਸੁੱਚਿਆਂ ਮੋਤੀਆਂ ਵਿੱਚ ਰਲਾ ਦੇਓ ਤਾਂ ਚੰਗੇ ਪਰਖਈਏ ਜੁਆਹਰੀ ਹੀ ਉਨ੍ਹਾਂ ਨੂੰ ਪਛਾਣਨਗੇ ॥

ਚਾਕੂਆਂ ਦੇ ਦਸਤੇ,ਗੁਦਾਮ ਅਤੇ ਬਹੁਤ ਸਾਰੀਆਂ ਵਸਤਾਂ ਸਿੱਪਾਂ ਦੀਆਂ ਬਣਦੀਆਂ ਹਨ, ਬਾਹਲੇ ਜੜਾਊ ਵੇਲਾਂ ਬੂਟਿਆਂ ਵਿੱਚ ਜੜਦੇ ਹਨ, ਭਾਂਤ ਭਾਂਤ ਦੀਆਂ ਸਿੰਗਾਰ ਦੀਆਂ ਵਸਤਾਂ ਦੇ ਬਣਾਉਣ ਵਿੱਚ ਬੀ ਕੰਮ ਆਉਂਦੇ ਹਨ ॥

---

# ਬਿਰਛਾਂ ਦਾ ਵਰਨਨ ॥

## ਨਰੰਗੀ

ਨਰੰਗੀ ਦੇ ਬੂਟੇ ਨੂੰ ਭਾਰਤਵਰਖ ਵਿਖੇ ਬਹੁਤ ਪਸੰਦ ਕਰਦੇ ਹਨ। ਬਾਗ ਨੂੰ ਬਹੁਤ ਰੌਣਕ ਦਿੰਦਾ ਹੈ। ਪੱਤਿਆਂ ਦੀ ਗੂੜ੍ਹੀ ਹਰਿਆਉਲ, ਚਮਕਦਾ ਚਮਕਦਾ ਰੰਗ ਦੇਖ ਕੇ ਬਾਰਾਂ, ਮਹੀਨੇ ਨੇਤ੍ਰਾਂ ਵਿਖੇ ਠੰਡ ਰਹਿੰਦੀ

ਹੈ, ਕਿਉਂਕਿ ਇਹ ਬੀ ਖੱਟੇ, ਕਾਗਦੀ ਨਿੰਬੂ, ਮਿੱਠੇ, ਗਲਗਲ ਅਤੇ ਕਿੰਬ ਦੀ ਤਰ੍ਹਾਂ ਸਦਾ ਹਰੇ ਰੰਗ ਦਾ ਰੁੱਖ ਹੈ। ਉਨ੍ਹਾਂ ਹੀ ਵਾਕਰ ਇਸਦਾ ਏਹ ਗੁਣ ਹੈ, ਕਿ ਫੁੱਲ ਭੀ ਅਤੇ ਫਲ ਬੀ ਇੱਕੋ ਰੁੱਤ ਵਿਖੇ ਆਪੋ ਆਪਣਾ ਰੰਗ ਵਿਖਾਲਦੇ ਹਨ, ਇਹ ਗੱਲ ਸਾਰਿਆਂ ਬੂਟਿਆਂ ਵਿਖੇ ਵੇਖੀ ਨਹੀਂ ਜਾਂਦੀ। ਇਸਦੇ ਇੱਕੋ ਬੂਟੇ ਤੋਂ ਖਿੜੇ ਹੋਏ ਸੁਗੰਧਿ ਵਾਲੇ ਫੁੱਲ ਬੀ ਚੁਗ ਲਓ,ਅਤੇ ਹਰੀਆਂ ਹਰੀਆਂ ਖੱਟੀਆਂ, ਲਾਲ,ਪੀਲੀਆਂ,ਪੱਕੀਆਂ ਹੋਈਆਂ ਨਰੰਗੀਆਂ ਜੋ ਚਾਹੋ ਤੋੜ ਲਓ, ਪਰ ਫੁੱਲਾਂ ਦੀ ਲਹਿਰ ਹੁਨਾਲ ਦੇ ਆਉਂਦੇ ਹੀ ਹੁੰਦੀ ਹੈ, ਇਸ ਵੇਲੇ ਮਿੱਠੀ ੨ ਸੁਗੰਧਿ ਨਾਲ ਸਾਰਾ ਬਾਗ਼ ਮਹਕ ਜਾਂਦਾ ਹੈ ॥

ਆਓ ਇਸਦਾ ਇੱਕ ਮਹਕਦਾ ਫੁੱਲ ਚੁੱਕੀਏ,ਰਤੀ ਧਜਾਨ ਨਾਲ ਵੇਖੋ, ਡੰਡੀ ਦੇ ਸਿਰੇ ਪੁਰ ਇੱਕ ਨਿੱਕੀ ਜੇਹੀ ਪਿਆਲੀ ਹੈ, ਪਿਆਲੀ ਦਿਆਂ ਕੰਢਿਆਂ ਦੇ ਦੁਆਲੇ ਨਿਕੇ ਨਿਕੇ ਪੰਜ ਕਿੰਗਰੇ ਹਨ,ਇਹ ਪਿਆਲੀ ਨਿੱਕਿਆਂ ਨਿੱਕਿਆਂ ਪੰਜਾਂ ਪੱਤਰਾਂ ਨਾਲ ਬਣੀ ਹੈ, ਇਹ ਪੱਤਰ ਆਪੋ ਵਿੱਚੀ ਜੁੜੇ ਹੋਏ ਹਨ,ਅਤੇ ਇਨ੍ਹਾਂ ਦੀਆਂ ਨੋਕਾਂ ਹੀ ਕਿੰਗਰੇ ਹਨ। ਅੰਗ੍ਰੇਜ਼ੀ ਵਿੱਚ ਇਨ੍ਹਾਂ ਪੱਤਰਾਂ ਨੂੰ ਸੀਪਲ ਕਹਿੰਦੇ ਹਨ। ਪਿਆਲੀ ਦੇ ਅੰਦਰ ਚਿੱਟਿਆਂ

ਚਿੱਟੀਆਂ ਖਿੜੀਆਂ ਹੋਈਆਂ ਪੰਜ ਖੰਭੜੀਆਂ ਹਨ। ਖੰਭੜੀਆਂ ਨੂੰ ਚੰਗੀ ਤਰ੍ਹਾਂ ਵੇਖੋ, ਤਾਂ ਉਨ੍ਹਾਂ ਪੁਰ ਅਨੇਕ ਨਿਕੀਆਂ ਨਿਕੀਆਂ ਚਿੱਤੀਆਂ ਦਿੱਸਣਗੀਆਂ, ਇਹ ਤੇਲ ਨਾਲ ਭਰੀਆਂ ਹੋਈਆਂ ਨਿਕੀਆਂ ਨਿਕੀਆਂ ਥੈਲੀਆਂ ਹਨ। ਫੁੱਲਾਂ ਵਿੱਚੋਂ ਜੋ ਤ੍ਰਿੱਖੀ ਸੁਗੰਧਿ ਨਿਕਲਦੀ ਹੈ, ਉਹ ਇਸੇ ਤੇਲ ਵਿੱਚੋਂ ਆਉਂਦੀ ਹੈ। ਖੰਭੜੀਆਂ ਦੇ ਅੰਦਰ ਨਿਕੀਆਂ ਨਿਕੀਆਂ ਵਸਤਾਂ ਖਲੋਤੀਆਂ ਹੁੰਦੀਆਂ ਹਨ, ਜਿੱਕੁਰ ਸੂਤ ਦੇ ਟੁਕੜੇ, ਇਨ੍ਹਾਂ ਨੂੰ ਜ਼ੀਰਾ ਕਹਿੰਦੇ ਹਨ, ਇਨ੍ਹਾਂ ਦੇ ਕਈ ਕਈ ਗੁੱਛੇ ਹੁੰਦੇ ਹਨ। ਹਰ ਜ਼ੀਰੇ ਦੇ ਸਿਰੇ ਪੁਰ ਪੀਲੀ ਪੀਲੀ ਘੁੰਡੀ ਹੈ, ਉਸ ਵਿੱਚ ਮਹੀਨ ਮਹੀਨ ਪਰਾਗ ਹੁੰਦੀ ਹੈ, ਜਿਸਦਾ ਵਰਨਣ ਮਧੁਮੱਖੀ ਦੇ ਬ੍ਰਿਤਾਂਤ ਵਿਖੇ ਆਇਆ ਸਾ। ਜੇ ਖੰਭੜੀਆਂ ਅਤੇ ਜ਼ੀਰਾ ਕੱਢ ਲਓ, ਤਾਂ ਵਿਚਕਾਰਲਾ ਭਾਗ ਦਿੱਸੇਗਾ, ਅੰਗ੍ਰੇਜ਼ੀ ਵਿਖੇ ਇਸਨੂੰ ਪਿਸਟਲ ਕਹਿੰਦੇ ਹਨ, ਇੱਸੇ ਤੋਂ, ਆਪਣੇ ਵੇਲੇ ਸਿਰ ਫਲ ਬਣਦਾ ਹੈ। ਪਿਸਟਲ ਨੂੰ ਕੱਟੋ, ਤਾਂ ਹੇਠਾਂ ਨੂੰ ਨਿਕੇ ਨਿਕੇ ਖ਼ਾਨੇ ਪ੍ਰਤੀਤ ਹੁੰਦੇ ਹਨ, ਅਤੇ ਹਰ ਖ਼ਾਨੇ ਵਿਖੇ ਨਿਕੇ ਨਿਕੇ ਬੀਉ ਦਿੱਸਣਗੇ। ਪਰਾਗ ਨਾ ਹੁੰਦੀ ਤਾਂ ਪਿਸਟਲ ਤੇ ਨਰੰਗੀ ਨਾ ਬਣਦੀ, ਪਰ ਇਸਦੀ ਵਾਰਤਾ ਅਗਲੀ ਪੁਸਤਕ ਵਿਖੇ ਆਇਗੀ ॥

ਫਲ ਦੇ ਗੁਣ ਕਹਿਣ ਦੀ ਕੋਈ ਲੋੜ ਨਹੀਂ, ਭਾਰਤਵਰਖ ਵਿਖੇ ਕੇੜ੍ਹਾ ਬਾਲ ਹੈ, ਕਿ ਜਿਸਨੂੰ ਨਰੰਗੀ ਦੀਆਂ ਖਟਮਿੱਠੀਆਂ ਰਸਦਾਰ ਫਾੜੀਆਂ ਦਾ ਸੁਆਦ ਚੇਤੇ ਨਾ ਹੋਇਗਾ ? ਇਹ ਫਲ ਬਹੁਤ ਕੰਮ ਆਉਂਦਾ ਹੈ। ਇਸਦਾ ਸ਼ਰਬਤ ਸਭਿਆਰ ਆਨੰਦ ਦਾਇਕ ਹੈ, ਗੁੱਦੇ ਅਤੇ ਛਿੱਲੜਾਂ ਦਾ ਵੱਡਾ ਸ੍ਵਾਦਦਾਰ ਮੁਰੱਬਾ ਬਣਦਾ ਹੈ, ਛਿੱਲੜਾਂ ਨੂੰ ਸੁਕਾਉਂਦੇ ਹਨ, ਚੰਨਣ, ਖਸਖ਼ਾਸ ਅਤੇ ਹੋਰ ਵਸਤਾਂ ਉਸਦੇ ਨਾਲ ਰਲਾਉਂਦੇ ਹਨ, ਫੇਰ ਸਭਨਾਂ ਨੂੰ ਸੁੱਕੀਆਂ ਹੀ ਪੀਹ ਲੈਂਦੇ ਹਨ, ਇਸ ਨੂੰ ਵਟਣਾ ਕਹਿੰਦੇ ਹਨ, ਵਿਆਹਾਂ ਵਿਖੇ ਲਾੜੇ ਅਤੇ ਲਾੜੀਆਂ ਨੂੰ ਮਲਦੇ ਹਨ, ਭੋਜਨ ਕਰਕੇ ਧਨੀ ਲੋਕ ਇਸ ਨਾਲ ਹੱਥ ਧੋਂਦੇ ਹਨ। ਕਈਆਂ ਦੇਸਾਂ ਵਿਖੇ ਛਿੱਲੜਾਂ ਦੀ ਕੁੜੱਤਣ ਨੂੰ ਕੱਢ ਕੇ ਔਖਧ ਬਣਾਉਂਦੇ ਹਨ, ਭੋਜਨ ਪਾਉਣ ਤੋਂ ਮੂਹਰੇ ਪੀਂਦੇ ਹਨ, ਤਾਂ ਚੰਗੀ ਭੁੱਖ ਲਗਦੀ ਹੈ॥

ਤੁਸੀਂ ਜਾਣਦੇ ਹੋ, ਕਿ ਜਦ ਨਰੰਗੀ ਦਾ ਛਿੱਲੜ ਲਾਹ ਲੈਂਦੇ ਹਨ, ਤਾਂ ਉਸ ਦੀਆਂ ਫਾਂਕਾਂ ਸੁਖਾਲੀਆਂ ਵੱਖਰੀਆਂ ਹੋ ਜਾਂਦੀਆਂ ਹਨ। ਹਰ ਫਾੜੀ ਵਿੱਚ ਇੱਕ ਯਾ ਵਧੀਕ ਬੀਉ ਹੁੰਦੇ ਹਨ, ਜੋ ਛੋਂ ਇਨ੍ਹਾਂ ਬੀਆਂ ਦੇ ਜੋਗ

ਹੋਏ, ਉਸ ਵਿਚ ਜੋ ਬੀਜੇ ਜਾਣ ਤਾਂ ਉੱਗ ਕੇ ਨਰੰਗੀ ਦੇ ਬੂਟੇ ਹੋਜਾਣਗੇ,ਪਰਪੇਉਂਦਲਾਉਣਦਾ ਬਹੁਤ*ਪ੍ਰਭਾਵਹੈ। ਇਸਦਾ ਰਾਹ ਇਹ ਹੈ, ਕਿ ਨਰੰਗੀ ਦੇ ਸਿੱਕੜ ਦਾ ਇਕ ਨਿੱਕਾ ਜੇਹਾ ਟੁਕੜਾ ਲਾਹ ਲੈਂਦੇ ਹਨ, ਕਿ ਜਿਸ ਵਿਖੇ ਪੁੰਗ ਨਿਕਲਨ ਪੁਰ ਹੋਏ, ਕਿਸੇ ਹੋਰ ਰੁਖ ਵਧੇਰੇ ਖੱਟੇ ਯਾ ਮਿੱਠੇ ਦੀਆਂ ਟਾਹਣੀਆਂ ਉੱਪਰੋਂ ਬੀ ਉੱਨਾ ਹੀ ਸੱਕ ਲਾਹ ਦਿੰਦੇ ਹਨ, ਫੇਰ ਨਰੰਗੀ ਦੇ ਸੱਕ ਨੂੰ ਮਿੱਠੇ ਦੀ ਛਿੱਲੀ ਹੋਈ ਟਾਹਣੀ ਪੁਰ ਧਰ ਕੇ ਬੰਨ੍ਹ ਦਿੰਦੇ ਹਨ, ਇਹ ਕੰਮ ਬਾਹਲਾ ਦੋ ਟਾਹਣੀਆਂ ਪੁਰ ਕਰਦੇ ਹਨ। ਇਸਤੇ ਮਗਰੋਂ ਪੇਉਂਦ ਲੱਗੀ ਹੋਈ ਟਾਹਣੀ ਨੂੰ ਉੱਪਰੋਂ ਵੱਢ ਸਿੱਟਦੇ ਹਨ, ਅਤੇ ਬਾਕੀ ਦੀਆਂ ਟਾਹਣੀਆਂ ਨੂੰ ਬੀ ਛਾਂਗ ਦਿੰਦੇ ਹਨ, ਹੁਣ ਨਰੰਗੀ ਦੇ ਅੰਗੂਰ ਪੁਰੋਂ ਇੱਕ ਕੂਮਲੀ ਨਿਕਲ ਕੇ ਵਧ ਜਾਂਦੀ ਹੈ ਉਸ ਵਿੱਚੋਂ ਜੋ ਟਾਹਣੀਆਂ ਨਿਕਲਦੀਆਂ ਹਨ, ਓਹ ਵੱਢੀਆਂ ਹੋਈਆਂ ਟਾਹਣੀਆਂ ਦੀ ਥਾਂ ਹੁੰਦੀਆਂ ਹਨ, ਅਤੇ ਉਨ੍ਹਾਂ ਨੂੰ ਖੱਟੇ ਯਾ ਮਿੱਠੇ ਦੀ ਥਾਂ ਨਰੰਗੀਆਂ ਲਗਦੀਆਂ ਹਨ॥

ਇਸਦਾ ਬੂਟਾ ਬਾਹਲਾ ਬਹੁਤਾ ਵੱਡਾ ਨਹੀਂ ਹੁੰਦਾ, ਫ਼ਰਾਂਸ ਦੀ ਰਾਜਧਾਨੀ ਪੈਰਸ ਦੇ ਨੇੜੇ ਇੱਕ ਸੁੰਦਰ ਬਾਗ਼

*ਵਰਤਾਰਾ।

ਹੈ, ਉਸ ਵਿਖੇ ਤੀਹ ਫੁੱਟ ਉੱਚਾ ਇੱਕ ਨਰੰਗੀ ਦਾ ਬੂਟਾ ਹੈ, ਉਸ ਕੋਲੋਂ ਵੱਡਾ ਅੱਜ ਤਕ ਕਿਤੇ ਸੁਣਿਆ ਨਹੀਂ ਗਿਆ,ਕਹਿੰਦੇ ਹਨ,ਕਿ ਉਸਦੀ ਉਮਰ ਚਾਰ ਸੈ ਬਰਸਾਂ ਦੀ ਹੈ। ਸਾਰਡੀਨੀਆਂ ਨਾਮੇ ਟਾਪੂ ਵਿਖੇ ਕੁਝ ਅਜੇਹੇ ਬ੍ਰਿਛ ਹਨ, ਕਿ ਜਿਨ੍ਹਾਂ ਦਾ *ਲਪੇਟ ਦੋ ਗਜ਼ਾਂ ਦਾ ਹੈ, ਇਨ੍ਹਾਂ ਦੀ ਉਮਰ ਸੱਤ ਸੋ ਬਰਸਾਂ ਦੀ ਕਹਿੰਦੇ ਹਨ ॥

ਸਮਝਦੇ ਹਨ, ਕਿ ਇਹ ਬ੍ਰਿਛ ਭਾਰਤਵਰਖ ਤੇ ਨਿਕਲਿਆ ਹੈ, ਪਰ ਹੁਣ ਯੋਰਪ ਅਤੇ ਏਸ਼ੀਆ ਦਿਆਂ ਸਾਰਿਆਂ ਦੱਖਣੀ ਦੇਸਾਂ ਵਿਖੇ ਅਤੇ ਧਰਤੀ ਦਿਆਂ ਹੋਰਨਾਂ ਥਾਵਾਂ ਵਿਖੇ ਵਿੱਦਜਮਾਨ ਹੈ। ਇੰਗਲਿਸਤਾਨ ਵਿਖੇ ਅਜੇਹੀ ਠੰਢ ਹੁੰਦੀ ਹੈ,ਕਿ ਉੱਥੇ ਇਸਦਾ ਬੂਟਾ ਖਿੱਲਰਦਾ ਨਹੀਂ ॥

ਯੂਰੋਪ ਵਿਖੇ ਇਨ੍ਹਾਂ ਬੂਟਿਆਂ ਦੀ ਵੱਡੀ ਟੈਹਲ ਹੁੰਦੀ ਹੈ, ਇੱਸੇ ਲਈ ਭਾਰਤਵਰਖ ਦੀਆਂ ਨਰੰਗੀਆਂ ਕੋਲੋਂ ਉੱਥੇ ਦੀਆਂ ਨਰੰਗੀਆਂ ਸ੍ਵਾਦਦਾਰ ਹੁੰਦੀਆਂ ਹਨ। ਇਨ੍ਹਾਂ ਦਾ ਛਿੱਲੜ ਐਥੇ ਦੀਆਂ ਨਰੰਗੀਆਂ ਦਿਆਂ ਛਿੱਲੜਾਂ ਦੀ ਤਰ੍ਹਾਂ ਖੋਖਲਾ ਨਹੀਂ ਹੁੰਦਾ, ਫਾੜੀਆਂ ਨਾਲ ਅਜੇਹਾ ਚੰਬੜਿਆ ਹੋਇਆ ਹੁੰਦਾ ਹੈ, ਕਿ ਸਾਰਾ ਉਤਰਨਾ ਖਾ

---

* ਘੇਰਾ

ਹੈ। ਕਈ ਵਰ੍ਹੇ ਹੋਏ ਕਿ ਅਜੇਹੀਆਂ ਨਰੰਗੀਆਂ ਦੇ ਬੂਟੇ ਮਾਲਟਾ ਨਾਮੇ ਟਾਪੂ ਤੇ ਲਿਆਕੇ ਗੁਜਰਾਂ ਵਾਲੇ ਵਿਖੇ ਲਾਏ ਸਨ, ਹੁਣ ਪੰਜਾਬ ਦਿਆਂ ਬਹੁਤਿਆਂ ਰੀਝਵਾਲਿਆਂ ਨੇ ਆਪੋ ਆਪਣੇ ਬਾਗਾਂ ਵਿੱਚ ਇਸਦੇ ਬੂਟੇ ਲਾਏ ਹਨ॥

ਖੱਟੇ ਦਿਆਂ ਫੁਲਾਂ ਨੂੰ ਪੰਜਾਬ ਵਿਖੇ ਹਿੰਦੂ "ਕਰਨਾ" ਸੱਦਦੇ ਹਨ, ਅਤੇ ਮੁਸਲਮਾਨ "ਬਹਾਰ ਦੇ ਫੁੱਲ" ਕਹਿੰਦੇ ਹਨ। ਜਿੱਕੁਰ ਚੰਬੇਲੀ ਦੀ ਵਾਰਤਾ ਵਿਖੇ ਕਿਹਾ ਗਿਆ ਹੈ, ਉਵੇਂ ਇਸਦਾ ਬੀ ਅਤਰ ਅਤੇ ਫੁਲੇਲ ਨਿਕਲਦਾ ਹੈ। ਇਹਦਾ ਫਲ ਅਤਿ ਖੱਟਾ ਹੁੰਦਾ ਹੈ, ਤਾਂ ਬੀ ਲੋਕ ਖਾਂਦੇ ਹਨ, ਵਧੇਰੇ ਪੰਜਾਬ ਦੀਆਂ ਤ੍ਰੀਮਤਾਂ ਅਤੇ ਕੁੜੀਆਂ, ਰੰਗਾਂ ਦੇ ਨਿਖਾਰਨ ਅਤੇ ਸਾਫ਼ ਕਰਣ ਲਈ ਇਸਦਾ ਰਸਾ ਕੰਮ ਆਉਂਦਾ ਹੈ, ਅਤੇ ਹੋਰਨਾਂ ਕੰਮਾਂ ਵਿਖੇ ਬੀ ਖੱਟਾ ਲਗਦਾ ਹੈ, ਭੁੰਨਿਆਂ ਹੋਇਆਂ ਯਾ ਉਬਾਲਿਆਂ ਹੋਇਆਂ ਆਲੂਆਂ ਕਚਾਲੂਆਂ ਅਤੇ ਘੁੰਙਣੀਆਂ ਵਿਖੇ ਲੂਣ ਮਿਰਚ ਰਲਾਕੇ ਇਹਦੀ ਰਸਾ ਨਿਚੋੜਦੇ ਹਨ। ਕਾਗਤੀ ਨਿੰਬੂਆਂ ਦਾ ਅਚਾਰ ਬਹੁਤ ਪੈਂਦਾ ਹੈ, ਸ਼ਿਕੰਜਬੀ ਬਣਾਉਂਦੇ ਹਨ, ਸ਼ਰਬਤ ਵਿਖੇ ਨਿਚੋੜ ਕੇ ਉਨ੍ਹਾਲ ਵਿਖੇ ਪੀਂਦੇ ਹਨ, ਲੂਣ ਮਿਰਚ ਲਾਕੇ ਪਿੱਤ ਜ੍ਵਰ ਨਾਮੇ ਤਾਪਾਂ ਵਿਖੇ ਚੂਪਦੇ ਹਨ॥




S.G.] MAYO SCHOOL OF ART, LAHORE.

# ਪੋਸਤ

ਰਤਾ ਇਨ੍ਹਾਂ ਫੁੱਲਾਂ ਦੇ ਕਿਆਰੇ ਵੱਲ ਦੇਖਣਾ! ਕੇਹੀ ਬਹਾਰ ਹੈ, ਵਾਹਵਾ! ਚਿੱਟੇ ਚਿੱਟੇ ਫੁੱਲ ਧੁੱਪ ਵਿਖੇ ਕੇਹੇ ਸੁੰਦਰ ਉੱਜਲੇ ਵਿਖਾਲੀ ਦਿੰਦੇ ਹਨ, ਮੱਠੀ ਮੱਠੀ ਵਾਉ ਵੱਗਣ ਤੇ ਕੇਹੇ ਲਹਲਹਾਉਂਦੇ ਹਨ। ਪੋਸਤ ਦਿਆਂ ਫੁੱਲਾਂ ਵਿਖੇ ਜੇ ਸੁੰਦਰਤਾਈ ਹੀ ਹੁੰਦੀ ਅਤੇ ਕੁਝ ਗੁਣ ਨਾ ਹੁੰਦਾ ਤਾਂ ਬੀ ਲੋਕ ਬਾਗਾਂ ਵਿਖੇ ਇਸਨੂੰ ਸੋਭਾ ਲਈ ਲਾਉਂਦੇ, ਪਰ ਭਾਰਤ ਵਰਖ ਵਿਖੇ ਅਜੇਹਾ ਕੌਣ ਹੈ, ਜੋ ਇਹ ਨਾ ਜਾਣਦਾ ਹੋਏ ਕਿ ਇਸਦੇ ਫੁੱਲ ਨਿਰੀ ਆਪਣੀ ਸੋਭਾ ਹੀ ਨਹੀਂ ਵਿਖਾਉਂਦੇ, ਪਰ ਬੀਜਣ ਵਾਲੇ ਨੂੰ ਨਿਹਾਲ ਕਰ ਦਿੰਦੇ ਹਨ ?

ਪੋਸਤ ਦਿਆਂ ਬਹੁਤਿਆਂ ਫੁੱਲਾਂ ਦੇ ਰੰਗ ਸਭਿਆਰ ਭੜਕਦਾਰ ਹੁੰਦੇ ਹਨ, ਕੋਈ ਲਾਲ, ਕੋਈ ਗੁਲਾਬੀ, ਕੋਈ ਕਾਸਣੀ, ਅਤੇ ਕੋਈ ਚਿੱਟੇ ਹੁੰਦੇ ਹਨ, ਪਰਬਤਾਂ ਦੀਆਂ ਉੱਚੀਆਂ ਉੱਚੀਆਂ ਥਾਵਾਂ ਪੁਰ ਇੱਸੇ ਪ੍ਰਕਾਰ ਦਾ ਇਕ ਹੋਰ ਸੁੰਦਰ ਬੂਟਾ ਹੁੰਦਾ ਹੈ, ਉਸਦੇ ਫੁੱਲ ਦਾ ਕਚਨੀਲਾ ਰੰਗ ਡਾਢਾ ਸੋਹਣਾ ਜਾਪਦਾ ਹੈ। ਭਾਵੇਂ ਪੋਸਤ ਦਿਆਂ ਫੁੱਲਾਂ ਦੇ ਰੰਗ ਵੱਖੋ ਵੱਖਰ ਹਨ, ਪਰ ਇੱਕ ਗੱਲ ਸਾਰਿਆਂ

ਵਿੱਚ ਬਰਾਬਰ ਹੈ, ਕਿ ਡੰਡੀ ਅਤੇ ਡੋਡੇ ਵਿਖੇ ਚਿੱਟਾ ਦੁੱਧ ਵਾਕਰ ਰਸ ਹੁੰਦਾ ਹੈ, ਇਸੇ ਰਸ ਲਈ ਕਿਰਸਾਣ ਇਨ੍ਹਾਂ ਪੈਲੀਆਂ ਪੁਰ ਵੱਡੀਜਾਨ ਮਾਰਦਾ ਹੈ।ਪੋਸਤ ਦੀਆਂ ਜਾਤੀਆਂ ਵਿੱਚੋਂ ਚਿੱਟਿਆਂ ਫੁੱਲਾਂ ਵਾਲਿਆਂ ਉੱਚਿਆਂ ਉੱਚਿਆਂ ਬੂਟਿਆਂ ਵਿੱਚੋਂ ਰਸ ਵਧੀਕ ਨਿਕਲਦਾ ਹੈ, ਇਨ੍ਹਾਂ ਨੂੰ ਭਾਰਤਵਰਖ ਵਿਖੇ ਬਹੁਤ ਬੀਜਦੇ ਹਨ ॥

ਪਹਿਲਾਂ ਤਾਂ ਕੋਈ ਵਾਰ ਹਲ ਵਾਹੁੰਦੇ ਹਨ, ਢੇਲਿਆਂ ਨੂੰ ਫੇਹਕੇ ਚੂਰਾ ਕਰਦੇ ਹਨ, ਕਿ ਇਸ ਦਿਆਂ ਨਿਕਿਆਂ ਨਿਕਿਆਂ ਬੀਆਂ ਦੀਆਂ ਕੂਲੀਆਂ ਕੂਲੀਆਂ ਕੁਮਲੀਆਂ ਢੇਲਿਆਂ ਵਿੱਚੋਂ ਨਹੀਂ ਪੁੰਗਰ ਦੀਆਂ, ਫੇਰ ਪੈਲੀਆਂ ਵਿਖੇ ਢੇਰ ਸਾਰੀ ਰੂੜੀ ਪਾਉਂਦੇ ਹਨ, ਕਿ ਭੋਂ ਜਿੰਨੀ ਬਲਵਾਨ ਹੋਇਗੀ ਬੂਟਿਆਂ ਵਿਖੇ ਉੱਨਾ ਹੀ ਵਧੀਕ ਰਸ ਪਏਗਾ । ਬੀਜਣ ਵਿਖੇ ਭੀ ਵੱਡੀ ਹੀ ਚੌਕਸੀ ਲੋੜੀਏ, ਕਿਉਂਕਿ ਇਸਦੇ ਨਿਕੇ ਨਿਕੇ ਬੀਉ ਜੇ ਹੋਰਨਾਂ ਬੀਆਂ ਵਾਕਰ ਖਿਲਾਰੇ ਜਾਣ, ਤਾਂ ਗੁੱਛਿਆਂ ਦੇ ਗੁੱਛੇ ਇਕੱਠੇ ਪੈਣਗੇ, ਇਸ ਖਰਾਬੀ ਦਾ ਉਪਾਇ ਇਹ ਹੈ, ਕਿ ਕਿਸੇ ਕਿਸੇ ਥਾਂ ਇਸ ਦਿਆਂ ਬੀਆਂ ਵਿੱਚ ਥੋੜਾਜਿਹਾਗੋਹਾ ਅਤੇ ਮਿੱਟੀਰਲਾਕੇ ਕਿਰਸਾਣ ਗੋਲੀਆਂ ਵੱਟ ਲੈਂਦੇ ਹਨ,ਅਤੇ ਉਨ੍ਹਾਂਨੂੰ ਥੋੜੀ ਥੋੜੀ ਦੂਰ ਪੈਲੀਆਂ

ਵਿਖੇ ਗੱਡ ਦਿੰਦੇ ਹਨ,ਕਿਤੇ ਮਿੱਟੀ ਵਿੱਚ ਰਲਾਕੇ ਖਿਲਾਰ ਦਿੰਦੇ ਹਨ, ਕੇਈ ਐਵੇਂ ਹੀ ਖਿਲਾਰ ਦਿੰਦੇ ਹਨ, ਪਰ ਇਸ ਵਿਖੇ ਵੱਡਾ ਜਾਨ ਹੁੰਦਾ ਹੈ। ਇਸ ਦੀਆਂ ਕੂਲੀਆਂ ਕੂਲੀਆਂ ਕੂਮਲੀਆਂ ਨਿਕਲਣ ਪੁਰ ਬੀ ਕਿਰਸਾਣ ਦੀ ਮਿਹਨਤ ਪੂਰੀ ਨਹੀਂ ਹੋ ਚੁਕਦੀ, ਸਦਾ ਪੈਲੀ ਵਿੱਚੋਂ ਘਾ ਫੂਸ, ਕੂੜਾ, ਕੱਟਕਾ ਪੱਟਦਾ ਹੀ ਰਹਿੰਦਾ ਹੈ ਅਤੇ ਭੋਂ ਨੂੰ ਗੋਡਦਾ ਹੈ, ਤਾਂ ਜਾਕੇ ਫ਼ਸਲ ਚੰਗੀ ਹੁੰਦੀ ਹੈ॥

ਨਿਕਲਦੇ ਸਿਆਲੇ ਫੁੱਲ ਖਿੜਦੇ ਹਨ, ਇਸ ਨੂੰ ਸਾਰੇ ਪਛਾਣਦੇ ਹਨ । ਪਤਲੀਆਂ ਪਤਲੀਆਂ ਮਹੀਨ ਮਹੀਨ ਕਾਗਤ ਵਾਕਰ ਖੰਭੜੀਆਂ ਬਹੁਤਿਆਂ ਵਿੱਚ ਤਾਂ ਚਾਰ ਹੁੰਦੀਆਂ ਹਨ, ਪਰ ਕੇਈਆਂ ਵਿੱਚ ਛੇ ਬੀ, ਇਹ ਅਜੇਹੀ ਸੁੰਦਰ ਤਰ੍ਹਾਂ ਨਾਲ ਲੱਗੀਆਂ ਹੋਈਆਂ ਹੁੰਦੀਆਂ ਹਨ, ਕਿ ਰਤੀ ਬੀ ਛੁਹੀਆਂ ਅਰ ਢੈ ਪਈਆਂ। ਖੰਭੜੀਆਂ ਦੇ ਅੰਦਰ ਬਹੁਤ ਸਾਰੀਆਂ ਤਰੀਆਂ ਹੁੰਦੀਆਂ ਹਨ, ਅਤੇ ਉਨ੍ਹਾਂ ਦੇ ਵਿਚਕਾਰ ਪਿਸਟਲ, ਜਿਸ ਤੋਂ ਡੋਡਾ ਬਣਦਾ ਹੈ। ਤੁਸੀਂ ਇਸਦੀ ਇੱਕ ਕਲ਼ੀ ਲੈਕੇ ਦੇਖੋ ਇਨ੍ਹਾਂ ਖੰਭੜੀਆਂ ਦੇ ਬਾਹਰ ਦੋ ਤ੍ਰੈ ਸੀਪਲ ਦਿੱਸਣਗੇ ਪਰ ਜਿਸ ਵੇਲੇ ਵੱਡੀਆਂ ਵੱਡੀਆਂ ਸੁੰਗੜੀਆਂ ਹੋਈਆਂ ਖੰਭੜੀਆਂ ਖਿੜ ਜਾਂਦੀਆਂ ਹਨ ਤਾਂ ਸੀਪਲ਼

ਬਹੁਤ ਛੇਤੀ ਝੜ ਪੈਂਦੇ ਹਨ, ਜਾਂ ਡੋਡਾ ਫੁੱਲਾਂ ਦੇ ਵਿਚਕਾਰ ਬਣ ਜਾਏ, ਜੇ ਉਸਦੇ ਹਰੇ ਹਰੇ ਛਿੱਲੜ ਨੂੰ ਪੱਛੀਏ, ਤਾਂ ਬੱਗਾ ਦੁੱਧ ਵਾਕਰ ਰਸ ਨਿਕਲਣ ਲੱਗੇਗਾ । ਜੇ ਡੋਡੇ ਨੂ ਚੀਰ ਕੇ ਦੋ ਭਾਗ ਕਰੀਏ ਤਾਂ ਨਿੱਕਿਆਂ ਨਿੱਕਿਆਂ ਸਾਵਿਆਂ ਬੀਆਂ ਦੇ ਨਿੱਕੇ ਨਿੱਕੇ ਗੁੱਛੇ ਵੱਖੋ ਵੱਖਰਿਆਂ ਘੁਰਿਆਂ ਵਿੱਚ ਦਿਖਲਾਈ ਦੇਣਗੇ ॥

ਜਾਂ ਚਿੱਟਿਆਂ ਫੁੱਲਾਂ ਦੀ ਸਾਰੀ ਪੈਲੀ ਖਿੜੀ ਹੁੰਦੀ ਹੈ, ਤਾਂ ਕਿਰਸਾਣ ਰਸ ਇਕੱਠਾ ਕਰਣ ਲੱਗਦਾ ਹੈ, ਕਮੀਨ ਲੋਕ ਪੈਲੀਆਂ ਵਿਖੇ ਜਾਂਦੇ ਹਨ, ਅਤੇ ਡੋਡਿਆਂ ਨੂੰ ਯਤਨ ਨਾਲ ਕੇਈ ਥਾਂਈਂ ਇੱਕ ਸੰਦਰ ਨਾਲ ਚੀਰ ਦਿੰਦੇ ਹਨ, ਉਸ ਸੰਦਰ ਨੂੰ ਨੌਂਹਦਰ ਯਾ ਕਲਮ ਕਹਿੰਦ ਹਨ, ਇਸ ਦੀਆਂ ਤ੍ਰੈ ਨੋਕਾਂ ਹੁੰਦੀਆਂ ਹਨ । ਜੋ ਰਸ ਨਿਕਲਦਾ ਹੈ, ਸੋ ਸੁੱਕ ਕੇ ਭੂਰਾ ਹੋ ਜਾਂਦਾ ਹੈ, ਉਸ ਨੂੰ *ਘਰੋੜ ਲੈਂਦੇ ਹਨ, ਇਸ ਘਰੋੜ ਨੂੰ ਕੱਚੀ ਅਫ਼ੀਮ ਕਹਿੰਦੇ ਹਨ ॥

ਬੰਗਾਲੇ, ਮਾਲਵੇ, ਬਰਾੜ ਅਤੇ ਮੈਸੂਰ ਵਿਖੇ ਅਫ਼ੀਮ ਢੇਰ ਹੁੰਦੀ ਹੈ, ਉੱਤਰ ਪੱਛਮੀ ਦੇਸ ਵਿਖੇ ਇਸਦੀ ਫ਼ਸਲ ਹੁੰਦੀ ਹੈ, ਪੰਜਾਬ ਵਿਖੇ ਘੱਟ ਹੁੰਦੀ ਹੈ

*ਖੁਰਚ।

ਇੱਥੋ ਸਭ ਤੋਂ ਚੰਗੀ ਕੁੱਲੂ ਦੀ ਅਫ਼ੀਮ ਹੈ, ਜੋ ਹਿਮਾਲ ਗਿਰ ਵਿਖੇ ਹੈ, ਅਤੇ ਜ਼ਿਲੇ ਸ਼ਾਹਪੁਰ ਦੀ । ਭਾਰਤਵਰਖ ਵਿਆਂ ਭਿੰਨ ਭਿੰਨ ਥਾਂਵਾਂ ਵਿਖੇ ਪੋਸਤ ਦੇ ਬੀਜਣ ਦੀ ਰੀਤੀ, ਅਤੇ ਅਫ਼ੀਮ ਦੇ ਤਿਆਰ ਕਰਨ ਦਾ ਰਾਹ ਵੱਖੋ ਵੱਖਰਾ ਹੈ, ਬੰਗਾਲੇ ਵਿਖੇ ਸਰਕਾਰੀ * ਲੈਸੰਸ ਬਿਨਾਂ ਕੋਈ ਬੀਜ ਨਹੀਂ ਸਕਦਾ, ਪੰਜਾਬ ਵਿਖੇ ਹਰ ਕੋਈ ਬੀਜ ਸਕਦਾ ਹੈ, ਪਰ ਹੋਰਨਾਂ ਵਸਤਾਂ ਨਾਲੋਂ ਇਸਦਾ ਮਾਮਲਾ ਵਧੀਕ ਹੈ,ਅਤੇ ਜਿਨ੍ਹਾਂ ਲਈ ਸਰਕਾਰ ਵੱਲੋਂ ਪਰਵਾਨਗੀ ਹੈ,ਉਨ੍ਹਾਂ ਹੀ ਕੋਲ ਅਫ਼ੀਮ ਨੂੰ ਵੇਚ ਸਕਦਾ ਹੈ। ਭਾਰਤਵਰਖ ਵਿਖੇ ਜਿੱਨੀ ਅਫ਼ੀਮ ਹੁੰਦੀ ਹੈ, ਉਸ ਵਿੱਚੋਂ ਢੇਰ ਸਾਰੀ ਚੀਨ ਦੇਸ ਨੂੰ ਜਾਂਦੀ ਹੈ, ਇਹ ਬਹੁਤੀਆਂ ਵਸਤਾਂ ਕੋਲੋਂ ਤਾਂ ਜੋ ਭਾਰਤਵਰਖ ਵਿਖੇ ਉਤਪੱਨ ਹੁੰਦੀਆਂ ਹਨਾਂ ਵਡ ਮੁੱਲੀ ਹੈ, ਇਸਤੇ ਸਰਕਾਰ ਨੂੰ ਬੀ ਵੱਡੀ ਖੱਟੀ ਹੈ ॥

ਇਹ ਔਖਧਿ ਵਿਖੇ ਬੀ ਬਹੁਤ ਵਰਤੀ ਜਾਂਦੀ ਹੈ, ਪੀੜ ਦੇ ਦੂਰ ਕਰਨ ਵਿਖੇ ਡਾਢੀ ਗੁਣਕਾਰ ਹੈ, ਰੋਗੀ ਵਿਚਾਰਾ ਪੀੜ ਦੇ ਮਾਰੇ ਕੇਹਾ ਹੀ ਤੜਫ ਰਿਹਾ ਹੋਏ, ਜਿੱਥੇ ਇਸਦੀ ਗੋਲੀ ਖਾਧੀ ਤੇ ਅਰਾਮ ਨਾਲ ਸੁੱਤਾ

---

* ਇਹ ਸ਼ਬਦ ਅੰਗ੍ਰੇਜ਼ੀ ਹੈ, ਆਗਯਾ ਪੱਤ੍ਰ, ਪਰਵਾਨਗੀ, ਯਾ ਸਨਦ ਇਸਦੇ ਅਰਥ ਹਨ ॥


ਅਫ਼ੀਮ ਭਾਵੇਂ ਵੱਡੀ ਚੰਗੀ ਵਸਤੂ ਹੈ, ਪਰ ਚੀਨ ਅਤੇ ਭਾਰਤਵਰਤ ਵਿਖੇ ਇਸ ਦੇ ਖਾਣ ਤੇ ਵੱਡੀਆਂ ਵੱਡੀਆਂ ਉਪਾਧੀਆਂ ਵੀ ਨਿਕਲਦੀਆਂ ਹਨ, ਸੋ ਤੁਸੀਂ ਜਾਣਦੇ ਹੀ ਹੋ, ਕਿ ਜਦ ਤਕ ਨਸ਼ਾ ਰਹਿੰਦਾ ਹੈ, ਅਫ਼ੀਮੀ ਦੁਸਤ ਰਹਿੰਦਾ ਹੈ, ਥੋੜ੍ਹੇ ਹੀ ਚਿਰ ਮਗਰੋਂ ਅਚਰਜ ਬਲਾ ਅਤੇ ਦੁੱਖ ਵਿਖੇ ਪੈ ਜਾਂਦਾ ਹੈ, ਇਸ ਵਿਖੇ ਇੱਕ ਹੋਰ ਭੈੜੀ ਗੱਲ ਇਹ ਹੈ ਕਿ ਜਿੱਥੇ ਇੱਕ ਵਾਰ ਲਗ ਗਈ, ਫੇਰ ਮਗਰੋਂ ਲਹਿਣੀ ਔਖੀ ਹੋ ਜਾਂਦੀ ਹੈ। ਭਾਵੇਂ ਅਫ਼ੀਮੀ ਬੀ ਚੰਗੀ ਤਰ੍ਹਾਂ ਜਾਣਦਾ ਹੈ, ਕਿ ਹੌਲੀ ਹੌਲੀ ਇਹ ਮੇਰਾ ਕੰਮ ਕਰਦੀ ਜਾਂਦੀ ਹੈ, ਪਰ ਤਾਂ ਬੀ ਛੱਡ ਨਹੀਂ ਸਕਦਾ ॥

ਭਾਰਤਵਰਖ ਵਿਖੇ ਕਈ ਬੇਸਮਝ ਤ੍ਰੀਮਤਾਂ ਆਪ-ਣਿਆਂ ਰੋਂਦਿਆਂ ਬੱਚਿਆਂ ਨੂੰ ਅਫ਼ੀਮ ਦਿੰਦੀਆਂ ਹਨ, ਕਿ ਓਹ ਸੌਂ ਰਹਿਨ, ਤੇ ਸਾਨੂੰ ਵੇਹਲ ਮਿਲੇ। ਬੱਚੇ ਮਾਪਿਆਂ ਨੂੰ ਅਫ਼ੀਮ ਖਾਂਦੇ ਵੇਂਹਦੇ ਹਨ, ਤਾਂ ਕੋਈ ਚੰਗੀ ਵਸਤੂ ਜਾਣਕੇ ਕਦੇ ਆਪ ਬੀ ਖਾ ਲੈਂਦੇ ਹਨ, ਅਤੇ ਅਜਾਈ ਆਪਣੀ ਜਾਨ ਤੇ ਹੱਥ ਧੋ ਬੈਂਹਦੇ ਹਨ, ਅਜੇਹੇ ਵੇਲੇ ਬੱਚੇ ਨੂੰ ਰਾਈ ਅਤੇ ਲੂਣ ਪੀਹਕੇ ਕੋਸੇ ਜਲ ਨਾਲ ਪਿਆਉਣ, ਅਤੇ ਉਲਟੀ ਕਰਾਉਣ, ਫੇਰ ਜੇ ਨੀਂਦ੍ਰ ਆਉਣ

ਲੱਗੇ ਤਾਂ ਚਾਹ, ਦੇਣ, ਜੇ, ਉਹ ਨਾ ਮਿਲੇ ਤਾਂ ਖੱਟੇ ਦਾ ਪਾਣੀ ਹੀ ਪਿਲਾਉਣ ॥

ਨਸ਼ੇਦਾਰ ਰਸ ਨਿਰਾ ਪੋਸਤ ਦਿਆਂ ਡੋਡਿਆਂ ਹੀ ਵਿੱਚ ਨਹੀਂ, ਪਰ ਡੰਡੀਆਂ, ਪੱਤ੍ਰਾਂ ਅਤੇ ਫੁੱਲਾਂ ਦਿਆਂ ਸਾਰਿਆਂ ਭਾਗਾਂ ਵਿਖੇ ਥੋੜਾ ਥੋੜਾ ਹੁੰਦਾ ਹੈ, ਪਰ ਬੀ ਅਰਥਾਤ ਖ਼ਸ਼ਖ਼ਾਸ਼ ਵਿਖੇ ਮਦ ਨਹੀਂ । ਖ਼ਸ਼ਖ਼ਾਸ਼ ਦਾ ਸ਼ਰਬਤ ਠੰਢ ਦਾ ਦਾਰੂ ਹੈ। ਕੜਾਹ ਅਤੇ ਖਾਣ ਵਾਲੀਆਂ ਹੋਰਨਾਂ ਅਨੇਕਾਂ ਵਸਤਾਂ ਵਿਖੇ ਬੀ ਵਰਤੀ ਜਾਂਦੀ ਹੈ। ਇਸ ਵਿਖੇ ਤੇਲ ਹੁੰਦਾ ਹੈ, ਨੀਂਦ੍ਰ ਨ ਆਏ, ਤਾਂ ਸਿਰ ਉੱਤੇ ਮਲ਼ਦੇ ਹਨ, ਚਿਤ੍ਰਕਾਰ ਰੰਗਾਂ ਵਿੱਚ ਪਾਉਂਦੇ ਹਨ, ਜਿਨ੍ਹਾਂ ਜ਼ਿਲਿਆਂ ਵਿੱਚ ਪੋਸਤ ਬਹੁਤ ਬੀਜਿਆ ਜਾਂਦਾ ਹੈ, ਉੱਥੇ ਦੀਵੇ ਵਿੱਚ ਬੀ ਬਾਲਦੇ ਹਨ, ਅਤੇ ਖਾਂਦੇ ਬੀ ਬਹੁਤ ਹਨ, ਜਦ ਪੋਸਤ ਦਿਆਂ ਡੋਡਿਆਂ ਵਿੱਚੋਂ ਅਫ਼ੀਮ ਅਤੇ ਖ਼ਸ਼ਖ਼ਾਸ਼ ਕੱਢ ਲੈਂਦੇ ਹਨ, ਤਾਂ ਫੋਕੇ ਟਕੋਰ ਦੇ ਕੰਮ ਆਉਂਦੇ ਹਨ। ਕਈ ਥਾਈਂ ਭੇਉਂ ਰਖਦੇ ਹਨ, ਅਤੇ ਨਸ਼ੇ ਦੇ ਲਈ ਇਨ੍ਹਾਂ ਦਾ ਪਾਣੀ ਪੀਂਦੇ ਹਨ। ਦੇਸੀ ਵੈਦ ਹਕੀਮ ਕਦੇ ੨ ਖੰਘ ਅਤੇ ਵਾਰੀ ਦੇ ਤਾਪ ਅਤੇ ਹੋਰਨਾਂ ਰੋਗਾਂ ਲਈ ਬੀ ਦੱਸਦੇ ਹਨ ॥

——



ਗੁਲਾਬ

P.B. I MAYO SCHOOL OF ART. LAHORE.

# ਗੁਲਾਬ

ਅਜੇਹਾ ਕੋਈ ਦੇਸ਼ ਨਹੀਂ,ਕਿ ਜਿੱਥੇ ਦਿਆਂ ਕਵੀਆਂ ਨੇ ਇਸਦੀ ਉਸਤਤਿ ਨਾ ਲਿਖੀ ਹੋਏ, ਅਤੇ ਸੱਚ ਬੀ ਹੈ ਕਿ ਰੂਪ ਅਤੇ ਸੁਗੰਧੀ ਵਿਖੇ ਇਸ ਫੁੱਲ ਤੇ ਵਧਕੇ ਹੋਰ ਕੋਈ ਫੁੱਲ ਨਹੀਂ ॥

ਹਿਮਾਲਯ ਗਿਰ ਦੀਆਂ ਕੇਈਆਂ ਥਾਵਾਂ ਵਿਖੇ ਜਾਂਗਲੀ ਗੁਲਾਬ ਬਹੁਤ ਹੁੰਦਾ ਹੈ, ਇਹ ਕੇਈਆਂ ਭਾਂਤਾਂ ਦਾ ਹੁੰਦਾ ਹੈ, ਇਨ੍ਹਾਂ ਵਿੱਚੋਂ ਇਕ ਪ੍ਰਕਾਰ ਦੇ ਗੁਲਾਬ ਦੀਆਂ ਵੱਲੀਂ ਢੇਰ ਮਿਲਦੀਆਂ ਹਨ, ਅਚਰਜ ਸੁੰਦਰ ਹੁੰਦੀਆਂ ਹਨ,ਅਤੇ ਫੁੱਲ ਵਿੱਚੋਂ ਬੀ ਡਾਢੀ ਸੁਗੰਧਿਆਉਂਦੀ ਹੈ, ਇੱਸੇ ਲਈ ਇਸਦਾ ਨਾਉਂ ਜੰਗਲੀ ਮੁਸ਼ਕ ਗੁਲਾਬ ਪੈ ਗਿਆ ਹੈ ਜੋ ਪਰਬਤ ਬਹੁਤ ਉੱਚੇ ਨਹੀਂ,ਉਨ੍ਹਾਂ ਪੁਰ ਇਹ ਗੁਲਾਬ ਢੇਰ ਦਿਖਲਾਈ ਦਿੰਦਾ ਹੈ, ਰੁੱਖਾਂ ਪੁਰ ਛਾਇਆ ਹੋਇਆ ਹੁੰਦਾ ਹੈ, ਅਤੇ ਉਨ੍ਹਾਂ ਨੂੰ ਚਿੱਟਿਆਂ ਬਰਫ਼ ਜੇਹਿਆਂ ਫੁੱਲਾਂ ਨਾਲ ਕੱਜ ਲੈਂਦਾ ਹੈ ॥

ਜੇ ਜੰਗਲੀ ਗੁਲਾਬ ਦੇ ਇੱਕ ਫੁਲ ਨੂੰ ਲੈਕੇ ਦੇਖੋ ਤਾਂ ਉਸ ਵਿਖੇ ਪੰਜ ਸੀਪਲ ਹੋਣਗੇ,ਏਹ ਜੁੜੇ ਹੋਏ ਨਹੀਂ, ਕਿਜੇਹੇਨਰੰਗੀਦੇਫੁੱਲਵਿਖੇਹੁੰਦੇਹਨ,ਪਰਵੱਖੋ ਵੱਖਰੇ ਹਨ,

ਇਨ੍ਹਾਂ ਦੇਅੰਦਰ ਪੰਜ ਖੰਭੜੀਆਂ ਹਨ, ਇਨ੍ਹਾਂ ਵਿੱਚ ਬਹੁਤ ਤਰੀਆਂ, ਜੋ ਇੱਕ ਨਿੱਕੀ ਜੇਹੀ ਨਾਲਕੀ ਦੇ ਮੂੰਹ ਪੁਰ ਖੜੋਤੀਆਂਹਨ। ਜੇ ਨਾਲਕੀ ਨੂੰ ਹੇਠੋਂ ਕੱਟਕੇ ਦੋ ਟੁੱਕ ਕਰ ਦੇਓ, ਤਾਂ ਮਲੂਮ ਹੋਇਗਾ, ਕਿ ਇਸ ਦੀ ਨੁਹਾਰ ਕੁਝ ਕੁਝ ਸੁਰਾਹੀ ਦੀ ਨੁਹਾਰ ਨਾਲ ਰਲਦੀ ਮਿਲਦੀ ਹੈ। ਪਿਸਟਲ ਇਸ ਸੁਰਾਹੀ ਅਰਥਾਤ ਨਾਲਕੀ ਦੇ ਅੰਦਰ ਹੈ, ਪਰ ਇਸ ਪਿਸਟਲ ਦੇ ਕਈ ਟੁਕੜੇ ਵੱਖੋ ਵੱਖਰੇ ਹਨ, ਜਿਨ੍ਹਾਂ ਦੇ ਸਿਰੇ ਨਾਲਕੀ ਦੇ ਤੰਗ ਗਲ ਵਿਖੇ ਫਸਕੇ ਲੱਗੇ ਹੋਏ ਹਨ। ਨਰੰਗੀ ਅਤੇ ਪੋਸਤ ਦਿਆਂ ਫੁੱਲਾਂਦੇ ਪਿਸਟਲ ਬੀ ਕੇਈਆਂ ਵੱਖੋ ਵੱਖਰਿਆਂ ਟੁਕੜਿਆਂ ਨਾਲ ਜੁੜਕੇ ਬਣਦੇ ਹਨ, ਪਰ ਉਨ੍ਹਾਂ ਵਿਖੇ ਟੁਕੜੇ ਅਜੇਹੇ ਜੁੜੇ ਹੁੰਦੇ ਹਨ, ਕਿ ਵੱਖਰੇ ਪ੍ਰਤੀਤ ਨਹੀਂ ਹੁੰਦੇ। ਗੁਲਾਬ ਦੀ ਨਾਲਕੀ ਅਤੇ ਪਿਸਟਲ ਤੋਂ ਡੋਡੇ ਵਰਗਾ ਇਕ ਫੁੱਲ ਉੱਗਦਾ ਹੈ, ਉਹ ਪੱਕ ਕੇ ਬਾਹਲਾ ਲਾਲ ਹੋ ਜਾਂਦਾ ਹੈ। ਕਈਆਂ ਪ੍ਰਕਾਰਾਂ ਦਿਆਂ ਫੁੱਲਾਂ ਦੀਆਂ ਡੋਡੀਆਂ ਵੱਡੀਆਂ ਹੁੰਦੀਆਂ ਹਨ, ਅਤੇ ਉਨ੍ਹਾਂ ਵਿਖੇ ਖੱਟਾ ਜਿਹਾ ਗੁੱਦਾ ਹੁੰਦਾ ਹੈ, ਕੇਈਆਂ ਦੇਸਾਂ ਵਿਖੇ ਉਸ ਦਾ ਮੁਰੱਬਾ ਪਾਉਂਦੇ ਹਨ। ਗੁਲਾਬ ਦੇ ਪੱਤੇ ਕੇਈਆਂ ਨਿਕੀਆਂ ਨਿਕੀਆਂ ਪੱਤੀਆਂ ਨਾਲ ਮਿਲਕੇ ਬਨਦੇ ਹਨ, ਅਤੇ ਏਹ

ਕਦੇ ਪੰਜ ਅਤੇ ਕਦੇ ਵਧੀਕ ਬੀ ਹੁੰਦੇ ਹਨ, ਇੱਕ ਡੰਡੀ ਦੇ ਸਿਰੇ ਪਰ ਅਤੇ ਹਰ ਡੰਡੀ ਵਿੱਚੋਂ ਦੋ ਦੋ ਕਰਕੇ ਨਿਕਲਦੇ ਹਨ, ਇਕ ਏਧਰ ਦੂਜਾ ਓਧਰ ॥

ਜਾਂਗਲੀ ਗੁਲਾਬ ਕੇਈਆਂ ਦੇਸਾਂ ਵਿਖੇ ਹੁੰਦਾ ਹੈ, ਪਰ ਭਾਰਤਵਰਖ ਵਿਖੇ ਪਰਬਤਾਂ ਛੁਟ ਹੋਰ ਕਿਤੇ ਨਹੀਂ ਹੁੰਦਾ, ਪਹਿਲਾਂ ਕਿਹਾ ਗਿਆ ਹੈ, ਕਿ ਇਸ ਵਿਖੇ ਨਿਰੀਆਂ ਪੰਜ ਖੰਭੜੀਆਂ ਹਨ, ਪਰ ਜਿਸ ਗੁਲਾਬ ਨੂੰ ਮਾਲੀ ਲੋਕ ਬਾਗਾਂ ਵਿਖੇ ਲਾਉਂਦੇ ਹਨ, ਉਨ੍ਹਾਂ ਵਿਖੇ ਖੰਭੜੀਆਂ ਦੇ ਕੇਈ ਕੇਈ*ਮੰਡਲ ਹੁੰਦੇ ਹਨ, ਬਾਹਰਲੀ ਕੁੰਡਲੀ ਨੂੰ ਪ੍ਰਧਾਨ ਸਮਝ ਲਓ, ਅਸਲ ਵਿੱਚ ਇਹ ਗੁਲਾਬ ਅਜੇਹਾ ਹੀ ਸਾ, ਕਿ ਜੇਹਾ ਜਾਂਗਲੀ ਗੁਲਾਬ ਪਰ ਬਰਸਾਂ ਮਗਰੋਂ ਕਈ ਤਰੀਆਂ ਖਿੜਕੇ ਖੰਭੜੀਆਂ ਬਣ ਗਈਆਂ ਹਨ। ਯੂਰੋਪ ਵਿਖੇ ਗੁਲਾਬ ਨੂੰ ਬਹੁਤ ਪਸੰਦ ਕਰਦੇ ਹਨ, ਉੱਥੇ ਇਸ ਦੀਆਂ ਜਾਤੀਆਂ ਦੀ ਕੋਈ ਗਿਣਤੀ ਨਹੀਂ, ਅਤੇ ਰੰਗ ਬੀ ਕ੍ਰਮ ਕ੍ਰਮ ਨਾਲ ਬਹੁਤ ਵੱਖੋ ਵੱਖਰਾ ਹੁੰਦਾ ਹੈ,ਕੋਈਬਹੁਤ ਹੀ ਗੂੜ੍ਹਾ ਕਿਰਮਚੀ, ਕੋਈ ਗੁਲਾਨਾਰ, ਕੋਈ ਗੁਲਾਬੀ, ਕੋਈ ਨਿਰਾ ਚਿੱਟਾ, ਕੋਈ ਪੀਲੀ ਭਾਹ ਮਾਰਦਾ ਹੈ, ਫੇਰ ਬੀ ਹਰ

*ਦੌਰ।

ਸਾਲ ਨਵੀਆਂ ਨਵੀਆਂ ਤਰ੍ਹਾਂ ਨਿਕਲਦੀਆਂ ਹੀ ਰਹਿੰਦੀਆਂ ਹਨ, ਕਿਉਂਕਿ ਬਹੁਤੇ ਰੀਝ ਵਾਲੇ ਲੋਕ ਆਪਣਾ ਬਹੁਤਾ ਸਮਯ ਇਸ ਕੰਮ ਵਿਖੇ ਲਾਉਂਦੇ ਹਨ, ਕਿ ਅਸੀਂ ਇਸ ਤਰ੍ਹਾਂ ਨਵਿਆਂ ਨਵਿਆਂ ਰੰਗਾਂ ਅਤੇ ਅਣੋਖਿਆਂ ਢੰਗਾਂ ਦੇ ਗੁਲਾਬ ਉਪਜਾਈਏ। ਭਾਰਤਵਰਖ ਵਿਖੇ ਪਰਬਤਾਂ ਛੁਟ ਜਿੰਨੇ ਗੁਲਾਬ ਦੇਖਦੇ ਹੋ, ਸਾਰੇ ਲਾਏ ਹੋਏ ਹਨ। ਇਨ੍ਹਾਂ ਵਿਖੇ ਹੌਲੇ ਗੁਲਾਬੀ ਰੰਗ ਦਾ ਫੁੱਲ ਬਹੁਤ ਹੁੰਦਾ ਹੈ। ਇਸ ਦੀਆਂ ਕਲੀਆਂ ਸੁਹਾਣੀਆਂ ਹੁੰਦੀਆਂ ਹਨ, ਪਰ ਜਦ ਫੁੱਲ ਖਿੜ ਜਾਂਦੇ ਹਨ, ਤਾਂ ਖੰਭੜੀ ਖੰਭੜੀ ਜੁਦੀ ਹੋਕੇ ਝੜ ਪੈਂਦੀ ਹੈ। ਇਸ ਗੁਲਾਬ ਦੀ ਸੁਗੰਧ ਬੜੀ ਤ੍ਰਿੱਖੀ ਹੁੰਦੀ ਹੈ, ਇਸ ਲਈ ਹੋਰਨਾਂ ਗੁਲਾਬਾਂ ਕੋਲੋਂ ਇਸ ਵਿੱਚੋਂ ਅਤਰ ਵਧੀਕ ਨਿਕਲਦਾ ਹੈ। ਇਸ ਦਾ ਨਾਉਂ ਦੇਸੀ ਯਾ ਫ਼ਸਲੀ ਗੁਲਾਬ ਪ੍ਰਸਿੱਧ ਹੈ।

ਗੁਲਾਬ ਦੀਆਂ ਖੰਭੜੀਆਂ ਇਸ ਦੇਸ ਵਿਖੇ ਔਖਧਿ ਵਿੱਚ ਵਰਤੀਆਂ ਜਾਂਦੀਆਂ ਹਨ, ਖੰਡ ਰਲਾਕੇ ਗੁਲਕੰਦ ਬਣਾਉਂਦੇ ਹਨ, ਬੱਚਿਆਂ ਨੂੰ ਦਿੰਦੇ ਹਨ ਅਤੇ ਵਧੇਰੇ ਉਨ੍ਹਾਂ ਨੂੰ ਕਿ ਜਿਨ੍ਹਾਂ ਨੂੰ ਅਨਪਚ ਹੁੰਦਾ ਹੈ॥

ਭਾਰਤਵਰਖ ਵਿਖੇ ਗੁਲਾਬ ਨੂੰ ਬਹੁਤਾ ਸੁਗੰਧਿ ਲਈ ਬੀਜਦੇ ਹਨ, ਅਤੇ ਇੱਥੇ ਬਹੁਤੀ ਥਾਈਂ ਇਸਦਾ

ਅਰਕ ਅਤੇ ਅਤਰ ਖਿੱਚਦੇ ਹਨ। ਇਸਦਾ ਅਤਰ ਸਾਰੇ ਜਹਾਨ ਵਿੱਚ ਪ੍ਰਸਿੱਧ ਹੈ,*ਅਨਮੋਲ ਅਤਰ ਤਾਂ ਸਾਰਿਆਂ ਅਤਰਾਂ ਵਿੱਚੋਂ ਵੱਡਮੁਲਾ ਹੁੰਦਾ ਹੈ॥

ਅਰਕ ਐਉਂ ਖਿੱਚਦੇਹਨ ਕਿ ਦੇਗਚੇ ਵਿੱਚਪਾਣੀ ਅਤੇ ਬਹੁਤੇ ਸਾਰੇ ਗੁਲਾਬ ਦੀਆਂ ਖੰਭੜੀਆਂ ਪਾਕੇ ਹੇਠਾਂ ਆਂਚ ਕਰਦੇ ਹਨ, ਫੁੱਲਾਂ ਵਿਖੇ ਜੋ ਤੇਲ ਹੁੰਦਾ ਹੈ ਭਾਫ਼ ਬਣ ਜਾਂਦਾ ਹੈ, ਅਤੇ ਪਾਣੀ ਦੀ ਹੁਵਾੜ ਦੇ ਨਾਲ ਨਾਲ ਵਿੱਚ ਦੀ ਹੋਕੇ ਭਾਂਡੇ ਵਿਖੇ ਨਿਕਲ ਆਉਂਦਾ ਹੈ, ਪਾਣੀਦੀ ਹੁਵਾੜ ਬਣਕੇ ਭਾਂਡੇ ਵਿੱਚ ਆਉਣਦਾ ਵਰਣਨ ਚੰਬੇਲੀ ਦੇ ਬ੍ਰਿਤਾਂਤ ਵਿਖੇ ਆ ਚੁੱਕਿਆ ਹੈ । ਤੇਲ ਦੀ ਭਾਫ਼ ਠੰਢੀ ਹੋਕੇ ਪਾਣੀ ਦੇ ਨਾਲ ਰਲੀ ਰਹਿੰਦੀ ਹੈ,ਇੱਸੇ ਦਾਨਾਉਂ ਇੱਕਆਤਿਸ਼ਾ ਗੁਲਾਬ ਹੈ,ਕਿਉਂਕਿ ਇੱਕਵਾਰ ਖਿੱਚਿਆ ਗਿਆਹੈ,ਅਤੇ ਜੋ ਗੁਲਾਬ ਹੱਟੀਆਂ ਵਿਖੇ ਬਿਕ-ਦਾ ਹੈ, ਉਹ ਬਹੁਤਾ ਇਹੀਓ ਹੁੰਦਾ ਹੈ। ਜੇ ਇਸ ਕੋਲੋਂ ਚੰਗਾ ਚਾਹੀਦਾ ਹੋਏ, ਤਾਂ ਇਸ ਅਰਕ ਨੂੰ ਫੇਰ ਇਕ ਦੇਗਚੇ ਵਿੱਚ ਪਾਉਂਦੇ ਹਨ,ਅਤੇ ਗੁਲਾਬ ਦੀਆਂ ਸੱਜ-ਰੀਆਂ ਸੱਜਰੀਆਂ ਖੰਭੜੀਆਂ ਉਸ ਵਿਖੇ ਹੋਰ ਰਲਾਉਂਦੇ ਹਨ, ਅਤੇ ਮੁੜ ਉਸੇਤਰ੍ਹਾਂ ਖਿੱਚਦੇ ਹਨ;ਦੋ ਵਾਰ ਖਿਚੀਣ

* ਖ਼ਾਲਿਸ

ਕਰਕੇ ਇਹ ਦੋ ਆਤਿਸ਼ਾ ਕਹਾਉਂਦਾ ਹੈ, ਕਿਸੇ ਵੇਲੇ ਇਹੋ ਕੰਮ ਤ੍ਰੈ ਵਾਰ ਕਰਦੇ ਹਨ, ਉਸ ਨੂੰ ਤ੍ਰਿੰਨ ਆਤਿਸ਼ਾ ਸੱਦਦੇ ਹਨ, ਅਤੇ ਇੱਸ ਪ੍ਰਕਾਰ ਚਾਰ ਆਤਿਸ਼ਾ ਹੁੰਦਾ ਹੈ॥

ਭਾਰਤਵਰਖ ਦੇ ਲੋਕ ਗੁਲਾਬ ਨਾਲ ਭਾਂਤ ਭਾਂਤ ਦਿਆਂ ਭੋਜਨਾਂ ਅਤੇ ਮਿਠਿਆਈਆਂ ਨੂੰ ਸੁਗੰਧਿ ਵਾਲਾ ਕਰਦੇ ਹਨ, ਅਰਰਜ ਸੁਗੰਧਿ ਹੋ ਜਾਂਦੀ ਹੈ। ਗੁਲਾਬ ਦਾ ਸ਼ਰਬਤ ਹੌਲਾ ਜੇਹਾ ਜੁਲਾਬ ਹੈ, ਅਤੇ ਓਝਰੀ ਨੂੰ ਤੁਲ ਬੀ ਦਿੰਦਾ ਹੈ। ਮੁਸਲਮਾਨ ਲੋਕ ਗੁਲਾਬ ਨੂੰ ਗੁਲਾਬ-ਦਾਨੀਆਂ ਵਿੱਚ ਭਰਕੇ ਕੇਈਆਂ ਪਰਬਾਂ ਵਿਖੇ ਜੋੜਦਿਆਂ ਲੋਕਾਂ ਪੁਰ ਛਿਣਕਦੇ ਹਨ, ਮੁਰਦਿਆਂ ਦਿਆਂ ਖੱਫਣਾਂ ਪੁਰ ਪਾਉਂਦੇ ਹਨ, *ਢੇਡਿਆਂ ਉੱਤੇ ਛਿਣਕਦੇ ਹਨ॥

ਜਦ ਇਸਦਾ ਸਛਿਆਰ ਨਿਰਮੇਲ ਅਤਰ ਬਣਾਉਂਦੇ ਹਨ, ਤਾਂ ਪਹਿਲੋਂ ਉੱਸੇ ਦਿਨ ਦੇ ਖਿੱਚੇ ਹੋਏ ਗੁਲਾਬ ਨੂੰ ਰਾਤਭਰ ਕਿਸੇ ਭਾਂਡੇ ਵਿਖੇ ਰੱਖਦੇ ਹਨ,ਸਵੇਰ ਨੂੰ ਫੁੱਲਾਂ ਦੇ ਤੇਲ ਦੀ ਇੱਕ ਬਹੁਤ ਮਹੀਨ ਤਹ ਉੱਪਰ ਆ ਜਾਂਦੀ ਹੈ, ਉਸਨੂੰ ਇੱਕ ਖੰਭ ਨਾਲ ਚੁਕ ਚੁਕ ਕੇ ਬੋਤਲ ਵਿਖੇ ਭਰ ਲੈਂਦੇ ਹਨ, ਪਰ ਬਹੁਤ ਸਾਰੇ ਅਰਕ

---

* ਦਹਿਆਂ।

ਵਿੱਚੋਂ ਰਤੀ ਕੁ ਅਤਰ ਨਿਕਲਦਾ ਹੈ, ਇਹੋ ਕਾਰਣ ਹੈ, ਕਿ ਗੁਲਾਬ ਦਾ ਚੰਗਾ ਅਤਰ ਵੱਡਾ ਮਹਿੰਗਾ ਹੁੰਦਾ ਹੈ, ਘੱਟ ਤੋਂ ਘੱਟ ਪੰਜਾਹ ਰੁਪੱਯੇ ਤੋਲਾ ਆਉਂਦਾ ਹੈ, ਕਦੇ ਸੌ ਰੁਪੱਯੇ ਤੋਲੇ ਵਾਲਾ ਬੀ ਹੁੰਦਾ ਹੈ, ਪਰ ਹੁਣ ਤਾਂ ਭਾਵੇਂ ਹੀ ਅਜੇਹਾ ਅਤਰ ਕੋਈ ਕੱਢਦਾ ਹੋਏ, ਜੋ ਬਜ਼ਾਰਾਂ ਵਿੱਚ ਵਿਕਦਾ ਹੈ, ਉਹ ਚੰਬੇਲੀ ਦੇ ਅਤਰ ਵਾਕਰ ਚੰਨਣ ਦੀ ਪੁੱਠ ਦੇਕੇ ਖਿੱਚਦੇ ਹਨ, ਇਹ ਇੱਕ ਦੋ ਰੁਪਏ ਤੋਲਾ ਵਿਕਦਾ ਹੈ। ਕਦੇ ਕਦੇ ਅਧਰਮੀ ਗਾਂਧੀ ਇਸ ਅਤਰ ਦੀਆਂ ਦੋ ਚਾਰ ਬੂੰਦਾਂ ਚੰਦਨ ਦੇ ਤੇਲ ਵਿੱਚ ਰਲਾ ਦਿੰਦੇ ਹਨ, ਅਤੇ ਗੁਲਾਬ ਦੇ ਅਤਰ ਦੇ ਨਾਉਂ ਕਰਕੇ ਮੁੱਲ ਵੱਟਦੇ ਹਨ॥

ਦਰਬਾਰਾਂ ਵਿਖੇ ਉੱਠਣ ਦੇ ਵੇਲੇ ਅਤਰ ਅਤੇ ਪਾਨ ਦੇਣ ਦੀ ਸਦਾ ਚਾਲ ਹੈ। ਮੁਸਲਮਾਨ ਲੋਕ ਆਪਣੀਆਂ ਧਰਮ ਸੰਗਤਾਂ ਵਿਖੇ ਅਤੇ ਹਿੰਦੂ ਅਰ ਮੁਸਲਮਾਨ ਦੋਵੇਂ ਵਿਆਹਾਂ ਦਿਆਂ ਮੇਲਾਂ ਵਿਖੇ ਆਪੋ ਆਪਣਿਆਂ ਪਰਾਹੁ-ਣਿਆਂ ਨੂੰ ਪਾਨ ਖੁਲਾਉਂਦੇ ਹਨ, ਅਤੇ ਉਨ੍ਹਾਂ ਦਿਆਂ ਵਸਤ੍ਰਾਂ ਨੂੰ ਅਤਰ ਲਾਉਂਦੇ ਹਨ, ਪਰ ਪੰਜਾਬ ਵਿਖੇ ਇਹ ਚਾਲ ਘੱਟ ਹੈ। ਭਾਰਤਵਰਖ ਵਿਖੇ ਬਹੁਤੀ ਥਾਈਂ ਈਦ ਬਕਰੇਈਦ ਨੂੰ ਅਤਰ ਜਰੂਰ ਮਲ਼ਦੇ ਹਨ, ਅਤੇ



ਟੈਨਟਦਾ ਬ੍ਰਿਛ

SCHOOL OF ART, LAHORE

ਕਈ ਧਨਾ ਤਾਂ ਸਦਾ ਅਤਰ ਵਿਖੇ ਹੀ ਵੱਸੇ ਰਹਿੰਦ ਹਨ ॥

## ਚੰਨਣ ਦਾ ਬਿਰਛ

ਭਾਰਤਵਰਖ ਵਿਖੇ ਅਜੇਹਾ ਕੌਣ ਹੈ ਜੋ ਇਸ ਦੀ ਸੁਗੰਧਿ ਵਾਲੀ ਲੱਕੜ ਨੂੰ ਨਾ ਜਾਣਦਾ ਹੋਵੇ। ਇਹ ਬਿਰਛ ਭਾਰਤਵਰਖ ਵਿਖੇ ਹਰ ਥਾਂ ਨਹੀਂ ਹੁੰਦਾ, ਦੱਖਣ ਦਿਆਂ ਸੁੱਕਿਆਂ ਜ਼ਿਲਿਆਂ ਵਿੱਚ ਹੁੰਦਾ ਹੈ। ਵਧੇਰੇ ਮਸੂਰ ਅਤੇ ਪੱਛਮ ਘਾਟ ਦੀਆਂ ਢਾਲਾਂ ਵਿੱਚ ਉੱਗਦਾ ਹੈ, ਅਤ ਲੰਕਾ ਦੀਪ ਵਿਖੇ ਬੀ ਹੁੰਦਾ ਹੈ। ਆਪੇ ਉੱਗਿਆ ਹੋਇਆ ਬੂਟਾ ਚੰਗਾ ਫੈਲਦਾ ਹੈ, ਅਤੇ ਤੀਹਾਂ ਵਰ੍ਹਿਆਂ ਵਿੱਚ ਪੂਰਾ ਬਿਰਛ ਹੋ ਜਾਂਦਾ ਹੈ। ਬਿਰਛਾਂ ਦਿਆਂ ਸੰਘਣਿਆਂ ਬਨਾਂ ਵਿਖੇ ਘੱਟ ਮਿਲਦਾ ਹੈ, ਪੈਲੀਆਂ ਦੀਆਂ ਵੱਟਾਂ ਵਿਖੇ ਬਹੁਤ ਉੱਗਦਾ ਹੈ, ਬਹੁਤ ਪਰਬਤਾਂ ਦੀਆਂ ਪਥ-ਰੀਲੀਆਂ ਥਾਵਾਂ ਵਿਖੇ ਢਾਲਾਂ ਪੁਰ ਕਿਤੇ ਇੱਕ ਕਿਤੇ ਦੋ, ਕਿਤੇ ਨਿੱਕੀਆਂ ਨਿੱਕੀਆਂ ਝੰਗੀਆਂ ਹੁੰਦੀਆਂ ਹਨ। ਜਦ ਅਜੇਹੀ ਥਾਂ ਉੱਗਦਾ ਹੈ, ਤਾਂ ਆਪਣੀ ਜੁਆਨੀ ਪੁਰ ਆ ਜਾਂਦਾ ਹੈ, ਪੀਲੀ ਭਾਹ ਮਾਰਦਾ ਭੂਰਾ ਰੰਗ ਹੁੰਦਾ ਹੈ, ਅਤੇ ਸੁਗੰਧ ਵੱਡੀ ਤਿੱਖੀ ਹੁੰਦੀ ਹੈ। ਚੁਗਾਨਾਂ ਵਿਖੇ ਪੈਲੀਆਂ

ਦੀਆਂ ਬਲ ਵਾਲੀਆਂ ਧਰਤੀਆਂ ਵਿੱਚ ਜੋ ਉੱਗਦਾ ਹੈ, ਉਹਦਾ ਰੰਗ ਹੌਲਾ ਹੁੰਦਾ ਹੈ ਅਤੇ ਸੁਗੰਧਿ ਬਹੁਤ ਹੀ ਘੱਟ ॥

ਚੰਨਣ ਦਾ ਬਿਰਛ ਛੋਟਾ ਹੁੰਦਾ ਹੈ ਅਤੇ ਲਪੇਟ ਨਵਾਂ ਇੰਚਾਂ ਤੇ ਬਾਹਲਾ ਘੱਟ। ਸੁਹਣੀ ਮੈਹਕ ਦੇ ਕਾਰਣ ਹਜ਼ਾਰਾਂ ਬਰਸਾਂ ਤੇ ਲੋਕ ਇਸ ਦੇ ਅਰਘ ਨੂੰ ਜਾਣਦੇ ਹਨ, ਪਰ ਕਿਸੇ ਬਿਰਛ ਵਿਖੇ ਤਿਹਾਈ ਤੇ ਵਧੀਕ ਸੁਗੰਧਿ ਵਾਲੀ ਲੱਕੜ ਨਹੀਂ ਹੁੰਦੀ । ਇਹ ਅੰਦਰ ਹੁੰਦੀ ਹੈ ਇਸਦੇ ਉੱਪਰ ਚਿੱਟੀ ਲੱਕੜ ਦਾ ਇੱਕ ਘੇਰਾ ਹੁੰਦਾ ਹੈ, ਕਿ ਜਿਸ ਵਿਖੇ ਸੁਗੰਧਿ ਨਹੀਂ ਹੁੰਦੀ, ਮੁੱਢੋਂ ਨਿਕੰਮਾ ਹੁੰਦਾ ਹੈ ॥

ਚੰਨਣ ਦੇ ਬਿਰਛ ਸੈਂਕੜਿਆਂ ਬਰਸਾਂ ਤੇ ਸਰਕਾਰ ਦਾ ਮਾਲ ਸਮਝੇ ਗਏ ਹਨ! ਹੁਨ ਸਰਕਾਰ ਅੰਗ੍ਰੇਜ਼ੀ ਉਨ੍ਹਾਂ ਨੂੰ ਵਢਾਉਂਦੀ ਹੈ, ਸਾਲ ਭਰ ਵਿਖੇ ਉਨ੍ਹਾਂ ਦੀ ਗਿਣਤੀ ਠਹਰਾਈ ਹੋਈ ਹੈ, ਇਸਦਾ ਇਹ ਤਾਤਪਰਜ ਹੈ, ਕਿ ਜਿੰਨੇ ਵੱਢਣ ਉੱਨੇ ਹੀ ਹੋਰ ਹੋ ਜਾਣ, ਤਾਕਿ ਜੰਗਲ ਖਾਲੀ ਨਾ ਹੋ ਜਾਏ। ਬਿਰਛਾਂ ਨੂੰ ਵੱਢਕੇ ਉਨ੍ਹਾਂ ਦੇ ਸੱਕ ਲਾਹ ਲੈਂਦੇ ਹਨ, ਕੇਈ ਦੋ ਦੋ ਫੁੱਟ ਦੇ ਟੁਕੜੇ ਕੱਟ ਕੇ ਧਰਤੀ ਵਿਖੇ ਦੱਬ ਦਿੰਦੇ ਹਨ, ਕੇਈਆਂ ਸਾਤਿਅ

ਮਗਰੋਂ ਕੱਢਦੇ ਹਨ, ਚਿੱਟੀ ਲੱਕੜ ਜੋ ਨਰਮ ਹੁੰਦੀ ਹੈ, ਉਸਨੂੰ ਸਿਉਂਕ ਖਾ ਜਾਂਦੀ ਹੈ, ਪਰ ਅੰਦਰਲੀ ਲੱਕੜ ਜੋ ਸੁਗੰਧ ਵਾਲੀ ਅਤੇ ਪੀਲੀ ਭਾਹ ਵਾਲੀ ਭੂਰੇ ਰੰਗ ਦੀ ਹੁੰਦੀ ਹੈ, ਉਸਨੂੰ ਨਹੀਂ ਖਾਂਦੀ। ਇਸ ਤੇ ਮਗਰੋਂ ਇਨ੍ਹਾਂ ਲੱਕੜੀਆਂ ਨੂੰ ਵੱਡੀ ਸੋਝ ਨਾਲ ਛਾਂਟਦੇ ਹਨ, ਅਤੇ ਚੰਨਣ ਦੀਆਂ ਭਾਂਤਾਂ ਠਹਰਾਉਂਦੇ ਹਨ, ਪਹਿਲਾਂ ਤਾਂ ਨਿੱਗਰ ਟੁਕ-ੜਿਆਂਨੂੰ ਉਨ੍ਹਾਂਦੇ ਗਣਾਂਦੇ ਅਨੁਸਾਰ ਵੱਖੋ ਵੱਖਰੇ ਕਰਦੇ ਹਨ, ਫੇਰ ਪੋਲਿਆਂ ਟੋਟਿਆਂ ਨੂੰ, ਫੇਰ ਜੜ੍ਹਾਂ ਨੂੰ। ਜੜ੍ਹਾਂ ਦਾ ਅਤਰ ਕੱਢਦੇ ਹਨ, ਸੱਕ ਅਤੇ ਚੂਰਾ ਜੋ ਬਚ ਰਹਿੰਦਾ ਹੈ ਉਸਨੂੰ ਕੁਟਲੈਂਦੇਹਨ, ਕਿ ਇਹ ਧੂਟੀਦੇ ਕੰਮ ਆਉਂਦਾਹੈ। ਜਿੱਥੋਂ ਜੜ੍ਹਾਂ ਫੁਟਦੀਆਂ ਹਨ, ਉਸਦੇ ਪਾਸ ਦੀ ਲੱਕੜੀ ਸਭਿਆਰ ਚੰਗੀ ਹੁੰਦੀ ਹੈ, ਅਤੇ ਰੰਗ ਵਧੀਕ ਗੂੜ੍ਹਾ, ਅਤੇ ਮੁੱਲ ਬੀ ਸਭ ਥੋਂ ਵਧੀਕ ਪਾਉਂਦੀ ਹੈ, ਡਾਢੀ ਚੰਗੀ ਲੱਕੜ ਦਸ ਆਨੇ ਸੇਰ ਦੇ ਲਗ ਭਗ ਬਿਕਦੀ ਹੈ॥

ਜਿੰਨਾਂ ਚੰਨਣ ਹਰ ਸਾਲ ਵਢੀਂਦਾ ਹੈ, ਉਸ ਵਿੱਚੋਂ ਬਹੁਤਾ ਚੀਨ ਨੂੰ ਜਾਂਦਾ ਹੈ, ਚੀਨ ਦੇ ਲੋਕ ਉਸ ਦੀਆਂ ਬਹੁਤ ਸਾਰੀਆਂ ਵਸਤਾਂ ਬਣਾਉਂਦੇ ਹਨ, ਅਤੇ ਉਨ੍ਹਾਂਵਿਖੇ ਵੇਲਾਂ ਫੁੱਲ ਉੱਕਰਦੇ ਹਨ, ਇਸ ਕੰਮ ਵਿਖੇ ਓਹ ਵੱਡੇ

ਉਘੜ ਹਨ, ਉੱਥੇ ਧਨੀਆਂ ਦੀਆਂ * ਚਿਖਾਂ ਬੀ ਉਸੇ ਲੱਕੜ ਦੀਆਂ ਬਣਦੀਆਂ ਹਨ। ਨਿੱਕੇ ੨ ਟੋਟੇ ਮੰਦਰ ਵਿਖੇ ਧੂਣੀ ਦੇਣ ਲਈ ਬਾਲਦੇ ਹਨ, ਛਾਕਾਂ ਟਾਹਣੀਆਂ ਅਤੇ ਨਿੱਕੇ ਨਿੱਕੇ ਟੋਟੇ ਅਰਬ ਨੂੰ ਜਾਂਦੇ ਹਨ॥

ਭਾਰਤਵਰਖ ਵਿਖੇ ਇਸਦੀ ਲੱਕੜ ਬਹੁਤੀ ਕੰਮੀਂ ਆਉਂਦੀ ਹੈ, ਉਹ ਨਿੱਗਰ ਹੁੰਦੀ ਹੈ, ਇੱਸੇ ਲਈ ਉਸ ਵਿਖੇ ਵੇੱਲਾਂ ਬੂਟੇ ਡਾਢੀ ਚੰਗੀ ਤਰ੍ਹਾਂ ਉੱਕਰੇ ਜਾਂਦੇ ਹਨ, ਵੇੱਲਾਂ ਅਤੇ ਬੂਟੇਦਾਰ ਸੁਹਣੀਆਂ ਸੁਹਣੀਆਂ ਡੱਬੀਆਂ, ਸੰਦੂਕੜੀਆਂ, ਕੰਘੀਆਂ, ਪੱਖੇ ਅਤੇ ਹੋਰ ਢੇਰ ਸਿੰਗਾਰ ਦੀਆਂ ਵਸਤਾਂ ਬਣਾਉਂਦੇ ਹਨ। ਹਿੰਦੂ ਲੋਕ ਚੰਨਣ ਨੂੰ ਰਗੜਕੇ ਉਸਦਾ ਟਿੱਕਾ ਲਾਉਂਦੇ ਹਨ, ਅਤੇ ਆਪੋ ਆਪਣੇ ਟਿੱਕੇ ਦੇ ਅਕਾਰ ਤੇ ਪਛਾਣੇ ਜਾਂਦੇ ਹਨ, ਕਿ ਕਿਸ ਦੇਓਤੇ ਦੇ ਮੰਨਣ ਵਾਲੇ ਹਨ। ਇੱਥੇ ਬੀ ਮੰਦਿਰਾਂ ਵਿਖੇ ਧੁਖਾਉਂਦੇ ਹਨ। ਇਸ ਦਾ ਬੂਰ ਔਖਧਿ ਵਿਖੇ ਵਰਤਦੇ ਹਨ, ਅਤੇ ਜਦ ਮੱਛਰਾਂ ਦੇ ਵੱਢਣ ਤੇ ਯਾ ਪਿੱਤ ਦੇ ਚੁੱਭਣ ਤੇ ਜ਼ੋਰ ਪੈਂਦੀ ਹੈ, ਤਾਂ ਜਲ ਵਿਖੇ ਘਸਕੇ ਮਲਦੇ ਹਨ, ਉਸ ਤੇ ਠੰਢ ਪੈ ਜਾਂਦੀ ਹੈ॥

---

* Coffins.

ਇਸ ਦਾ ਅਤਰ ਬਹੁਤਾ ਤਾਂ ਜੜ੍ਹਾਂ ਵਿੱਚੋਂ ਖਿੱਚਦੇ ਹਨ ਅਤੇ ਕੁਝ ਬੂਰ ਵਿੱਚੋਂ ਬੀ, ਉਸ ਵਿਖੇ ਵੱਡੀ ਮਹਕ ਹੁੰਦੀ ਹੈ, ਇੱਸੇ ਲਈ ਭਾਰਤਵਰਖ ਵਿਖੇ ਇਸ ਅਤਰਦਾ ਵੱਡਾ ਅਰਘ ਹੁੰਦਾ ਹੈ, ਅਤੇ ਇਹੋ ਕਾਰਨ ਹੈ, ਕਿ ਚੀਨ ਅਤੇ ਅਰਬ ਨੂੰ ਬੀ ਜਾਂਦਾ ਹੈ ਦਸਾਂ ਦਿਨਾਂ ਅਤੇ ਦਸ ਰਾਤਾਂ ਵਿਖੇ ਨਿਕਲਦਾ ਹੈ, ਰਾਹ ਇਹ ਹੈ, ਕਿ ਚੂਰੇ ਅਤੇ ਜੜ੍ਹਾਂ ਨੂੰ ਇੱਕ ਮੱਟ ਵਿਖੇ ਪਾ ਕੇ ਉੱਪਰੋਂ ਜਲ ਪਾ ਦਿੰਦੇ ਹਨ ਅਤੇ ਨਾਲ ਲਾ ਕੇ ਹੇਠ ਅੱਗ ਬਾਲ ਦਿੰਦੇ ਹਨ, ਅੰਦਰੋਂ ਹੁਵਾੜ ਨਿਕਲਦੀ ਹੈ,ਅਤੇ ਹੇਠਲਾ ਰਾਹ ਲੈਂਦੀ ਹੈ, ਇੱਕ ਦੇਗਚੀ ਠੰਢੇ ਜਲ ਵਿਖੇ ਰੱਖੀ ਹੁੰਦੀ ਹੈ, ਹੁਵਾੜ ਹੌਲੀ ਹੌਲੀ ਜਲ ਬਣਕੇ ਉਸ ਵਿਖੇ ਟਪਕਦੀ ਹੈ, ਇਹ ਭਾਫ਼ ਅਤਰ ਨੂੰ ਆਪਣੇ ਨਾਲ ਲੈਕੇ ਉਠਦੀ ਹੈ, ਅਤੇ ਜਦ ਪਾਣੀ ਬਣਕੇ ਦੇਗਚੀ ਵਿਖੇ ਪੈਂਦੀ ਹੈ, ਤਾਂ ਪਾਣੀਦੇ ਉੱਪਰ ਤੇਲ ਦੀ ਤਹਿ ਦਿਸਦੀ ਹੈ। ਓਹੋ ਅਤਰ ਹੈ ॥

ਚੰਨਣ ਦੇ ਚੀਕੁਣੇ ਚੀਕੁਣੇ ਪੱਤੇ ਡੰਡੀ ਵਿੱਚੋਂ ਦੋ ਦੋ ਕਰਕੇ ਨਿਕਲਦੇ ਹਨ, ਇਕ ਏਧਰ ਅਤੇ ਦੂਜਾ ਓਧਰ, ਫੁੱਲ ਗੁੱਛਿਆਂ ਦੇ ਗੁੱਛੇ ਲਗਦੇ ਹਨ, ਉਨ੍ਹਾਂ ਦਾ ਰੰਗ ਪਹਿਲਾਂ ਤਾਂ ਹੌਲਾ ਪੀਲਾ ਹੁੰਦਾ ਹੈ, ਪਰ ਥੋੜਿਆਂ ਦਿਨਾਂ ਮਗਰੋਂ ਊਦੇ ਹੋ ਜਾਂਦੇ ਹਨ । ਇਨ੍ਹਾਂ ਵਿਖੇ ਕੁਝ ਚਮਕ



ਦੇਉਦਾਰ ਯਾ ਦਿਆਰ ਦਾ ਬਿਰਛ

... LITHO ... ART, LAHORE

ਦਮਕ ਨਹੀਂ ਹੁੰਦੀ, ਇਨ੍ਹਾਂ ਦੀਆਂ ਖੰਭੜੀਆਂ ਅਤੇ ਸੀਪਲ ਇੱਕੋ ਸੂਰਤ ਅਤੇ ਇੱਕੋ ਰੰਗਦੇ ਹੰਦੇ ਹਨ,ਇਸ ਲਈ ਦੋਹਾਂ ਵਿਖੇ ਕੁਛ ਭੇਦ ਕਰ ਨਹੀਂ ਸੱਕੀਦਾ, ਜਿਹਾ ਕਿ ਨਰੰਗੀ, ਪੋਸਤ ਅਤੇ ਗੁਲਾਬ ਦੀਆਂ ਖੰਭੜੀਆਂ ਅਤੇ ਸੀਪਲ ਵਿਖੇ ਭੇਦ ਕਰ ਸੱਕੀਦਾ ਹੈ॥

# ਦੇਉਦਾਰ ਯਾ ਦਿਆਰ ਦਾ ਬਿਰਛ

ਤੁਹਾਡੇ ਵਿੱਚੋਂ ਬਹੁਤਿਆਂ ਨੇ ਦਿਆਰ ਦੀ ਲੱਕੜ ਦੇਖੀ ਹੋਇਗੀ, ਪੰਜਾਬ ਵਿਖੇ ਬਹੁਤੀ ਥਾਈਂ ਕੰਮ ਆਉਂਦੀ ਹੈ,ਸ਼ਤੀਰ, ਕੜੀਆਂ, ਮੇਜ਼ਾਂ, ਕੁਰਸੀਆਂ, ਅਲਮਾਰੀਆਂ, ਘਰਾਂ ਦੀਆਂ ਢੇਰ ਸਾਰੀਆਂ ਵਰਤਨ ਦੀਆਂ ਵਸਤਾਂ ਇੱਸੇ ਦੀਆਂ ਬਣਦੀਆਂ ਹਨ, ਰੇਲਦੀ ਸੜਕ ਉੱਪਰ ਜੋ ਪਟੜੇ ਵਿਛੇ ਹੁੰਦੇ ਹਨ, ਅਤੇ ਉਨ੍ਹਾਂਪੁਰ ਲੋਹਾ ਜੜਿਆ ਹੋਇਆ, ਓਹ ਵੀ ਬਾਹਲੇ ਇਸੇ ਲੱਕੜ ਦੇ ਹੁੰਦੇ ਹਨ। ਜਦ ਦਆਰ ਦੀ ਕੋਈ ਅਲਮਾਰੀ ਖੋਲ੍ਹਦੇ ਹਨ ਤਾਂ ਉਸ ਵਿੱਚੋਂ ਵੱਡੀ ਤ੍ਰਿਖੀ ਗਧ ਆਉਂਦੀ ਹੈ, ਸੱਚ ਮੁੱਚ ਇਸ ਸੁਗੰਧਿ ਤੋਂ ਵੱਡਾ ਗੁਣ ਹੁੰਦਾ ਹੈ, ਸੇਉਂਕ ਅਤੇ ਕੀੜੇ ਨੇੜੇ ਨਹੀਂ ਢੁਕਦੇ, ਨਹੀਂ ਤਾਂ ਅੰਦਰਲੀਆਂ ਵਸਤਾਂ ਦਾ ਨਾਸ ਮਾਰ ਦਿੰਦੇ, ਦਿਆਰ ਦੀ ਲੱਕੜ ਨਰਮ ਹੁੰਦੀ ਹੈ, ਜੋ ਵਸਤ

ਬਣਾਓ ਸੁਖਾਲੀ ਬਣ ਜਾਂਦੀ ਹੈ, ਇੱਸੇ ਲਈ ਤਰਖਾਣ
ਲੋਕ ਇਸ ਨੂੰ ਬਹੁਤ ਚਾਹੁੰਦੇ ਹਨ । ਇਹ ਢੇਰ ਚਿਰ
ਜਾਂਦੀ ਹੈ,ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਖੇ ਇੱਕ
ਮਸੀਤ ਹੈ ਉਸਦੇ ਵੱਡੇ ਵੱਡੇ ਕੌਲੇ ਨਿਰੇ ਪੁਰੇ ਦਿਆਰ
ਦੀਆਂ ਗੇਲੀਆਂ ਦੇ ਹਨ, ਇਹ ਸਾਰੀਆਂ ਕਾਲੀਆਂ ਹੋ
ਗਈਆਂ ਹਨ ਅਤੇ ਸੁਕ ਕੇ ਨਿੱਗਰ ਹੋ ਗਈਆਂ ਹਨ।
ਏਹ ਚਾਰ ਸੌ ਬਰਸਾਂ ਕੋਲੋਂ ਅੱਗੇ ਦੀਆਂ ਹੀ ਹਨ॥

ਤੁਸਾਂ ਇਸਦੀ ਲੱਕੜ ਤਾਂ ਬਹੁਤੀ ਵਾਰ ਦੇਖੀ ਹੋਇ-
ਗੀ, ਭਾਵੇਂ ਬਿਰਛ ਨਾ ਡਿੱਠਾ ਹੋਏ,ਉਹ ਠੰਢੇ ਦੇਸ਼ ਵਿਖੇ
ਹੀ ਹੁੰਦੀ ਹੈ, ਹਿਮਾਲਯ ਗਿਰਦੀਆਂ ਉੱਚੀਆਂ ਉੱਚੀਆਂ
ਢਾਲਾਂਪੁਰ ਉੱਗਦਾਹੈ,ਅਤੇਅਸਾਡਿਆਂ ਗਰਮ ਜਿਲਿਆਂ
ਕੋਲੋਂ ਬਹੁਤ ਦੂਰ ਹੁੰਦਾ ਹੈ । ਜੇ ਦਿਆਰ ਦੇ ਜੰਗਲ
ਦੇਖਣ ਦੀ ਲੋੜ ਹੋਏ, ਤਾਂ ਹਿਮਾਲਯ ਗਿਰ ਵਿਚ ਕੋਹਾਂ
ਤੱਕ ਅੰਦਰ ਹੀ ਅੰਦਰ ਚਲੇ ਜਾਓ!ਦੇਸੀ ਤਰਖਾਣ ਇਸ
ਨੂੰ ਦਿਆਰ ਕਹਿੰਦੇ ਹਨ, ਜਿਨ੍ਹਾਂ ਪਰਬਤਾਂ ਪੁਰ ਉੱਗਦੀ
ਹੈ, ਉੱਥੇ ਦਿਆਂ ਲਕਾਂ ਵਿੱਚ ਕੇਲੂ ਯਾ ਹੋਰ ਕਿਸੇ ਅਜੇਹੇ
ਨਾਉਂ ਤੇ ਬੋਲਿਆ ਜਾਂਦਾ ਹੈ । ਹਿਮਾਲਯ ਗਿਰ ਦੀਆਂ
ਧਾਰਾਂ ਵਿਖੇ,ਥਾਂ ਥਾਂ ਦੀ ਬੋਲੀ ਵੱਖ ਵੱਖਰੀ ਹੈ, ਇਸੇ ਲਈ

ਬਿਰਛਾਂ ਅਤੇ ਹੋਰਨਾਂ ਵਸਤਾਂ ਦੇ ਨਾਉਂ ਇਕ ਪਰਬਤ ਪੁਰ ਕੁਝ ਹੋਰ ਅਤੇ ਦੂਜੇ ਪੁਰ ਕੁਝ ਹੋਰ ਹੁੰਦੇ ਹਨ॥

ਇਹ ਅਜੇਹਾ ਸੁੰਦਰ ਬਿਰਛ ਹੈ, ਕਿ ਜੋ ਇਸ ਨੂੰ ਪਰਬਤ ਪੁਰ ਇੱਕ ਵਾਰ ਦੇਖ ਲਏ,ਤਾਂ ਫੇਰ ਕਦੇ ਨਾ ਭੁੱਲੇ, ਲੰਮੀਆਂ ਲੰਮੀਆਂ ਟਾਹਣੀਆਂ ਚੁਫੇਰੇ ਖਿਲਾਰਦਾ ਹੈ, ਹੇਠਾਂ ਸੰਘਣੀ ਮੰਘਣੀ ਛਾਉਂ ਕਰਦਾ ਹੈ, ਕੇਹਾ ਹੀ ਲੋਹੇ ਵਾਕਰ ਨਿੱਗਰ ਪਰਬਤ ਹੋਏ, ਉਸ ਪਰ ਬੀ ਉੱਗ ਹੀ ਪੈਂਦਾ ਹੈ, ਉਸਦੀਆਂ ਤਗ ਤੰਗ ਤ੍ਰੇੜਾਂ ਵਿਖੇ ਤਕੜੀਆਂ ਤਕੜੀਆਂ ਜੜ੍ਹਾਂ ਜਕੜ ਹੀ ਦਿੰਦਾ ਹੈ, ਪਰ ਸੱਚ ਤਾਂ ਇਹ ਹੈ ਕਿ ਪਰਬਤ ਦੇ ਛਾਉਂ ਵਾਲੇ ਪਾਸੇ ਕਿ ਜਿੱਥੇ ਬਿਰਛਾਂ ਦੇ ਵੱਡੇ ਵੱਡੇ ਬਣ ਹੁੰਦੇ ਹਨ, ਮਿੱਟੀ ਨਰਮ ਅਤੇ ਭੋਂ ਗਿੱਲੀ ਹੁੰਦੀ ਹੈ ਉੱਥੇ ਡਾਢਾ ਚੰਗਾ ਖਿੱਲਰਦਾ ਹੈ। ਇਹ ਬਿਰਛ ਵੱਡਾ ਉੱਚਾ ਹੁੰਦਾ ਹੈ, ਦਸਾਂ ਪੰਦਰਾਂ ਫੁੱਟਾਂ ਦਾ ਘੇਰਾ ਹੁੰਦਾ ਕੋਈ ਡੂਢਕੁ ਸੌ ਫੁੱਟ ਦੀ ਉਚਾਈ ਹੁੰਦੀ ਹੈ। ਹੌਲੀ ਹੌਲੀ ਵਧਦਾ ਹੈ, ਜੇ ਕਿਸੇ ਬਿਰਛ ਦਾ ਦਸਾਂ ਫੁੱਟਾਂ ਦਾ ਲਪੇਟ ਹੋਏ, ਤਾਂ ਜਾਣ ਲਓ ਕਿ ਓਹ ਕੋਈ ਦੋ ਸੌ ਬਰਸਾਂ ਦਾ ਹੋਏਗਾ। ਭਲਾ ਤੁਸੀਂ ਪੁੱਛੋਗੇ, ਕਿ ਇਹ ਕਿੱਕੁਰ ਜਾਤਾ? ਇਸ ਦੀ ਪਛਾਨ ਇਹ ਹੈ, ਕਿ ਦਿਆਰ ਦੀ ਗੇਲੀ ਦੇ ਸਿਰੇ ਧਯਾਨ ਨਾਲ ਦੇਖੋ, ਤਾਂ ਉਸ ਪੁਰ ਬਹੁਤ ਸਾਰੀਆਂ

ਕੁੰਡਲੀਆਂ ਇਕ ਦੂਜੀ ਦੇ ਅੰਦਰ ਦਿੱਸਣਗੀਆਂ, ਜੋ ਕੁੰਡਲੀ ਸਭਨਾਂ ਤੋਂ ਬਾਹਰ ਹੈ ਉਹ ਸਭਨਾਂ ਕੋਲੋਂ ਵੱਡੀ ਹੈ, ਅਤੇ ਜੋ ਸਭਨਾਂ ਦੇ ਅੰਦਰ ਹੈ, ਉਹ ਰੁਆਲਕੁ ਬਿੰਦੀ ਜੇਹ। ਜਾਪਦੀ ਹੈ। ਸੱਚ ਇਹ ਹੈ,ਕਿ ਹਰ ਕੁੰਛਲੀਲੱਕੜਾਂ ਦੀ ਇੱਕ ਇੱਕ ਤਹ ਹੈ, ਇਨ੍ਹਾਂ ਕੁੰਡਲੀਆਂ ਨੂੰ ਗਿਣਕੇ ਬਿਰਛ ਦੀ ਆਯੂ ਦਸ ਸੱਕਦੇ ਹੋ, ਕਿਉਂਕਿ ਮੰਢ ਦੇ ਦੁਆਲੇ ਸੱਕ ਦੇ ਅੰਦਰ ਹਰ ਸਾਲ ਇਕ ਇਕ ਤਹ ਚੜ੍ਹਦੀ ਜਾਂਦੀ ਹੈ॥

ਜੋ ਤੁਸੀਂ ਦਿਆਰ ਦੀ ਟਾਹਣੀ ਦੇਖੋ, ਤਾਂ ਪ੍ਰਤੀਤ ਹ ਜਾਇਗਾ,ਕਿ ਉਸ ਵਿਖੇ,ਅਤੇ ਹੋਰਨਾਂ ਦੇਸਾਂ ਦੇ ਬਿਰਛਾਂ ਦੀਆਂ ਟਾਹਣੀਆਂ ।ਵਖੇ ਸਭਿਆਰ ਹੀ ਵੱਡਾ ਭੇਦ ਹੈ। ।ਇਸ ਦੇ ਚੌੜੇ ਚੋ ਪੱਤੇ ਨਹੀਂ ਹੁੰਦੇ,ਉਨ੍ਹਾਂ ਦੀ ਥਾਂਨਿੱਕੀਆਂ ਨਿੱਕੀਆਂ ਟਾਹਣੀਆਂ ਵਿਖੇ ਗੂੜੇ ਸਾਵੇ ਰੰਗਦੀਆਂਸੂਈਆਂ ਜੇਹੀਆਂ ਲੱਗੀਆਂ ਰਹਿੰਦੀਆਂ ਹਨ, ਏਹ ਹਰ ਵਰ੍ਹੇ ਨਹੀਂ ਝੜਦੀਆਂ, ਕੇਈਆਂ ਬਰਸਾਂ ਤੀਕਰ ਰਹਿੰਦੀਆਂ ਹਨ, ਪੁਰਾਨੀਆਂ ਹੋਲੀਹੌਲੀ ਝੜਦੀਆਂ ਜਾਂਦੀਆਂ ਹਨ,ਨਵੀਆਂ ਨਿਕਲਦੀਆਂ ਆਉਂਦੀਆਂ ਹਨ, ਅਤੇ ਬਿਰਛ ਸਦਾ ਹਰਿਆ ਭਰਿਆ ਰਹਿੰਦਾ ਹੈ । ਫਲ ਬੀ ਨਾ ਟਾਹਲੀ ਸਰੀਂਹ ਦੀਆਂ ਫਲੀਆਂ ਨਾਲ ਰਲਦੇ ਹਨ, ਨਾ ਆੜੂ

ਨਰੰਗੀ ਅਤੇ ਹੋਰਨਾਂ ਫਲ ਵਾਲਿਆਂ ਬਿਰਛਾਂ ਦਿਆਂ ਫਲਾਂ ਨਾਲ। ਇਸ ਨੂੰ ਬੱਤਕ ਦੇ ਆਂਡੇ ਜੇਡਾ ਇੱਕ ਗੋਲ ਨਿੱਗਰ ਫਲ ਲਗਦਾ ਹੈ, ਇਹ ਫਲ ਮੋਟਿਆਂ ਮੋਟਿਆਂ ਨਿੱਗਰ ਛਿੱਲੜਾਂ ਦਾ ਬਣਿਆਂ ਹੋਇਆ ਹੁੰਦਾ ਹੈ, ਜੋ ਖਪਰੈਲਾਂ ਵਾਕਰ ਹੇਠਾਂ ਉੱਪਰ ਹੁੰਦੇ ਹਨ। ਇਨ੍ਹਾਂ ਦੇ ਅੰਦਰ ਨਿੱਕੇ ਨਿੱਕੇ ਬੀਉ ਹੁੰਦੇ ਹਨ।ਜਾਂ ਫਲ ਪੱਕ ਜਾਂਦਾ ਹੈ ਤਾਂ ਛਿੱਲੜ ਵੱਖੋ ਵੱਖਰੇ ਹੋ ਜਾਂਦੇ ਹਨ,ਅਤੇ ਬੀਉ ਅੰਦਰੋਂ ਡਿੱਗ ਪੈਂਦੇ ਹਨ। ਬੀਜ ਵਿਖੇ ਤੀਰ ਦੇ ਪਰ ਜਿਹਾ ਇੱਕ ਨਿੱਕਾ ਜੇਹਾ ਪਰ ਲੱਗਿਆ ਹੁੰਦਾ ਹੈ, ਜਾਂ ਧਰਤੀ ਪੁਰ ਡਿੱਗਣ ਲੱਗਦਾ ਹੈ, ਤਾਂ ਪਰਦੇ ਕਾਰਣ ਪੌਣ ਨਾਲ ਉੱਡਕੇ ਥੋੜੀ ਦੂਰ ਜਾ ਡਿੱਗਦਾ ਹੈ,ਇਸ ਕਰਕੇ ਦਿਆਰ ਦਾ ਜਗਲ ਹੌਲੀ ਹੌਲੀ ਖਿੱਲਰ ਜਾਂਦਾ ਹੈ॥

ਜਾਂ ਦਿਆਰ ਪੂਰਾ ਬਿਰਛ ਹੋ ਜਾਂਦਾ ਹੈ, ਤਾਂ ਆਪ-ਣਿਆਂ ਉੱਚਿਆਂ ਖੰਭਿਆਂ ਨਾਲ ਅਤੇ ਖਿੱਲਰੀਆਂ ਹੋਈਆਂ ਟਾਹਣੀਆਂ ਅਤੇ ਸਾਵੀਆਂ ਪੱਤੀਆਂ ਨਾਲ ਅਚਰਜ ਸੁਹਣਾ ਜਾਪਦਾ ਹੈ, ਅਤੇ ਜਾਂ ਨਿੱਕਾ ਜੇਹਾ ਬੂਟਾ ਹੈ,ਉਸ ਵੇਲੇ ਬੀ ਕੁਝ ਘੱਟ ਸੁਹਣਾ ਨਹੀਂ ਹੁੰਦਾ। ਪੁਰਾਣਿਆਂ ਬਿਰਛਾਂ ਦੇ ਕੋਲ ਨਵਿਆਂ ਟਿਆਂ ਦੀਆਂ ਝੰਗੀਆਂ ਦੀਆਂ ਝੰਗੀਆਂ ਖਲੋਤੀਆਂ ਹੁੰਦੀਆਂ ਹਨ,ਇਨ੍ਹਾਂ ਦੀ ਵੱਲ ਦੇਖੋ

ਤਾਂ ਭਾਵੇਂ ਪਰਤੀਤ ਨਾ ਆਏ, ਕਿ ਏਹ ਨਿਕੇ ੨ ਸੁਹਲੇ ਬੱਚੇ, ਇਨ੍ਹਾਂ ਹੀ ਦੇਵਾ ਦੈਂਤਾਂ ਮਾਪਿਆਂ ਦੀ ਸੰਤਾਨ ਹਨ, ਇਨ੍ਹਾਂ ਦਾ ਰੰਗ ਮੂੰਗੀ ਵਾਕਰ ਸਾਵਾ ਹੁੰਦਾ ਹੈ, ਬਹੁਤਿਆਂ ਦਾ ਰੰਗ ਨੀਲਾ ਜਿਹਾ। ਜੋ ਟਾਹਣੀਆਂ ਧਰਤੀਦੇ ਨੇੜੇਹਨ, ਸੋ ਸਭਨਾਂ ਕੋਲੋਂ ਲੰਮੀਆਂ ਹੁੰਦੀਆਂ ਹਨ, ਅਤੇ ਜਿਉਂ ਜਿਉਂ ਉੱਪਰ ਨੂੰ ਵੇਖਦੇ ਜਾਓ ਤਿਉਂ ਤਿਉਂ ਟਾਹਣੀਆਂ ਨਿੱਕੀਆਂ ਹੁੰਦੀਆਂ ਚਲੀਆਂ ਜਾਂਦੀਆਂ ਹਨ, ਐਥੋਂ ਤਕ ਕਿ ਨਿੱਕੇ ਬਿਰਛ ਦੀ ਪਤਲੀ ਜੇਹੀ ਕੂਮਲੀ ਸਿਰ ਝੁਕਾਈ ਖਲੋਤੀ ਹੋਇਗੀ, ਸਾਰਾ ਬੂਟਾ ਇੱਕ ਫੁਹਾਰਾ ਪ੍ਰਤੀਤ ਹੁੰਦਾ ਹੈ,ਜਿਸ ਵਿਖੇ ਜਲ ਦੀਆਂ ਬੂੰਦਾਂ ਦੀ ਥਾਂਪਤਲੀਆਂ ਪਤਲੀਆਂ ਸਾਵੀਆਂ ਪੱਤੀਆਂ ਹੁੰਦੀਆਂ ਹਨ ॥

ਭਾਵੇਂ ਤੁਸੀਂ ਅਚਰਜ ਮੰਨੋਗੇ ਕਿ ਅਜੇਹੇ ਵੱਡੇ ਵੱਡੇ ਬਿਰਛ, ਅਤੇ ਅਜੇਹਿਆਂ ਉੱਚਿਆਂ ਉੱਚਿਆਂ ਪਰਬਤਾਂ ਪੁਰ ਉੱਗੇ ਹੋਏ, ਅਤੇ ਓਹ ਪਰਬਤ ਬੀ ਐਥੋਂ ਸੈਂਕੜੇ ਕੋਹ ਹਨ, ਇਨ੍ਹਾਂ ਨੂੰ ਇਸ ਦੇਸ ਵਿਖੇ ਕਿੱਕੁਰ ਲਿਆਉਂਦੇ ਹੋਣਗੇ ? ਗੱਲ ਇਹ ਹੈ, ਕਿ ਸਾਡੀ ਚੰਗੀ ਕੁਲਬਧ ਦੇ ਕਾਰਣ ਏਹ ਮੁੰਦਰ ਸੁੰਦਰ ਬਿਰਛ ਬਾਹਲੇ ਅਜੇਹਿਆਂ ਪਰਬਤਾਂ ਦੀਆਂ ਢਾਲਾਂ ਪੁਰ ਉੱਗਦੇ ਹਨ, ਕਿ ਜਿਨ੍ਹਾਂ ਵਿਖੇ ਨਦੀਆਂ ਨਾਲੇ ਵਲਾਂਵੇਂ ਖਾਂਦੇ ਖਾਂਦੇ

ਹੇਠਾਂ ਨਿਵਾਣਾਂ ਨੂੰ ਵਗਦੇ ਹਨ, ਜਦ ਕਿਸੇ ਰੁੱਖ ਨੂੰ ਵੱਢਦੇ ਹਨ, ਤਾਂ ਆਰੀ ਨਾਲ ਵੱਡੇ ਵੱਡੇ ਟੋਟੇ ਕਰ ਲੈਂਦੇ ਹਨ, ਅਤੇ ਉਨ੍ਹਾਂ ਪੁਰ ਸਾਈਂ ਦਾ ਚਿੰਨ੍ਹ ਕਰ ਦਿੰਦੇ ਹਨ, ਮੁੜ ਪਰਬਤ ਦੀਆਂ ਢਾਲਾਂ ਪੁਰ ਕਾਠ ਦੀ ਸੜਕ ਜੇਹੀ ਬਣਾਕੇ ਇਨ੍ਹਾਂ ਟੋਟਿਆਂ ਨੂੰ ਵਗਦੇ ਪਾਣੀ ਦੀ ਵੱਲ ਰੁੜ੍ਹਾ ਦਿੰਦੇ ਹਨ। ਜੇ ਜਲ ਘੱਟ ਹੁੰਦਾ ਹੈ, ਤਾਂ ਟੋਟਿਆਂ ਨੂੰ ਛੋਟੇ ਛੋਟੇ ਕਰਦੇ ਹਨ, ਕਿ ਉਨ੍ਹਾਂ ਨੂੰ ਰੁੜ੍ਹਾ ਸੱਕੇ। ਜਦ ਇਨ੍ਹਾਂ ਗੇਲੀਆਂ ਨੂੰ ਇਸ ਲੱਕੜ ਦੀ ਸੜਕ ਪੁਰੋਂ ਰੁੜ੍ਹਾਉਂਦੇ ਹਨ, ਤਾਂ ਡਾਢੀ ਮੌਜ ਹੁੰਦੀ ਹੈ, ਜਾਂ ਪਾਣੀ ਵਿਖੇ ਡਿੱਗ-ਦੀਆਂ ਹਨ, ਤਾਂ ਵੱਡੇ ਜ਼ੋਰ ਦਾ ਘੜੱਮ ਹੁੰਦਾ ਹੈ, ਪਾਣੀ ਪੁਰ ਝੱਗਦੇ ਬੱਦਲਾਂ ਦੇ ਬੱਦਲ ਉੱਠਦੇ ਹਨ, ਜਦ ਤਰਦੇ ਜਾਂਦੇ ਹਨ, ਤਾਂ ਕਦ ਪਾਣੀ ਦੇ ਘੁੰਮਰ ਘੇਰ ਵਿੱਚ ਆਕੇ ਪਏ ਭੌਂਦੇ ਹਨ, ਕਦੇ ਕਿਸੇ ਪੱਥਰ ਨਾਲ ਟੱਕਰਦੇ ਹਨ, ਕਉਂਕਿ ਪਰਬਤਾਂ ਵਿਖੇ ਨਦੀਆਂ ਅਜੇਹੀਆਂ ਅਡੋਲ ਨਹੀਂ ਵਗਦੀਆਂ ਕਿ ਜਿੱਕੁਰ ਪੱਧਰਵਿਖੇ ਵਗਦੀਆਂ ਹਨ, ਸਗੋਂ ਉੱਥੇ ਵੱਡੇ ਬਲਨਾਲ ਲਹਿਰਾਂ ਉਛਾਲਦੀਆਂ ਅਤੇ ਝੱਗ ਹੁਲਾਰਦੀਆਂ ਹਨ, ਚੱਪੇ ਚੱਪੇ ਪੁਰ ਪੱਥਰਾਂ ਨਾਲ ਟੱਕਰਦੇ ਹਨ, ਉੱਚਿਆਂ ਉੱਚਿਆਂ ਥਾਵਾਂ ਪੁਰ, ਜੋ ਰਾਹ ਵਿਖੇ ਆਉਂਦੀਆਂ ਹਨ, ਉੱਥੇ ਚਾਦਰਾਂ ਬਣ ਬਣਕੇ ਬਲ

ਨਾਲ ਡਿਗਦੀਆਂ ਹਨ। ਇਨ੍ਹਾਂ ਗੇਲੀਆਂ ਨੂੰ ਜਲ ਵਿਖੇ ਛੱਡਕੇ ਫੇਰ ਇਨ੍ਹਾਂ ਦੀ ਕੋਈ ਖ਼ਬਰ ਨਹੀਂ ਲੈਂਦਾ, ਆਪੇ ਰੁੜ੍ਹਦੀਆਂ ਰੁੜ੍ਹਦੀਆਂ ਮਦਾਨਾਂ ਦੇ ਨੇੜੇ ਆ ਪਹੁੰਚਦੀਆਂ ਹਨ, ਇੱਥੇ ਨਦੀਆਂ ਉੱਪਰ ਨਾਲੋਂ ਹੌਲੀ ਹੌਲੀ ਵਗ-ਦੀਆਂ ਹਨ, ਬਹੁਤ ਲੋਕ ਖੜੇ ਉਡੀਕਦੇ ਰਹਿੰਦੇ ਹਨ, ਅਤੇ ਸਰਨਾਹੀਆਂ ਪੁਰ ਤਰਦੇ ਹਨ, ਏਹ ਬੱਕਰੇ ਯਾ ਸੇਹਰੂ ਦੀਆਂ ਖੱਲਾਂ ਹੁੰਦੀਆਂ ਹਨ, ਇਨ੍ਹਾਂ ਨੂੰ ਸੀਉਂ ਲੈਂਦੇ ਹਨ, ਅਤੇ ਪੌਣ ਭਰਕੇ ਮੂੰਹ ਬੰਨ੍ਹ ਦੇਂਦੇ ਹਨ, ਉੱਪਰ ਤੇਲ ਅਤੇ ਦਿਆਰ ਦੀ ਥਿੰਧਿਆਈ ਮਲ ਦਿੰਦੇ ਹਨ, ਕਿ ਪਾਣੀ ਨਾਲ ਗਲ ਨਾ ਜਾਣ, ਉੱਥੇ ਦੇ ਲੋਕ ਇਨ੍ਹਾਂ ਨੂੰ ਦਰਈਆਂ ਕਹਿੰਦੇ ਹਨ, ਇਨ੍ਹਾਂ ਲੋਕਾਂ ਨੂੰ ਇਸ ਹਾਲ ਵਿੱਚ ਦੇਖੋ, ਤਾਂ ਇੱਕ ਤਮਾਸ਼ਾ ਪਰਤੀਤ ਹੁੰਦਾ ਹੈ, ਮਸ਼ਕ ਪੁਰ ਮੂੰਧੇ ਪਏ ਹੁੰਦੇ ਹਨ, ਕਾਠ ਦੀਆਂ ਨਿੱਕੀਆਂ ਨਿੱਕੀਆਂ ਚਪਟੀਆਂ ਦੇ ਸਹਾਰੇ ਨਾਲ ਜਲ ਚੀਰ ਕੇ ਏਧਰ ਓਧਰ ਫਿਰਦੇ ਹਨ, ਅਤੇ ਜੋ ਗੇਲੀ ਰੁੜ੍ਹੀ ਚਲੀ ਆਉਂਦੀ ਹੈ, ਵੱਡੀ ਫੁਰਤੀ ਨਾਲ ਉਸਦੇ ਮਗਰ ਜਾਂਦੇ ਹਨ, ਅਤੇ ਕੰਢੇ ਉੱਤੇ ਲੇ ਆਉਂਦੇ ਹਨ। ਇੱਥੇ ਸਾਰੀਆਂ ਗੇਲੀਆਂ ਨੂੰ ਗਿਣਦੇ ਹਨ, ਰੱਸਿਆਂ ਅਤੇ ਵੇਝਾਂ ਨਾਲ ਬੰਨ੍ਹਦੇ ਹਨ, ਅਤੇ ਬੇੜਾ ਬਣਾਕੇ ਮੰਡੀਆਂ ਵਿਖੇ ਲੈ ਆਉਂਦੇ ਹਨ॥

ਦਿਆਰ ਦੀ ਲੱਕੜ ਵੱਡੀ ਵਡਮੁੱਲੀ ਹੁੰਦੀ ਹੈ; ਪਹਿਲੇ ਠੇਕੇਦਾਰ ਇਸ ਸੋਚ ਵਿੱਚ ਰਹਿੰਦੇ ਸੇ, ਕਿ ਜਿੰਨਾਂ ਰੁਪਈਆ ਖੱਟਿਆ ਜਾਏ ਛੇਤੀ ਖੱਟ ਲਈਏ, ਇਸ ਲੋਭ ਨਾਲ ਐੱਨੇ ਰੁੱਖ ਵੱਢ ਸਿਟਦੇ ਸਨ ਕਿ ਜੰਗਲਾਂ ਦੇ ਜੰਗਲ ਉਜਾੜ ਦਿੰਦੇ ਸਨ। ਹੁਣ ਸਰਕਾਰ ਨੇ ਬਾਕੀ ਦਿਆਂ ਜੰਗਲਾਂ ਦੇ ਬਚਾਉ ਲਈ ਇੱਕ ਉਪਾਯ ਕੀਤਾ ਹੈ ਕਿ ਬੀਉ ਵਾਲੇ ਬਿਰਛ ਰੱਖ ਲੈਂਦੇ ਹਨ, ਅਤੇ ਉਨ੍ਹਾਂ ਦੇ ਦੁਆਲੇ ਦੇ ਰੁੱਖ ਵੱਢ ਸਿਟਦੇ ਹਨ, ਕਿ ਬੀਉ ਖੁਲੀ ਧਰਤੀ ਪੁਰ ਡਿੱਗਣ, ਅਤੇ ਨਵੀਂ ਪੂੰਗ ਪੁੰਗਰੇ, ਅਤੇ ਵੱਡੀ ਹੋਕੇ ਆਪਣਿਆਂ ਜਨਦਿਆਂ ਦੇ ਥਾਉਂ ਜੋ ਉੱਥੋਂ ਵੱਢੇ ਗਏ ਹਨ, ਖਲੋਏ। ਇਸਤੇ ਛੁਟ ਹੋਰ ਢੇਰ ਬੂਟਿਆਂ ਦੇ ਜਖੀਰੇ ਬੀ ਹਨ, ਉਨ੍ਹਾਂ ਵਿਖੇ ਦਿਆਰ ਦੇ ਬੂਟੇ ਪਲਦੇ ਹਨ, ਜਦ ਰਤੀਕੁ ਤਕੜੇ ਹੋ ਜਾਂਦੇ ਹਨ, ਤਾਂ ਪੁੱਟ ਕੇ ਉੱਥੇ ਲਾ ਦਿੰਦੇ ਹਨ, ਕਿ ਜਿੱਥੋਂ ਠੇਕੇਦਾਰਾਂ ਨੇ ਜੰਗਲਾਂ ਦੇ ਜੰਗਲ ਨਸ਼ਟ ਕਰ ਦਿੱਤੇ ਸਨ॥

ਹੋਰ ਬੀ ਕਈਆਂ ਤਰ੍ਹਾਂ ਦੇ ਬਿਰਛ ਹਨ, ਕਿ ਜਿਨ੍ਹਾਂ ਦੇ ਪੱਤੇ ਅਤੇ ਫਲ ਦਿਆਰ ਦਿਆਂ ਪੱਤਿਆਂ ਅਤੇ ਫਲਾਂ ਜੇਹੇ ਹੁੰਦੇ ਹਨ, ਜਿਹਾਕਿ ਚੀਲ ਅਤੇ ਕਲ। ਇਨ੍ਹਾਂ ਵਿੱਚੋਂ ਇੱਕ ਬਿਰਛ ਹੁੰਦਾ ਹੈ, ਉਸਨੂੰ ਵਡੇ ਵਡੇ

ਫਲ ਲਗਦੇ ਹਨ, ਉਨ੍ਹਾਂ ਨੂੰ ਚਿਲਗੋਜ਼ਾ ਯਾ ਨਿਓਜ਼ਾ ਕਹਿੰਦੇ ਹਨ, ਇਨ੍ਹਾਂ ਵਿਖੇ ਵਡੇ ਵਡੇ ਬੀਉ ਹੁੰਦੇ ਹਨ, ਓਹ ਖਾਣ ਵਿੱਚ ਆਉਂਦੇ ਹਨ। ਇੱਥੋਂ ਬਹੁਤ ਦੂਰ ਉੱਚੇ ਉੱਚੇ ਪਰਬਤ ਹਨ, ਜਿਨ੍ਹਾਂ ਦੀਆਂ ਘਾਟੀਆਂ ਵਿੱਚੋਂ ਸਤਲੁਜ ਨਦੀ ਵਗਕੇ ਆਉਂਦੀ ਹੈ, ਉੱਥੇ ਦਿਆਂ ਨਿਰ-ਧਨਾਂ ਲੋਕਾਂ ਦਾ ਇਨ੍ਹਾਂ ਹੀ ਬੀਆਂ ਪੁਰ ਨਿਰਬਾਹ ਹੈ, ਕੱਕਰ ਪਾਲਾ ਪੈਂਦਾ ਹੈ, ਅਤੇ ਮਹੀਨਿਆਂ ਤਕ ਬਰਫ਼ ਵਸਦੀ ਹੈ, ਅਜੇਹੀ ਰੁੱਤ ਵਿਖੇ ਉੱਥੇ ਹੋਰ ਕੁਝ ਨਹੀਂ ਹੁੰਦਾ, ਏਹ ਬੀਉ ਨਾ ਹੁੰਦੇ, ਤਾਂ ਓਹ ਵਿਚਾਰੇ ਨਸ਼ਟ ਹੋ ਜਾਂਦੇ। ਉਸ ਦਯਾਲ ਕ੍ਰਿਪਾ ਨਿਧਾਨ ਪਰਮੇਸ਼ੁਰ ਨੂੰ ਦੇਖੋ ਜਿਸਨੇ ਅਸਾਡੇ ਸੁਖ ਲਈ ਕੇਹੇ ਕੇਹੇ ਬੂਟੇ ਅਤੇ ਬਿਰਛ ਉਤਪੰਨ ਕੀਤੇ ਹਨ, ਉਸ ਨੇ ਆਪਣੀ ਮੰਗਲ ਮਈ ਇੱਛਾ ਨਾਲ ਇਹ ਉਪਾਯ ਕੀਤਾ ਹੈ, ਚਿਲਗੋਜ਼ੇ ਦੀ ਲੱਕੜ ਦਿਆਰ ਦੀ ਲੱਕੜ ਨਾਲ ਨਹੀਂ ਮਿਲਦੀ, ਇਹ ਮੁੱਢੋਂ ਨਿਕੰਮੀ ਹੁੰਦੀ ਹੈ, ਇਸੇ ਲਈ ਕੋਈ ਇਸਦੇ ਬਿਰਛ ਨੂੰ ਨਹੀਂ ਵੱਢਦਾ, ਓਹ ਬਣੇ ਤਣੇ ਰਹਿੰਦੇ ਹਨ ਅਤੇ ਹਰ ਵਰ੍ਹੇ ਫਲ ਦਿੰਦੇ ਹਨ। ਜੇ ਇਸ ਬਿਰਛ ਦੀ ਲੱਕੜੀ ਬੀ ਵਡਮੁੱਲੀ ਹੁੰਦੀ, ਤਾਂ ਪਰਤੀਤ ਹੁੰਦਾ ਹੈ, ਕਿ ਅੱਜ ਨੂੰ ਐਨੇ ਰੁੱਖ ਵੱਢੇ ਜਾਂਦੇ, ਕਿ ਬਾਕੀ



ਵੰਝ

MAYO SCHOOL OF ART. LAHORE.

ਦਿਆਂ ਵਿੱਚੋਂ ਸਭਿਆਰ ਥੋੜੇ ਬੀਉ ਨਿਕਲਦੇ, ਅਤੇ ਜੋ ਨਿਕਲਦੇ, ਲੋਕ ਉਨ੍ਹਾਂ ਨੂੰ ਖਾ ਜਾਂਦੇ, ਭੋਂ ਉੱਤੇ ਇੱਕ ਨਾ ਪੈਂਦਾ, ਅਤੇ ਨਾ ਅੱਗੇ ਨੂੰ ਪਨੀਰੀ ਦਾ ਉਪਰਾਲਾ ਹੁੰਦਾ, ਅਤੇ ਥੋੜ੍ਹਿਆਂ ਹੀ ਦਿਨਾਂ ਵਿਖੇ ਨੇਉਜ਼ੇ ਦਾ ਬਿਰਛ ਹਿਮਾਲਯ ਪਰਬਤ ਪੁਰੋਂ ਜਾਂਦਾ ਰਹਿੰਦਾ ॥

## ਵੇਝ

ਇਸ ਦਾ ਬੂਟਾ ਸੁਹਣਾ ਅਤੇ ਸੁਹਾਵਣਾ ਹੁੰਦਾ ਹੈ, ਲੰਮੇ ਲੰਮੇ ਖੰਬੇ ਹੁੰਦੇ ਹਨ, ਉਨ੍ਹਾਂ ਵਿਖੇ ਪਰਾਂ ਦੀ ਤਰ੍ਹਾਂ ਪੱਤੇ ਮੌਜਾਂ ਮਾਣਦੇ ਹਨ, ਕਈ ਖੰਭੇ ਤਾਂ ਐਂਨੇ ਲੰਮੇ ਹੁੰਦੇ ਹਨ, ਕਿ ਸੌ ਸੌ ਫੁੱਟ ਦੀ ਸਾਰ ਲੈਂਦੇ ਹਨ। ਇਹ ਸੁਣਕੇ ਤੁਸੀਂ ਅਚਰਜ ਕਰੋਗੇ ਕਿ ਇਹ ਬੀ ਇੱਕ ਪ੍ਰਕਾਰ ਦਾ ਘਾ ਹੈ। ਵੇਝ, ਗੰਨੇ, ਧਾਈਂ, ਕਣਕ, ਜੌਂ, ਮੱਕੀ, ਸਾਰਿਆਂ ਅਨਾਜ ਦਿਆਂ ਬੂਟਿਆਂ ਅਤੇ ਘਾ ਸਭਨਾਂ ਦੀਆਂ ਜੜ੍ਹਾਂ, ਡੰਡੀਆਂ, ਪੱਤੇ, ਫੁੱਲ ਅਤੇ ਬੀਉ ਇੱਕੋ ਬਣਾਉਟ ਦੇ ਹੁੰਦੇ ਹਨ ॥

ਵੇਝ ਅਤੇ ਹੋਰਨਾਂ ਬੂਟਿਆਂ ਵਿੱਚ ਜੋ ਜੋ ਭੇਦ ਹੈ ਉਨ੍ਹਾਂ ਵਿੱਚੋਂ ਕਈ ਕੁ ਗੱਲਾਂ ਦਾ ਵਰਣਨ ਕਰਦੇ ਹਾਂ। ਨਰੰਗੀ, ਯਾ ਪੋਸਤ ਯਾ ਸਰ੍ਹੋਂ ਦਾ ਪੱਤਾ ਦੇਖੋਗੇ ਤਾਂ ਮਲੂਮ ਹੋਇਗਾ ਜੋ ਉਸਦੇ ਅੰਦਰ ਮਹੀਨ ਮਹੀਨ ਨਾੜਾਂ ਦਾ

ਜਾਲ ਵਿਛਿਆ ਹੋਇਆ ਹੈ, ਪਰ ਵੰਝ ਵਿਖੇ ਇਹ ਗੱਲ ਨਹੀਂ, ਉਸਦਿਆਂ ਤਰਾਂਦੀਆਂ ਰਗਾਂ ਇਕ ਦੂਜੀ ਪੁਰੋਂ ਲੰਘਕੇ ਨਹੀਂ ਜਾਂਦੀਆਂ, ਪਰ ਲਮਿੱਤਨ ਵਿੱਚ ਉਪਰੋਂ ਲੈ ਹੇਠਾਂ ਤਕ ਸਿੱਧੀਆਂ ਚਲੀਆਂ ਜਾਂਦੀਆਂ ਹਨ, ਅਤੇ ਕਦੇ ਕਦੇ ਚੁੜਿੱਤਣ ਵਿੱਚ ਹੁੰਦੀਆਂ ਹਨ, ਬਹੁਤਿਆਂ ਬਿਰਛਾਂ ਦੇ ਬੀਉ ਅਜੇਹੇ ਹੁੰਦੇ ਹਨ, ਕਿ ਉਨ੍ਹਾਂ ਦੇ ਦੋ ਇੱਕੋ ਜੇਡੇ ਟੁਕੜੇ ਹੋ ਸਕਦੇ ਹਨ, ਇਨ੍ਹਾਂ ਬਿਰਛਾਂ ਦੇ ਮੁੱਢ ਉਸੇ ਤਰ੍ਹਾਂ ਕੁੰਡਲਾਂ ਪੁਰ ਕੁੰਡਲ ਹੋਕੇ ਉੱਗਦੇ ਹਨ, ਜਿਹਾਕਿ ਦਿਆਰ ਦੀ ਵਾਰਤਾ ਵਿਖੇ ਕਹਿ ਆਏ ਹਾਂਵੰਝ ਦੇ ਬੀਉ ਨੂੰ ਬਲ ਨਾਲ ਭੰਨੀਏ ਤਾਂ ਚੂਰਾਚੂਰਾ ਹੋਸਕਦਾ ਹੈ ਪਰ ਬਰਾਬਰ ਦੋ ਟੁਕ ਨਹੀਂ ਹੋਣਗੇ। ਤਾੜ, ਨਰੇਲ, ਖੱਜੀਆਂ ਦੀ ਜਾਤ ਦੇ ਜਿੰਨੇ ਬਿਰਛ ਹਨ, ਉਨ੍ਹਾਂ ਦੇ ਬੀਉ ਬੀ ਅਜੇਹੇ ਨਹੀਂ ਹੁੰਦੇ ਹਨ। ਜਿੰਨਿਆਂ ਬਿਰਛਾਂ ਦੇ ਬੀਉ ਇਸਤਰ੍ਹਾਂ ਦੇ ਹਨ, ਉਨ੍ਹਾਂ ਦੇ ਮੁੱਢ ਦਿਆਰ ਦੀ ਤਰ੍ਹਾਂ ਨਹੀਂ ਵਧਦੇ, ਪਰ ਇਨ੍ਹਾਂ ਦੇ ਵਧਣ ਦਾ ਕੋਈ ਹੋਰ ਰਾਹ ਹੈ, ਕਿ ਜੋ ਅਗਲੀ ਪੁਸਤਕ ਵਿਖੇ ਆਇਗਾ। ਵੰਝ ਅਤੇ ਘਾ ਦੇ ਮੁੱਢ ਮੱਟੀਆਂ ਵਾਲ਼ੇ ਹੁੰਦੇ ਹਨ, ਤੁਸਾਂ ਜੋ ਵੰਝ ਦੇ ਬੂਟੇ ਦੇਖੇ ਬੀ ਹੋਣਗੇ, ਤਾਂ ਧਯਾਨ ਨਾ ਕੀਤਾ ਹੋਇਗਾ, ਕਿ ਉਨ੍ਹਾਂ ਨਾਲ ਫੁੱਲ ਬੀ ਹਨ, ਕਿ ਨਹੀਂ। ਆਓ ਅਸੀ

ਦੱਸੀਏ, ਮੁੱਢ ਪੁਰ ਟਾਹਣੀਆਂ ਦਿਆਂ ਸਿਰਿਆਂ ਉੱਤੇ, ਜੋ ਮਿੰਜਰਾਂ ਜੇਹੀਆਂ ਦਿਸਦੀਆਂ ਹਨ, ਇਹ ਨਿੱਕਿਆਂ ਨਿੱਕਿਆਂ ਫੁੱਲਾਂ ਤੇ ਬਣੀਆਂ ਹਨ, ਅਤ ਉਨ੍ਹਾਂ ਵਿਖੇ ਹੀ ਬੀਉ ਪੈਂਦੇ ਹਨ,ਫੁੱਲਾਂ ਦੀ ਬਣਾਉਟ ਸਮਝ ਵਿਚ ਔਖੀ ਆਉਂਦੀ ਹੈ। ਜਿਨ੍ਹਾਂ ਫੁੱਲਾਂ ਦਾ ਹਾਲ ਪਹਿਲੀਆਂ ਵਾਰਤਾਂ ਵਿਖੇ ਆਇਆ ਹੈ, ਉਨ੍ਹਾਂ ਵਿੱਚ ਅਤੇ ਇਸ ਫੁੱਲ ਵਿੱਚ ਵੱਡਾ ਭੇਦ ਹੈ॥

ਵੰਝ ਵਿਖੇ ਫੁੱਲ ਆਉਣ ਦਾ ਹਾਲ ਸਭਿਆਰ ਅਚਰਜ ਹੈ। ਇਸਦੇ ਬੂਟੇ ਬਹੁਤੇ ਛੁੰਗੀਆਂ ਦੀਆਂ ਛੁੰਗੀਆਂ ਉੱਗਦੇ ਹਨ, ਕਈ ਤਰ੍ਹਾਂ ਦੇ ਤਾਂ ਅਜੇਹੇ ਹੁੰਦੇ ਹਨ, ਕਿ ਸਾਰੇ ਝੁਰਮਟ ਵਿੱਚੋਂ ਨਿਰੇ ਇੱਕ ਯਾ ਦੋ ਬੂਟਿਆਂ ਨੂੰ ਹੀ ਇੱਕੋ ਵੇਲੇ ਫੁੱਲ ਆਉਂਦੇ ਹਨ, ਕਈ ਅਜੇਹੇ ਹਨ, ਕਿ ਸਾਰੇ ਝੁਰਮਟ ਵਿੱਚ ਇੱਕੋ ਵਾਰ ਫੁੱਲ ਨਿਕਲ ਆਉਂਦੇ ਹਨ। ਵੰਝ ਆਪਣੀ ਸਾਰੀ ਉਮਰ ਵਿੱਚ ਇੱਕੋ ਵਾਰ ਫੁੱਲ ਲਿਆਉਂਦਾ ਹੈ, ਅਤੇ ਜਿਸਨੂੰ ਫੁੱਲ ਲਗਦਾ ਹੈ, ਉਹ ਥੋੜੇ ਹੀ ਚਿਰ ਵਿੱਚ ਕੁਮਲਾ ਜਾਂਦਾ ਹੈ,ਇੱਸੇ ਲਈ ਬਹੁਤੀ ਵਾਰ ਅਜੇਹਾ ਹੁੰਦਾ ਹੈ ਕਿ ਕਿਸੇ ਥਾਂ ਦੂਰ ਦੂਰ ਤੀਕ ਸਾਰੇ ਵੰਝ ਇੱਕੋਵਾਰ ਕੁਮਲਾ ਜਾਂਦੇ ਹਨ,ਪਰ ਕੁਮਲਾਉਣ ਤੇ ਮੁਹਰੇ ਢੇਰ ਸਾਰੇ ਬੀਉ ਝੜ ਜਾਂਦੇ ਹਨ, ਅਤੇ ਥੋੜ੍ਹਿਆਂ

ਦਿਨਾਂ ਵਿਖੇ ਓਹੋ ਪੁੰਗਰ ਆਉਂਦੇ ਹਨ। ਪਹਿਲੇ ਪਹਿਲ ਏਹ ਕਣਕ ਦੀਆਂ ਪੈਲੀਆਂ ਵਾਂਗਰ ਜਾਪਦੇ ਹਨ, ਛਿੰਨਾਂ ਵਰ੍ਹਿਆਂ ਤਕ ਹੌਲੀ ਹੌਲੀ ਵਧਦੇ ਹਨ, ਫੇਰ ਛੇਤੀ ਛੇਤੀ ਉੱਪਰ ਨੂੰ ਵਧਦੇ ਚਲੇ ਜਾਂਦੇ ਹਨ ॥

ਵੰਝ ਦਾ ਬੀਉ ਖਾਣ ਵਿੱਚ ਆ ਸਕਦਾ ਹੈ, ਕਿਸੇ ਵੇਲੇ ਮਹਿੰਗ ਦੇ ਸਮੇਂ ਇਸਤੇ ਵੱਡਾ ਕੰਮ ਨਿਕਲਦਾ ਹੈ, ਬਰਮਾ ਦੇਸ ਵਿਖੇ ਵੰਝ ਫੇਰ ਹੁੰਦਾ ਹੈ, ਕਦੇ ਕਦੇ ਇਸਦਾ ਸਦਕਾ ਚੂਹੇ ਐਂਨੇ ਹੋ ਗਏ ਕਿ ਲੋਕ ਪਿੰਡ ਛੱਡ ਛੱਡ ਕੇ ਨੱਸ ਗਏ, ਚੂਹੇ ਕੀ ਸਨ, ਅਕਾਸੋਂ ਬਲਾ ਉੱਤਰੀ ਸੀ ॥

ਇਹ ਨਹੀਂ ਸਮਝਣਾ, ਕਿ ਸਾਰੇ ਵੰਝ ਇੱਕੋ ਤਰ੍ਹਾਂ ਦੇ ਹੁੰਦੇ ਹਨ, ਇਸਦੀਆਂ ਕਈ ਜ਼ਾਤਾਂ ਹੁੰਦੀਆਂ ਹਨ, ਬਰਮਾਂਵਿਖੇ ਤਾਂ ਵੀਹਾਂ ਤੇ ਵੀ ਵਧੀਕ ਪ੍ਰਸਿੱਧ ਹਨ, ਉੱਤਰੀ ਬਰਮਾਂ ਵਿੱਚ ਸੈਂਕੜਿਆਂ ਕੋਹਾਂ ਤੀਕ ਇਨ੍ਹਾਂ ਦਾ ਸੰਘਣਾ ਬਨ ਖਲੋਤਾ ਹੈ, ਆਸਾਮ, ਚੀਨ, ਬੰਗਾਲੇ ਅਤੇ ਮਦਰਾਸ ਵਿਖੇ ਬੀ ਬਹੁਤ ਹੀ ਹੁੰਦੇ ਹਨ, ਪੰਜਾਬ ਅਤੇ *ਬਾਯਬੀ ਦੇਸ ਵਿਖੇ ਬੀ ਕਿਤੇ ਕਿਤੇ ਹੁੰਦੇ ਹਨ, ਪਰ ਐਂਨੇ ਨਹੀਂ। ਕੋਈ ਵੰਝ ਪੋੱਲੇ ਹੁੰਦੇ ਹਨ, ਕਈ ਨਿੱਗਰ, ਵੱਡੇ ਵੱਡੇ ਵੰਝ ਅਸਲੋਂ ਕੁਝ ਨਾ ਕੁਝ ਪੋੱਲੇ ਹੁੰਦੇ ਹਨ। ਕੋਈ ਮਨੁੱਖ

---

* ਪੱਛਮੀ।

ਨਿੱਗਰ ਨੂੰ ਨਰ ਕਹਿੰਦੇ ਹਨ,ਅਤੇ ਪੋੱਲੇ ਨੂੰ ਮਦੀਨ,ਪਰ ਇਹ ਸਮਝ ਕੂੜੀ ਹੈ । ਪੰਜਾਬ ਵਿਖੇ ਇੱਕ ਪ੍ਰਕਾਰ ਦਾ ਵੱਡਾ ਵੰਝ ਹੁੰਦਾ ਹੈ ਉਹ ਕਾਲਕਾ ਦੇ ਨੇੜੇ ਪਰਬਤ ਦੇ ਹੇਠਾਂ ਬਹੁਤ ਬੀਜਿਆ ਜਾਂਦਾ ਹੈ,ਅਤੇ ਕਾਂਗੜ ਨਗਰ ਦੇ ਕੋਲ ਪਿੰਡਾਂ ਦੇ ਦੁਆਲੇ ਬੀ ਹੁੰਦਾ ਹੈ, ਜਿਸਤੇ ਉੱਤਰ ਵਿਖੇ ਹਿਮਾਲਯ ਦੀ ਧਾਰ ਹੈ, ਅਤੇ ਦੱਖਣ ਨੂੰ ਛੋਟੀਆਂ ਛੋਟੀਆਂ ਪਹਾੜੀਆਂ। ਇਸਤੇ ਛੋਟਾ ਇੱਕ ਪ੍ਰਕਾਰ ਦਾ ਵੰਝ ਪੀੱਡਾ ਹੁੰਦਾ ਹੈ,ਇਹ ਹੁਸ਼ਿਆਰਪੁਰ ਦੇ ਜ਼ਿਲੇ ਵਿੱਚ ਹੁੰਦਾ ਹੈ, ਅਤੇ ਕਾਲਕਾ ਦੇ ਨੇੜੇ ਬੀ, ਛੋਟੀਆਂ ਛੋਟੀਆਂ ਪਹਾੜੀਆਂ ਵਿਖੇ,ਜਿੱਥੇ ਗਰਮੀ ਵਧੀਕ ਹੁੰਦੀ ਹੈ ਮਿਲਦਾ ਹੈ। ਇਸ ਪ੍ਰਕਾਰ ਦਾ ਵੰਝ ਲਾਹੌਰ ਦਿਆਂ ਬਾਗ਼ਾਂ ਵਿੱਚ ਬੀ ਵਿਦਮਾਨ ਹੈ। ਉੱਚਿਆਂ ਉੱਚਿਆਂ ਪਰਬਤਾਂ ਪੁਰ ਇੱਕ ਬਹੁਤ ਛੋਟੇ ਪ੍ਰਕਾਰ ਦਾ ਵੰਝ ਹੁੰਦਾ ਹੈ, ਉਹ ਅਤਿ ਸੁੰਦਰ ਹੈ॥


ਵੰਝ ਵੱਡੇ ਕੰਮ ਆਉਂਦਾ ਹੈ,ਜਿਨ੍ਹਾਂ ਤਿੰਨਾਂ ਪ੍ਰਕਾਰਾਂ ਦਾ ਹਾਲ ਉੱਪਰ ਲਿਖਿਆ ਗਿਆ ਹੈ, ਉਨ੍ਹਾਂ ਵਿੱਚ ਸਭ ਤੇ ਨਿੱਕੀ ਪ੍ਰਕਾਰ ਨੂੰ ਬਾਂਸੀ ਕਹਿੰਦੇ ਹਨ। ਇਨ੍ਹਾਂ ਵਿੱਚੋਂ ਜੋ ਪੋੱਲੇ ਹੁੰਦੇ ਹਨ, ਉਨ੍ਹਾਂ ਨੂੰ ਪੱਧਰ ਵਿਖੇ ਲੈ ਆਉਂਦੇ ਹਨ, ਅਤੇ ਹੁੱਕਿਆਂ ਦੇ ਨੇਚੇ ਬਣਾਉਂਦੇ ਹਨ । ਉੱਪਰੋਂ

ਟੁਕੜਿਆਂਨੂੰਰੇਤੀਨਾਲਪੱਧਰਾਕਰਦੇ ਹਨ, ਤੱਤੀ ਸੁਲਾਕ ਨਾਲ ਅੰਦਰਲੇ ਛੇਕ ਨੂੰ ਧੁਰ ਸਿਰ ਤਕ ਖੋਲ੍ਹ ਦਿੰਦੇ ਹਨ,ਫੇਰ ਸੁਹੱਪਣ ਲਈ ਉਸਦੇ ਉੱਪਰ ਰੰਗੇ ਹੋਏ ਕੱਪੜੇ ਦੀਆਂ ਲੀਰਾਂ ਲਪੇਟਦੇ ਹਨ,ਉੱਪਰੋਂ ਪੱਟ ਅਤੇ ਤਿੱਲੇ ਦਾ ਕੰਮ ਕਰਦੇ ਹਨ,ਹਰ ਸਾਲ ਹਜ਼ਾਰਾਂ ਪਤਲੇ ਵੰਝ ਛੱਪਰਾਂ ਵਿਖੇ ਲੱਗਦੇ ਹਨ, ਛਿਟੀਆਂ, ਲਾਠੀਆਂ, ਬਰਛੀਆਂ ਦੇ ਛੜ, ਨਿਰਧਨਾਂ ਦੀਆਂ ਮੰਜੀਆਂ ਦੇ ਸੇਰੂਏ ਅਤੇ ਹੀਆਂ ਦੇ ਕੰਮ ਆਉਂਦੇਹਨ। ਮੋਟਿਆਂ ਮੋਟਿਆਂ ਵੰਝਾਂ ਦੇ ਡੋਲੀ-ਆਂ ਦੇ ਡੰਡੇ, ਤੰਬੂਆਂ ਦੀਆਂ ਥੰਮੀਆਂ ਅਤੇ ਵਹਿੰਗੀਆਂ ਬਣਦੀਆਂ ਹਨ। ਛਿਲਪਾਟਣਾਂਨਾਲਟੁੱਟੀਆਂ,ਟੋਕਰੀਆਂ, ਸਿਰਕੀਆਂ ਅਤੇ ਹੋਰ ਅਨੇਕ ਵਸਤਾਂ ਬਣਦੀਆਂ ਹਨ। ਜੇ ਵੰਝ ਨਾ ਹੁੰਦੇ ਤਾਂ ਰਾਜਾਂਦੇਕੰਮ ਔਖੇ ਤੁਰਦੇ, ਹੁਣ ਵੱਡਾ ਸੁਖਾਲ ਹੈ,ਪੱਕਿਆਂ੨ਵੰਝਾਂਦੀਆਂ ਗੋਆਂ ਬਣਾਉਂਦੇ ਹਨ, ਅਤੇ ਉਨ੍ਹਾਂ ਪੁਰ ਬੈਹ ਕੇ ਯਾ ਖਲੋਕੇ ਉਸਾਰੀ ਕਰਦੇ ਹਨ॥

ਕੱਚਿਆਂ ਵੰਝਾਂ ਦੇ ਗੁੱਦੇ ਦੀ ਤਰਕਾਰੀ ਬਣਾਉਂਦੇ ਹਨ,ਮੁਰੱਬੇ ਅਤੇ ਅਚਾਰ ਬੀ ਪਾਉਂਦੇਹਨ, ਕਿਤੇ ਕਿਤੇ ਇਨ੍ਹਾਂ ਦੇ ਕਾਗਤ ਬੀ ਬਣਾਉਂਦੇ ਹਨ॥

ਕੇਈਆਂ ਦੇਸਾਂ ਦੀ ਤਾਂ ਇਹ ਚਾਲ ਹੈ, ਕਿ ਜਿਸ ਵਸਤੁ ਦੀ ਲੋੜ ਹੁੰਦੀ ਹੈ,ਉਸਨੂੰ ਵੰਝ ਦੀ ਹੀ ਬਣਾਉਂਦੇ

ਹਨ, ਘਰ ਦੇਖੋ ਤਾਂ ਵੰਝ ਦੇ ਮੱਢ ਹਨ,ਪਕਿਆਈ ਲਈ ਉਨ੍ਹਾਂ ਦੇ ਵਿਚਕਾਰ ਵੰਝ ਦੇ ਟੋਟੇ ਹਨ,ਕੰਧਾਂ ਦੀ ਥਾਂ ਵੰਝ ਦੀਆਂ ਸਫਾਂ ਬੰਨ੍ਹੀਆਂ ਹੋਈਆਂ ਹਨ, ਛੱਤਾਂ ਅਤੇ ਵਿਛਾਈ ਛਲਪਾਟਣਾਂ ਦੀ ਹੈ,ਛੱਪਰ ਪੱਤਿਆਂ ਦੇ ਛਾਏ ਹਨ। ਪਾਣੀ ਲਿਆਉਣ ਦੀ ਲੋੜ ਪੈ ਜਾਏ,ਤਾਂ ਮਸ਼ਕ ਦੀ ਕੁਝ ਨਹੀਂ ਧਰਾਉਂਦੇ, ਕਿਸੇ ਵੰਝ ਦਾ ਇੱਕ ਵੱਡਾ ਸਾਰਾ ਟੋਟਾ ਵੱਢ ਲੈਂਦੇ ਹਨ, ਨਿਰੀ ਹੇਠਲੀ ਗੰਢ ਬੰਦ ਰਖਦੇ ਹਨ, ਜੋ ਉਸ ਭਾਂਡੇ ਦਾ ਥੱਲਾ ਹੁੰਦਾ ਹੈ, ਹੋਰਨਾਂ ਗੰਢਾਂ ਨੂੰ ਵਿੱਚੋਂ ਖੋਲ੍ਹ ਦਿੰਦੇ ਹਨ, ਹੁਣ ਇਹ ਨਾਲ ਇੱਕ ਵੱਡੇ ਡੋਲ ਦਾ ਕੰਮ ਦਿੰਦੀ ਹੈ। ਇਨ੍ਹਾਂ ਦੇਸਾਂ ਵਿਖੇ ਲੋਕਾਂ ਦੀਆਂ ਮੰਜੀਆਂ, ਪੀੜ੍ਹੀਆਂ, ਪਟਾਰੀਆਂ, ਟੋਪੀਆਂ, ਬਹੁਕਰਾਂ ਅਤੇ ਹਜ਼ਾਰਾਂ ਪ੍ਰਕਾਰ ਦੀਆਂ ਨਿਕੀਆਂ ਨਿਕੀਆਂ ਵਸਤਾਂ ਵੰਝ ਦੀਆਂ ਹੀ ਬਣਦੀਆਂ ਹਨ,ਐਥੇ ਤਕ ਕਿ ਇੱਸੇ ਦੀਆਂ ਤਾਰਾਂ ਨੂੰ ਵੱਟਕੇ ਰੱਸੀਆਂ ਬੀ ਬਣਾ ਲੈਂਦੇ ਹਨ। ਛੱਪਰਾਂ ਤੋਂ ਛੁੱਟ ਪੱਤੇ ਇਨ੍ਹਾਂ ਕੰਮਾਂ ਵਿਖੇ ਬੀ ਆਉਂਦੇ ਹਨ, ਜਾਮੇ ਵਾਕਰ ਇੱਕ ਵਸਤ੍ਰ ਬਣਾਉਂਦੇ ਹਨ, ਜਿਸ ਨੂੰ ਬਰਖਾ ਵਿਖੇ ਪਹਿਨਦੇ ਹਨ, ਤਾਂ ਰਤੀ ਨਹੀਂ ਭਿੱਜਦੇ। ਜਨੌਰਾਂ ਨੂੰ ਚਾਰੇ ਦੀ ਥਾਂ ਬੀ ਖੁਲਾਉਂਦੇ ਹਨ,ਕਿਉਂਕਿ ਉਨ੍ਹਾਂ ਨੂੰ ਬਹੁਤ ਭਾਉਂਦੇ ਹਨ, ਵੇਖਦੇ ਸਾਰ ਝੱਟ ਖਾ ਜਾਂਦੇ ਹਨ। ਪੱਤੇ



ਚੰਦ੍ਰਮਾਂ

MAYO SCHOOL OF ART, LAHORE.

ਸੜ ਗਲ ਕੇ ਤੂੜੀ ਬੀ ਬਣ ਜਾਂਦੇ ਹਨ, ਖੇਤਾਂ ਦੇ ਕੰਮ ਆਉਂਦੇ ਹਨ ॥

## ਚੰਦ੍ਰਮਾਂ

ਚੰਦ ਨੂੰ ਕੌਣ ਨਹੀਂ ਜਾਣਦਾ ? ਇਸ ਦੀ ਠੰਢੀ ਠੰਢੀ ਚਾਨਣੀ ਨਾਲ ਕਿਸਦਾ ਚਿੱਤ ਪ੍ਰਸੰਨ ਨਹੀਂ ਹੁੰਦਾ? *ਸੋਹੇ ਦੇ ਦਿਨ, ਤ੍ਰਿੱਖੀ ਧੁੱਪ ਜੋ ਤਨ ਅਤੇ ਮਨ ਵਿੱਚ ਅੱਗ ਭੜਕਾਉਂਦੀ ਹੈ, ਸੂਰਜ ਦੇ ਅਸਤ ਹੋਣ ਤੇ ਹੀ ਕੇਹੀ ਜਾਨ ਵਿੱਚ ਜਾਨ ਆ ਪੈਂਦੀ ਹੈ, ਪੰਜ ਪਹਾੜ ਦਿਨ ਕਿਸਤਰ੍ਹਾਂ ਤੜਫ ਤੜਫ ਕੇ ਕੱਟੀਦਾ ਹੈ, ਇਸ ਵੇਲੇ ਵਾਉ ਵਿਖੇ ਕੁਝ ਕੁਝ ਠੰਢਕ ਆਈ ਹੈ, ਤਾਂ ਰਤੀਕੁ ਚਿੱਤ ਠਿਕਾਣੇ ਆਇਆ ਹੈ। ਰਾਤ ਸਿਰ ਪੁਰ ਚਲੀ ਆਉਂਦੀ ਹੈ, ਨਾਲ ਹੀ ਉਸ ਦੇ ਚਾਨਣ ਕਰਨ ਨੂੰ ਪੁੰਨਯਾਂ ਦਾ ਚੰਦ੍ਰਮਾਂ ਭੀ ਨਿਕਲਦਾ ਆਉਂਦਾ ਹੈ, ਉਸਦੀ ਮੱਠੀ ਚਮਕ ਦਮਕ ਕੇਹੀ ਚੰਗੀ ਪ੍ਰਤੀਤ ਹੁੰਦੀ ਹੈ ॥

ਅਜੇਹਾ ਕੇਹੜਾ ਪੁਰਖ ਹੈ,ਜਿਸਨੇ ਚੰਦ ਨੂੰ ਘਟਦਾ ਵਧਦਾ ਦੇਖਿਆ ਨਾ ਹੋਵੇ ? ਪਹਿਲੀ ਰਾਤ ਨੂੰ ਪਤਲੀ ਜੇਹੀ ਧਾਰੀ ਦਿਸਦੀ ਹੈ, ਉਸਨੂੰ ਕਲਾ ਕਹਿੰਦੇ ਹਨ,ਫੇਰ

*ਗਰਮੀ ॥

ਦਿਨ ਦਿਨ ਵਧਦਾ ਜਾਂਦਾ ਹੈ, ਐਥੇ ਤਕ ਕਿ ਪੂਰਾ ਚੰਦ ਹੋ ਜਾਂਦਾ ਹੈ, ਉਸਨੂੰ ਪੂਰਣਮਾਂ ਦਾ ਚੰਦ ਕਹਿੰਦੇ ਹਨ। ਫੇਰ ਘਟਣ ਲਗਦਾ ਹੈ, ਓੜਕ ਨੂੰ ਘਟਦਾ ਘਟਦਾ ਇਕ ਦਿਨ ਵਖਾਲੀ ਬੀ ਨਹੀਂ ਦਿੰਦਾ। ਇਸ ਘਾਟੇ ਵੱਧੇ ਦਾ ਕਾਰਣ ਅਗਲੀ ਪੁਸਤਕ ਵਿਖੇ ਪੂਰਾ ਪੂਰਾ ਆਇਗਾ, ਪਰ ਜੇ ਧ੍ਯਾਨ ਨਾਲ ਪੜ੍ਹੋਗੇ, ਤਾਂ ਇਸ ਬ੍ਰਿਤਾਂਤ ਤੇ ਬੀ ਕੁਝ ਸਮਝ ਵਿੱਚ ਆ ਜਾਇਗਾ॥

ਆਓ! ਚੰਦ ਦੇ ਚੜ੍ਹਨ ਦੀ ਪਹਿਲੀ ਰਾਤ ਤੇ ਹੀ ਵਿਚਾਰ ਕਰੀਏ, ਕਿੱਦਰ ਨੂੰ ਦੇਖੀਏ, ਕਿ ਦਿੱਸੇ? ਪੱਛੋਂ ਵੱਲ ਜਿੱਥੇ ਅਜੇ ਹੁਣ ਸੂਰਜ ਅਸਤ ਹੋਇਆ ਹੈ, ਉਸ ਲਾਗੇ ਹੀ ਵੇਖੋ। ਕਿਉਂ! ਇੱਥੇ ਕਿਉਂ ਦੇਖੀਏ? ਗੱਲ ਇਹ ਹੈ,ਕਿ ਨਵਾਂ ਚੰਦ ਤੜਕੇ ਪੂਰਬ ਵਿਖੇ ਨਿਕਲਦਾ ਹੈ, ਅਤੇ ਸਾਰਾ ਦਿਨ ਭਰ ਪੱਛਮ ਦੀ ਵੱਲ ਜਾਂਦਾ ਪਰ-ਤੀਤ ਹੁੰਦਾ ਹੈ, ਦਿਨ ਨੂੰ ਕਦੇ ਨੇਤ ਨਾਲ ਹੀ ਵਿਖਾਲੀ ਦੇ ਜਾਂਦਾ ਹੈ, ਕਿਉਂਕਿ ਸੂਰਜ ਦਾ ਪ੍ਰਕਾਸ਼ ਬਹੁਤ ਤ੍ਰਿਖਾ ਹੁੰਦਾ ਹੈ, ਉਸ ਕਰਕੇ ਮਾਤ ਪਿਆ ਰਹਿੰਦਾ ਹੈ, ਦੀਵਾ ਬੀ ਧੁੱਪ ਵਿਖੇ ਥੋੜ੍ਹੀ ਦੂਰਤਕ ਰੱਖਿਆ ਜਾਵੇ,ਤਾਂਉਸਦੀ ਲੋ ਔਖੀ ਦਿਸਦੀ ਹੈ,ਪਰ ਦੂਰਬੀਨ ਨਾਲ ਦਿਨ ਨੂੰ ਬੀ, ਜਦ ਚਾਹੋ, ਇਸ ਚੰਨ ਨੂੰ ਦੇਖ ਸਕਦੇ ਹੋ। ਅੱਗੇ ਅੱਗੇ

ਸੂਰਜ ਮਲੂਮ ਹੁੰਦਾ ਾ, ਪਿੱਛੇ ਚੰਦ, ਜਦ ਸੂਰਜ ਅਸਤ ਹੋ ਜਾਂਦਾ ਹੈ, ਤਾਂ ਚੰਦ ਪੱਛਮ ਵਿਖੇ ਵਿਖਾਲੀ ਦਿੰਦਾ ਹੈ। ਇਹ ਚੰਦ ਪਤਲੀ ਫਾੜੀ ਵਾਕਰ ਜਾਪਦਾ ਹੈ, ਅਤੇ ਥੋੜ ਹੀ ਚਿਰ ਵਿੱਚ ਲੁਕ ਜਾਂਦਾ ਹੈ। ਹੁਣ ਦੂਜੇ ਦਿਨ ਸਵੇਰ ਨੂੰ ਕੋਈ ਪੌਣੇ ਘੰਟੇ ਮਗਰੋਂ ਨਿਕਲੇਗਾ,ਅਤੇ ਇਸੇ ਲਈ ਸੰਧਯਾਤਕ ਉੱਨੀ ਵਾਟ ਮੁਕਾ ਨਹੀਂ ਸੱਕੇਗਾ, ਜਿੱਨੀ ਕੱਲ੍ਹ ਮੁਕਾਈ ਸੀ, ਇੱਸੇ ਲਈ ਜਿੱਥੇ ਕੱਲ੍ਹ ਦਿਸਦਾ ਸਾ, ਅੱਜ ਉੱਥੋਂ ਕੁਝ ਉੱਚਾ ਹੋਇਗਾ, ਅਤੇ ਇਸ ਲਈ, ਕਿ ਅਜੇ ਬਹੁਤ ਰਾਹ ਕੱਟਣਾ ਬਾਕੀ ਹੈ, ਇੱਸੇ ਲਈ ਕੱਲ੍ਹ ਨਾਲੋਂ ਅੱਜ ਦੇਰ ਨਾਲ ਅਸਤ ਹੋਇਗਾ। ਦੂਜਾ ਏਹ ਭੇਦ ਹੋ ਜਾਇਗਾ, ਕਿ ਅੱਜ ਦੀ ਫਾੜੀ ਕੱਲ੍ਹ ਦੀ ਨਾਲੋਂ ਵੱਡੀ ਹੋਇਗੀ। ਹੁਣ ਚੰਦ੍ਰਮਾ ਹਰ ਦਿਨ ਅਵੇਰ ਕਰਕੇ ਚੜ੍ਹਿਆ ਕਰੇਗਾ, ਇੱਸੇ ਲਈ ਜਾਂ ਸੰਧਯਾ ਵੇਲੇ ਪੱਛੋਂ ਵੱਲ ਦੇਖੋਗੇ ਤਾਂ ਵਧੀਕ ਉੱਚਾ ਜਾਪੇਗਾ, ਐਥੇ ਤਕ ਕਿ ਇੱਕ ਦਿਨ ਪੂਰਬ ਅਤੇ ਪੱਛੋਂ ਦੇ ਵਿਚਕਾਰ ਸਿਰ ਪੁਰ ਦਿੱਸੇਗਾ, ਅਰਥਾਤ, ਜਿੱਥੇ ਸਿਖਰ ਦੁਪ-ਹਿਰ ਵੇਲੇ ਸੂਰਜ ਦਿਸਦਾ ਹੈ, ਇਸ ਵੇਲੇ ਚੰਦ ਅੱਧਾ ਦਿਖਲਾਈ ਦੇਵੇਗਾ, ਅਤੇ ਅੱਧੀ ਰਾਤ ਬੀਤਿਆਂ ਅਸਤ ਹੋਇਗਾ॥

ਇਸਦੇ ਮਗਰੋਂ ਬੀ ਦਿਨ ਦੇ ਵੇਲੇ ਦਿਨ ਦਿਨ ਅਵੇਰ ਹੀ ਕਰਕੇ ਨਿਕਲਦਾ ਰਹੇਗਾ, ਅਤੇ ਹਰ ਦਿਨ ਸੰਧਯਾ ਦੇ ਸਮਯ ਪੂਰਬ ਨੂੰ ਝੁਕਦਾ ਜਾਇਗਾ, ਅਤੇ ਅੰਤ ਨੂੰ ਇੱਕ ਉਹ ਦਿਹਾੜਾ ਹੋਇਗਾ, ਕਿ ਇੱਧਰ ਸੂਰਜ ਪੱਛਮ ਵਿਖੇ ਅਸਤ ਹੋਇਆ, ਓਧਰ ਚੰਦ ਪੂਰਬ ਤੇ ਉਦਯ ਹੋਇਆ, ਇਸ ਦਿਨ ਚੰਦ ਪੂਰਾ ਹੋਇਗਾ, ਅਤੇ ਸਾਰੀ ਰਾਤ ਦਿੱਸੇਗਾ, ਸਵੇਰ ਨੂੰ ਜਿਸ ਵੇਲੇ ਸੂਰਜ ਪੂਰਬ ਤੇ ਨਿਕਲੇਗਾ, ਚੰਦ ਪੱਛਮ ਵਿਖੇ ਲੁਕ ਜਾਇਗਾ॥

ਪਹਿਲਾਂ ਚੰਦ ਸਵੇਰ ਨੂੰ ਅਵੇਰ ਕਰਕੇ ਨਿਕ-ਲਦਾ ਹੈ, ਹੁਣ ਸੰਧਯਾ ਨੂੰ ਦਿਨ ਦਿਨ ਅਵੇਰ ਕਰਕੇ ਨਿਕਲੇਗਾ, ਅਤੇ ਹਰ ਦਿਨ ਘਟਦਾ ਜਾਇਗਾ, ਥੋੜਿਆਂ ਦਿਨਾਂ ਵਿਖੇ ਅੱਧਾ ਰੈਹ ਜਾਇਗਾ, ਅਤੇ ਇਹ ਅੱਧੀ ਰਾਤ ਦੇ ਲਗ ਭਗ ਨਿਕਲੇਗਾ, ਪਰ ਹੁਣ ਬੀ ਅਵੇਰ ਹੀ ਕਰਕੇ ਨਿਕਲਦਾ ਰਹੇਗਾ, ਅਤੇ ਘਟਦਾ੨ ਐਂਨਾ ਰਹਿ ਜਾਇ-ਗਾ ਕਿ ਇੱਕ ਦਿਨ ਸੂਰਜ ਉਦਯ ਤੇ ਕੁਝ ਪਹਿਲਾਂ ਇੱਕ ਪਤਲੀ ਜੇਹੀ ਫਾੜੀ ਪੂਰਬ ਵਿਖੇ ਨਿਕਲੀ ਹੋਈ ਵਿਖਾਈ ਦੇਵੇਗੀ, ਅਤੇ ਸੂਰਜ ਨਿਕਲਦੇ ਹੀ ਦਿੱਸਣੋ ਰਹ ਜਾਇਗੀ, ਭਾਵੇਂ ਇਹ ਫਾੜੀ ਸੂਰਜ ਦੇ

ਨਿਕਲਨ ਤੇ ਮਗਰੋਂ ਬਹੁਤੀ ਦਿਖਾਈ ਨਹੀਂ ਦਿੰਦੀ, ਪਰ ਅਕਾਸ਼ ਵਿਖੇ ਹੀ ਹੁੰਦੀ ਹੈ, ਜੇ ਇਸਨੂੰ ਦੂਰਬੀਨ ਨਾਲ ਦੇਖੋ, ਤਾਂ ਪੱਛਮ ਦੀ ਵੱਲ ਨੂੰ ਜਾਂਦੀ ਦਿੱਸੇਗੀ, ਅਤੇ ਸੂਰਜ ਤੋਂ ਪਹਿਲਾਂ ਹੀ ਪੱਛਮ ਵਿਖੇ ਪਹੁੰਚਕੇ ਉੱਥੇ ਹੀ ਅਸਤ ਹੋ ਜਾਇਗੀ । ਫੇਰ ਘਟਦੀ ਘਟਦੀ ਬਹੁਤ ਪਤਲੀ ਹੋ ਜਾਇਗੀ, ਅੰਤ ਨੂੰ ਦਿਖਾਈ ਬੀ ਨਹੀਂ ਦੇਵਗੀ । ਹੁਣ ਚੰਦ ਕੇਈਆਂ ਰਾਤਾਂ ਤਕ ਨਹੀਂ ਦਿੱਸੇਗਾ, ਅਤੇ ਲੋਕ ਵੱਡੇ ਚਾਉ ਨਾਲ ਨਵੇਂ ਚੰਦ ਨੂੰ ਦੇਖਨ ਦੀ ਰਾਹ ਤੱਕਣਗੇ ॥

ਚੰਦ ਖੇਹਨੂੰ ਦੀ ਤਰ੍ਹਾਂ ਗੋਲ ਹੈ, ਅਤੇ ਧਰਤੀਓਂ ਲਗ ਭਗ ਢਾਈਆਂ ਲੱਖਾਂ ਮੀਲਾਂ ਦੀ ਵਿੱਥ ਪੁਰ ਹੈ, ਜਿੰਨਾਂ ਦਿਸਦਾ ਹੈ, ਅਸਲੋਂ ਉੱਨਾਂ ਹੀ ਨਹੀਂ ਹੁੰਦਾ, ਪਰ ਬਹੁਤ ਵੱਡਾ ਹੁੰਦਾ ਹੈ, ਅਰਥਾਤ ਛੇ ਹਜਾਰ ਮੀਲ ਦੇ ਲਗਭਗ ਘੇਰਾ ਹੈ, ਤੁਸੀਂ ਵੱਡਾ ਅਸਚਰਜ ਕਰੋਗੇ, ਕਿ ਇਹ ਐੱਨਾ ਵੱਡਾ ਹੈ, ਅਤੇ ਸਾਨੂੰ ਨਿੱਕਾ ਜੇਹਾ ਕਿਉਂ ਦਿਸਦਾ ਹੈ? ਗੱਲ ਇਹ ਹੈ ਕਿ ਦੂਰੋਂ ਹਰ ਵਸਤ ਨਿੱਕੀ ਜਾਪਦੀ ਹੈ, ਦੇਖੋ ਬੁਰਜ ਕੇਡੇ ਵੱਡੇ ਹੁੰਦੇ ਹਨ, ਅਤੇ ਇੱਕ ਅੱਧ ਮੀਲ ਜਾਕੇ ਤਾਰੇ ਜੇਹੇ ਦਿੱਸਨ ਲਗਦੇ ਹਨ, ਅਤੇ ਗੁੱਡੀਆਂ ਪੁਰ ਧਜਾਨ ਕਰੋ ਉੱਪਰ ਜਾ ਕੇ

ਕੇਹੀਆਂ ਨਿੱਕੀਆਂ ਜਾਪਦੀਆਂ ਹਨ। ਇਸ ਤੇ ਚੰਗਾ ਪ੍ਰਸਿੱਧ ਹੈ, ਕਿ ਜੇ ਚੰਦ ਬਹੁਤ ਹੀ ਵੱਡਾ ਨ ਹੁੰਦਾ, ਤਾਂ ਢਾਈਆਂ ਲੱਖਾਂ ਮੀਲਾਂ ਦੀ ਵਿੱਥ ਪੁਰੋਂ ਮੁੱਢੋਂ ਦਿਖਾਈ ਨਾ ਦਿੰਦਾ॥

ਚੰਦ ਵਿਖੇ ਧੱਬੇ ਜੇਹੇ ਦਿਸਦੇ ਹਨ, ਤੁਸੀਂ ਜਾਣਦੇ ਹੋ ਓਹ ਕੀ ਹਨ ? ਤੁਸਾਂ ਬੁੱਢੀਆਂ ਕੋਲੋਂ ਸੁਣਿਆ ਹੋਇਗਾ ਕਿ ਚੰਦ ਦੀ ਮਾਉਂ ਬੈਠੀ ਚਰਖਾ ਕੱਤ ਰਹੀ ਹੈ, ਪਰ ਸੱਚ ਵਿੱਚ ਇਹ ਚੰਦ ਦੀ ਮਾਂ ਨਹੀਂ ਹੈ, ਘਾਟੀਆਂ ਅਤੇ ਪਹਾੜ ਹਨ, ਏਹ ਵੱਡੀਆਂ ਵੱਡੀਆਂ ਦੂਰਬੀਨਾਂ ਨਾਲ ਚੰਗੀ ਤਰ੍ਹਾਂ ਦਿਸਦੇ ਹਨ, ਏਹ ਨਿਰੇ ਪੁਰੇ ਸੁੱਕੇ ਪਏ ਹਨ, ਨਾ ਇਨ੍ਹਾਂ ਵਿਖੇ ਫਲ ਅਤੇ ਫੁਲ ਹੁੰਦੇ ਹਨ, ਨਾ ਕਿਸੇ ਪ੍ਰਕਾਰ ਦੇ ਰੁੱਖ ਯਾ ਘਾ, ਇਸਦਾ ਇਹ ਕਾਰਣ ਹੈ, ਕਿ ਚੰਦ ਵਿਖੇ ਜਲ ਨਹੀਂ ਹੈ, ਨਾ ਉੱਥੇ ਸਮੁੰਦਰ ਹੀ ਹ, ਨਾ ਛੰਭ, ਨਾ ਨਦੀਆਂ ਨਾਲੇ, ਨਾ ਉੱਥੇ ਬਰਖਾ ਹੁੰਦੀ ਹੈ, ਨਾ ਬੱਦਲ ਹੁੰਦੇ ਹਨ, ਜੇ ਤੁਸੀਂ ਚੰਦ ਪੁਰ ਜਾ ਬੀ ਸੱਕਦੇ, ਤਾਂ ਉੱਥੇ ਪੁੱਜਕੇ ਇਕ ਪਲ ਬੀ ਜੀਉਂਦੇ ਨਾ ਰਹਿੰਦੇ, ਕਿਉਂਕਿ ਉੱਥੇ ਵਾਯੂ ਬੀ ਨਹੀਂ ਹੈ॥

---

॥ ਦੋਹਿਰਾ ॥

ਸੰਨ ਉਕਾਸੀ ਵਿੱਚਇਹ, ਮਾਹ ਮਈ ਲੇ ਭਾਲ ।
ਉਰਦੂ ਤੋਂ ਉਲਟਾ ਧਰੀ, ਪੁਰੀ ਬਿਹਾਰੀ ਲਾਲ ॥